ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 19 | Issue 91 | 4 Oct. to 10 Oct., 2023 | Ph.: (510) 240-5949 | Email: asrtimes@gmail.com

# 'ਪੰਜਾਬ ਦੀ ਸਿਆਸਤ' 'ਚ ਬਦਲਾਓ ਦੀ ਥਾਂ 'ਸਿਆਸੀ ਸ਼ਰੀਕੇਬਾਜ਼ੀ' ਵਧੀ



## ਕੀ ਪੰਜਾਬ ਦੀ ਅਫ਼ਸਰ-ਸ਼ਾਹੀ ਬਣੀ ਸੱਤਾਧਾਰੀ ਧਿਰ ਦਾ ਮੋਹਰਾ ?

- ਕੀ 'ਦਾਦਾਗਿਰੀ' ਸੋਚ ਵੱਲ ਪਰਤ ਰਹੀ ਹੈ ਪੰਜਾਬ ਪੁਲਿਸ ?
- ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫ਼ਤਾਰੀ ਨੇ ਵੀ ਖੜ੍ਹੇ ਕੀਤੇ ਕਈ ਸਵਾਲ

ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਵਿੱਚ ਬਦਲਾਓ ਲਿਆਉਣ ਦਾ ਨਾਅਰਾ ਲਗਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਦੌਰਾਨ ਬਦਲਾਓ ਆਉਣ ਦੀ ਥਾਂ ਸਿਆਸਤ ਵਿੱਚ ਸਿਆਸੀ ਸ਼ਰੀਕੇਬਾਜ਼ੀ ਵੱਧ ਰਹੀ ਹੈ। ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਅਤੇ ਇੱਕ ਐਸ. ਐਸ. ਪੀ. ਵਿਚਾਲੇ ਹੋਏ ਵਿਵਾਦ ਤੋਂ ਬਾਅਦ ਇਹ ਚਰਚਾ ਵੀ ਹੋ ਰਹੀ ਹੈ ਕਿ ਪੰਜਾਬ ਦੀ ਅਫ਼ਸਰਸ਼ਾਹੀ ਅਜੇ ਵੀ ਮੌਜੂਦਾ ਸਰਕਾਰ ਦੇ ਕੰਟਰੋਲ ਹੇਠ ਨਹੀਂ ਆਈ, ਬਾਕੀ ਅਸਲੀਅਤ ਕੀ ਹੈ ਇਹ ਤਾਂ ਦੋਵੇਂ ਧਿਰਾਂ ਹੀ ਜਾਣਦੀਆਂ ਹੋਣਗੀਆਂ।

ਇਸ ਤੋਂ ਇਲਾਵਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖ਼ਹਿਰਾ ਨੂੰ ਵੀ ਪੰਜਾਬ ਪੁਲਿਸ ਵੱਲੋਂ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ ਕਰਨ ਨੇ ਨਵੀਂ ਸਿਆਸੀ ਚਰਚਾ ਛੇੜ ਦਿੱਤੀ ਹੈ। ਇਸ ਤੋਂ ਬਾਅਦ ਪੰਜਾਬ ਕਾਂਗਰਸ ਖਹਿਰਾ ਦੇ ਪੱਖ ਵਿੱਚ ਆ ਗਈ ਹੈ।

ਸੁਖਪਾਲ ਸਿੰਘ ਖ਼ਹਿਰਾ ਸਭ ਤੋਂ ਪਹਿਲਾਂ ਕਾਂਗਰਸ ਪਾਰਟੀ ਦਾ ਹਿੱਸਾ ਬਣੇ ਸਨ ਅਤੇ 2007 ਵਿੱਚ ਵਿਧਾਇਕ ਚੁਣੇ ਗਏ ਸਨ। ਫਿਰ ਸਾਲ 2015 ਵਿੱਚ ਉਹ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਉਹ ਆਮ ਆਦਮੀ ਪਾਰਟੀ ਵਿੱਚ



ਵਿਰੋਧੀ ਧਿਰ ਦੇ ਨੇਤਾ ਵੀ ਸਨ। 2019 ਵਿੱਚ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿਣ ਤੋਂ ਬਾਅਦ ਖਹਿਰਾ ਨੇ ਪੰਜਾਬ ਏਕਤਾ ਪਾਰਟੀ ਨਾਮ ਦੀ ਆਪਣੀ ਸਿਆਸੀ ਪਾਰਟੀ ਬਣਾਈ। ਖਹਿਰਾ ਨੇ 2019 ਵਿੱਚ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਲੋਕ ਸਭਾ ਚੋਣ ਵੀ ਲੜੀ ਸੀ ਤੇ ਪਾਰਟੀਓਂ ਪਾਰਟੀ ਹੁੰਦੇ ਹੋਏ

(ਬਾਕੀ ਸਫ਼ਾ 29 'ਤੇ)

## ਖਹਿਰਾ ਖ਼ਿਲਾਫ਼ ਕੀ ਹੈ ਮਾਮਲਾ ?



ਪੰਜਾਬ ਪੁਲਿਸ ਨੇ ਕਾਂਗਰਸ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ 8 ਸਾਲ ਪੁਰਾਣੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ। ਸੁਖਪਾਲ ਖਹਿਰਾ ਖ਼ਿਲਾਫ਼ ਜਲਾਲਾਬਾਦ ਪੁਲਿਸ ਦੀ ਕਾਰਵਾਈ 2015 ਦੇ ਫਾਜ਼ਿਲਕਾ (ਪੰਜਾਬ) ਦੇ ਨਸ਼ਾ ਤਸਕਰੀ ਮਾਮਲੇ ਨਾਲ ਸਬੰਧਿਤ ਹੈ, ਜਿਸ ਵਿੱਚ ਸੁਰੱਖਿਆ ਏਜੰਸੀਆਂ ਨੇ ਅੰਤਰਰਾਸ਼ਟਰੀ ਸਮਗਲਰਾਂ ਦੇ ਇੱਕ ਗਿਰੋਹ ਤੋਂ 1800 ਗ੍ਰਾਮ ਹੈਰੋਇਨ, 24 ਸੋਨੇ ਦੇ ਬਿਸਕੁਟ, ਦੋ ਹਥਿਆਰ, 26 ਕਾਰਤੂਸ ਅਤੇ ਦੋ ਪਾਕਿਸਤਾਨੀ ਸਿਮ ਕਾਰਡ ਬਰਾਮਦ ਕੀਤੇ ਗਏ ਹਨ। ਪੰਜਾਬ ਪੁਲਿਸ ਨੇ ਖ਼ਹਿਰਾ ਦੀ ਗ੍ਰਿਫ਼ਤਾਰੀ ਨੂੰ ਇਸ ਡਰੱਗ ਮਾਮਲੇ ਨਾਲ ਜੋੜਿਆ ਹੈ। ਖਹਿਰਾ 'ਤੇ ਆਪਣੇ ਨਿੱਜੀ ਸਕੱਤਰ ਦੇ ਫ਼ੋਨ ਰਾਹੀਂ ਤਸਕਰਾਂ ਨਾਲ ਗੱਲ ਕਰਨ ਦਾ ਦੋਸ਼ ਹੈ।

## ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਜਾਰੀ ਰਹੇਗੀ : ਭਗਵੰਤ ਮਾਨ



ਭਗਵੰਤ ਮਾਨ ਦਾ ਕਹਿਣਾ ਹੈ ਕਿ ਉਹਨਾਂ ਦੀ ਪਾਰਟੀ ਨੇ ਚੋਣਾਂ ਦੌਰਾਨ ਪੰਜਾਬੀਆਂ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦਾ ਵਾਅਦਾ ਕੀਤਾ ਸੀ, ਜਿਸ ਨੂੰ ਉਹਨਾਂ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਉਹ ਆਪਣੇ ਮੰਤਰੀ ਮੰਡਲ ਦੇ ਇੱਕ ਮੰਤਰੀ ਵਿਰੁੱਧ ਵੀ ਕਾਰਵਾਈ ਕਰ ਸਕਦੇ ਹਨ। ਭਗਵੰਤ ਮਾਨ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੌਰਾਨ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਭਾਵੇਂ ਕਿ ਦੋਸ਼ੀ ਕਿੰਨੀ ਵੀ ਪਹੁੰਚ ਕਿਉਂ ਨਾ ਰਖਦਾ ਹੋਵੇ। ਸਾਰੇ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਕਾਂਗਰਸ ਨੇਤਾਵਾਂ ਖ਼ਿਲਾਫ਼ ਕਾਰਵਾਈ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇਤਾਵਾਂ ਨੇ ਇੱਕ ਦੂਜੇ 'ਤੇ ਨਿਸ਼ਾਨਾ ਸਾਧਣਾ ਸ਼ੁਰੂ ਕਰ ਦਿੱਤਾ ਹੈ।

## ਕਈ ਸਿਆਸੀ ਆਗੂਆਂ ਖ਼ਿਲਾਫ਼ ਹੋਏ ਮਾਮਲੇ ਦਰਜ

ਪੰਜਾਬ ਵਿੱਚ ਜਦੋਂ ਤੋਂ ਭਗਵੰਤ ਮਾਨ ਦੀ ਅਗਵਾਈ ਵਿੱਚ ਆਪ ਸਰਕਾਰ ਹੋਂਦ ਵਿੱਚ ਆਈ ਹੈ, ਇਸ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦੇ ਨਾਮ 'ਤੇ ਵੱਖ ਵੱਖ ਸਿਆਸੀ ਆਗੂਆਂ ਖ਼ਿਲਾਫ਼ ਮਾਮਲੇ ਦਰਜ਼ ਕੀਤੇ / ਕਰਵਾਏ ਗਏ ਹਨ। ਪੰਜਾਬ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਉਪ ਮੁੱਖ ਮੰਤਰੀ ਓ.ਪੀ.ਸੋਨੀ, ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਭਾਰਤ ਭੂਸ਼ਣ ਆਸ਼ੂ, ਵਿਜੇ ਇੰਦਰ ਸਿੰਗਲਾ, ਸੰਗਤ ਸਿੰਘ ਗਿਲਜੀਆਂ, ਬ੍ਰਹਮ ਮਹਿੰਦਰਾ, ਬਲਬੀਰ ਸਿੰਘ ਸਿੱਧੂ, ਸ਼ਾਮ ਸੁੰਦਰ ਅਰੋੜਾ, ਗੁਰਪ੍ਰੀਤ ਸਿੰਘ ਕਾਂਗੜ, ਸੁਖਪਾਲ ਸਿੰਘ ਖ਼ਹਿਰਾ ਅਤੇ ਮਨਪ੍ਰੀਤ ਬਾਦਲ ਵਰਗੇ ਆਗੂਆਂ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਦਰਜ ਕੀਤੇ ਗਏ ਹਨ।

## ਮਨਪ੍ਰੀਤ ਬਾਦਲ 'ਤੇ ਵੀ ਲਟਕੀ ਗ੍ਰਿਫ਼ਤਾਰੀ ਦੀ ਤਲਵਾਰ



ਵਿਜੀਲੈਂਸ ਵੱਲੋਂ ਮਨਪ੍ਰੀਤ ਬਾਦਲ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 409, 420, 467, 468, 471, 120, 66 ਤਹਿਤ ਐਫਆਈਆਰ ਦਰਜ ਕੀਤੀ ਗਈ ਹੈ। ਵਿਜੀਲੈਂਸ ਬਿਊਰੋ ਨੇ ਸਾਬਕਾ ਵਿਧਾਇਕ ਸਰੂਪ ਚੰਦ ਵੱਲੋਂ 2021 ਵਿੱਚ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਵਿਜੀਲੈਂਸ ਨੇ ਪਿਛਲੇ ਕਈ ਮਹੀਨਿਆਂ ਤੋਂ ਮਾਡਲ ਟਾਊਨ 'ਚ ਪਲਾਟ ਖਰੀਦਣ ਦੇ ਮਾਮਲੇ 'ਚ ਮਨਪ੍ਰੀਤ ਬਾਦਲ ਖ਼ਿਲਾਫ਼ ਲੁੱਕ ਆਊਟ ਸਰਕੂਲਰ (ਐੱਲ.ਓ.ਸੀ.) ਜਾਰੀ ਕਰਨ ਤੋਂ ਬਾਅਦ ਵਿਜੀਲੈਂਸ ਨੂੰ ਸ਼ੱਕ ਹੈ ਕਿ ਮਨਪ੍ਰੀਤ ਬਾਦਲ ਵਿਦੇਸ਼ ਜਾਣ ਦੀ ਯੋਜਨਾ ਬਣਾ ਰਿਹਾ ਹੈ।

# ਗ੍ਰੰਥੀ ਸਿੰਘ ਵੱਲੋਂ ਕੀਤੀ ਅਰਦਾਸ ਨਾਲ ਸ਼ੁਰੂ ਹੋਈ ਅਮਰੀਕੀ ਪ੍ਰਤੀਨਿਧੀ ਸਭਾ ਦੀ ਕਾਰਵਾਈ, ਬਣਿਆ ਨਵਾਂ ਇਤਿਹਾਸ







ਵਾਸ਼ਿੰਗਟਨ/ਏ.ਟੀ.ਨਿਊਜ਼ ਅਮਰੀਕਾ ਵਿੱਚ ਨਿਊਜਰਸੀ ਦੇ ਇੱਕ ਸਿੱਖ ਗ੍ਰੰਥੀ ਨੇ ਹਾਊਸ ਆਫ਼ ਰਿਪ੍ਰਜ਼ੈਂਟੇਟਿਵ ਦੀ ਕਾਰਵਾਈ ਸ਼ੁਰੂ ਕਰਨ ਲਈ ਅਰਦਾਸ ਕੀਤੀ, ਜੋ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਨਿਊਜਰਸੀ ਦੇ ਪਾਈਨ ਹਿੱਲ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸਦਨ ਵਿੱਚ ਅਰਦਾਸ ਕਰਕੇ ਦਿਨ ਦੀ ਕਾਰਵਾਈ ਸ਼ੁਰੂ ਕੀਤੀ। ਆਮ ਤੌਰ 'ਤੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਪਾਦਰੀ ਪ੍ਰਾਰਥਨਾ ਕਰਦਾ ਹੈ। ਸਦਨ ਦੇ ਸਪੀਕਰ ਕੇਵਿਨ ਮੈਕਕਾਰਥੀ ਨੇ ਐਲਾਨ ਕੀਤਾ ਕਿ ਸਿੰਘ ਕਾਰਵਾਈ ਸ਼ੁਰੂ ਕਰਨਗੇ।ਅਰਦਾਸ ਤੋਂ ਤੁਰੰਤ ਬਾਅਦ ਕਾਂਗਰਸਮੈਨ ਡੋਨਾਲਡ ਨੌਰਕਰੌਸ ਨੇ ਇਸ ਨੂੰ ਇਤਿਹਾਸਕ ਮੌਕਾ ਦੱਸਿਆ। ਸਿੰਘ ਅਮਰੀਕਾ ਦੇ ਪ੍ਰਤੀਨਿਧੀ ਸਭਾ (ਸੰਸਦ ਦੇ ਹੇਠਲੇ ਸਦਨ) ਵਿੱਚ ਅਰਦਾਸ ਕਰਨ ਵਾਲੇ ਪਹਿਲੇ ਸਿੱਖ ਗ੍ਰੰਥੀ ਹਨ। ਨੌਰਕਰੌਸ ਨੇ ਕਿਹਾ ਕਿ ਅੱਜ ਰਚਿਆ ਗਿਆ ਇਤਿਹਾਸ ਇਹ ਯਾਦ ਦਿਵਾਉਂਦਾ ਹੈ ਕਿ ਅਮਰੀਕਾ ਧਰਮ ਦੇ ਸੁਤੰਤਰ ਪ੍ਰਗਟਾਵੇ ਦਾ ਸੁਆਗਤ ਕਰਦਾ ਹੈ ਅਤੇ ਉਸ ਨੂੰ ਅਹਿਮੀਅਤ ਦਿੰਦਾ ਹੈ ਅਤੇ ਹਮੇਸ਼ਾ ਇਸ ਲਈ ਵਚਨਬੱਧ ਰਹੇਗਾ। ਗਿਆਨੀ ਸਿੰਘ ਨੇ ਅੱਜ ਸਾਊਥ ਜਰਸੀ ਨੂੰ ਮਾਣ ਮਹਿਸੂਸ ਕਰਾਇਆ ਹੈ ਅਤੇ ਉਨ੍ਹਾਂ ਨਾਲ ਇਸ ਪਲ ਦਾ ਹਿੱਸਾ ਬਣਨਾ ਮਾਣ ਵਾਲੀ ਗੱਲ ਹੈ।

# ਭਾਈ ਖੰਡਾ ਦੀ ਮੌਤ ਦੇ ਕਾਰਨਾਂ ਦੀ ਜਾਂਚ ਲਈ ਇੰਗਲੈਂਡ ਵਿੱਚ ਉੱਠਿਆ ਮੁੱਦਾ

## ਇੰਗਲੈਂਡ ਦੇ ਸਿੱਖ, ਪ੍ਰਧਾਨ ਮੰਤਰੀ ਸੂਨਕ ਤੋਂ ਨਿਰਾਸ਼

ਲੰਡਨ/ਏ.ਟੀ.ਨਿਊਜ਼: ਭਾਈ ਅਵਤਾਰ ਸਿੰਘ ਖੰਡਾ ਦੀ 15 ਜੂਨ ਨੂੰ ਹੋਈ ਮੌਤ ਨੂੰ ਲੈ ਕੇ ਸਿੱਖ ਹਲਕਿਆਂ 'ਚ ਸ਼ੰਕੇ ਪਾਏ ਜਾ ਰਹੇ ਹਨ । ਭਾਵੇਂ ਕਿ ਪੁਲਿਸ ਅਤੇ ਡਾਕਟਰਾਂ ਵੱਲੋਂ ਮੌਤ ਦਾ ਕਾਰਨ ਬਲੱਡ ਕੈਂਸਰ ਦੱਸਿਆ ਗਿਆ ਹੈ ਪਰ ਇਸ ਦੇ ਨਾਲ ਹੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੈਂਸਰ ਕਾਰਨ ਕੁਝ ਦਿਨਾਂ ਵਿੱਚ ਕਿਸੇ ਦੀ ਮੌਤ ਨਹੀਂ ਹੋ ਸਕਦੀ। ਸਿੱਖ ਜੱਥੇਬੰਦੀਆਂ ਵੱਲੋਂ ਇਹ ਵੀ ਸ਼ੰਕਾ ਕੀਤਾ ਜਾ ਰਿਹਾ ਹੈ ਕਿ ਕਿਤੇ ਲਾਹੌਰ ਵਿੱਚ ਖ਼ਾਲਿਸਤਾਨੀ ਖਾੜਕੂ ਪਰਮਜੀਤ ਸਿੰਘ ਪੰਜਵੜ ਅਤੇ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਕੜੀ ਭਾਈ ਖੰਡਾ ਨਾਲ ਵੀ ਤਾਂ ਨਹੀਂ ਜੁੜ ਰਹੀ ।

ਹਾਲਾਂਕਿ, ਵੈਸਟ ਮਿਡਲੈਂਡਜ਼ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਸ ਮਾਮਲੇ ਦੀ ਚੰਗੀ ਤਰ੍ਹਾਂ ਸਮੀਖਿਆ ਕੀਤੀ ਹੈ ਅਤੇ ਕੋਈ ਵੀ ਸ਼ੱਕੀ ਹਾਲਾਤ ਸਾਹਮਣੇ ਨਹੀਂ ਆਏ। ਇਸ ਲਈ ਦੁਬਾਰਾ ਜਾਂਚ ਕਰਨ ਦੀ ਕੋਈ ਲੋੜ ਨਹੀਂ ਹੈ।

ਪਰ ਬ੍ਰਿਟਿਸ਼ ਸਿੱਖ ਲੰਬੇ ਸਮੇਂ ਤੋਂ ਗੈਰ-ਜ਼ਰੂਰੀ ਦਬਾਅ ਮਹਿਸੂਸ ਕਰਨ ਦੀ ਗੱਲ ਕਰਦੇ ਰਹੇ ਹਨ, ਕਿਉਂਕਿ ਭਾਰਤ ਸਰਕਾਰ ਨੇ ਖੁੱਲ੍ਹੇਆਮ ਮੰਗ ਕੀਤੀ ਹੈ ਕਿ ਯੂਕੇ ਦੇ ਅਧਿਕਾਰੀ, ਭਾਈਚਾਰੇ ਅੰਦਰ ਕੱਟੜਵਾਦ ਨੂੰ ਠੱਲ੍ਹ ਪਾਉਣ ਲਈ ਹੋਰ ਕੁਝ ਕਰਨ। ਸਿੱਖ ਫੈਡਰੇਸ਼ਨ ਯੂ. ਕੇ. ਦੇ ਬੁਲਾਰੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਯੂ. ਕੇ. ਵਿੱਚ ਸਿੱਖ ਭਾਈਚਾਰਾ ਸਿੱਖ ਕਾਰਕੁੰਨਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੈ ਅਤੇ ਯੂ. ਕੇ. ਸਰਕਾਰ ਤੋਂ ਸਿੱਖ ਆਗੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਬਾਰੇ ਪੁੱਛਿਆ ਜਾ ਰਿਹਾ ਹੈ । ਭਾਈ ਖੰਡਾ ਦੀ ਮੌਤ ਬਾਰੇ ਹੁਣ ਲੰਡਨ ਮੁਜ਼ਾਹਰੇ ਤੋਂ ਪਹਿਲਾਂ ਬਰੈਸਟਰ ਮਾਈਕਲ ਪੁਲਕ ਵਲੋਂ ਪ੍ਰੈੱਸ ਕਾਨਫਰੰਸ ਕਰਕੇ ਭਾਈ ਖੰਡਾ ਦੀ ਮੌਤ ਦੀ ਜਾਂਚ ਲਈ ਚੀਫ ਕੋਰੋਨਰ ਕੋਲ ਦਾਇਰ ਕੀਤੀ ਅਰਜ਼ੀ ਬਾਰੇ ਜਾਣਕਾਰੀ ਦੇਣਗੇ ।



### ਸਿੱਖ ਯੂ.ਕੇ. ਸਰਕਾਰ ਤੋਂ ਨਰਾਜ਼

ਬ੍ਰਿਟੇਨ ਵਿੱਚ ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਜੌਹਲ ਕਹਿੰਦੇ ਹਨ ਕਿ ਜਸਟਿਨ ਟਰੂਡੋ ਨੇ ਭਾਈ ਹਰਦੀਪ ਸਿੰਘ ਨਿੱਝਰ ਬਾਰੇ ਸਹੀ ਸਟੈਂਡ ਲਿਆ। ਕੈਨੇਡੀਅਨ ਪ੍ਰਧਾਨ ਮੰਤਰੀ ਆਪਣੇ ਨਾਗਰਿਕਾਂ ਲਈ ਖੜ੍ਹੇ ਹੋਏ ਹਨ, ਜਦਕਿ ਯੂ.ਕੇ. ਸਰਕਾਰ ਅਜਿਹਾ ਕਰਨ ਵਿੱਚ ਅਸਫ਼ਲ ਰਹੀ ਹੈ

ਮਨੁੱਖੀ ਅਧਿਕਾਰ ਸਮੂਹ ਰਿਪ੍ਰੀਵ ਦਾ ਕਹਿਣਾ ਹੈ ਕਿ ਉਸ ਕੋਲ ਇਸ ਗੱਲ ਦੇ ਠੋਸ ਸਬੂਤ ਹਨ ਕਿ ਜੌਹਲ ਦੀ ਭਾਰਤ ਵਿੱਚ ਗ੍ਰਿਫਤਾਰੀ, ਬ੍ਰਿਟਿਸ਼ ਸੁਰੱਖਿਆ ਏਜੰਸੀਆਂ ਤੋਂ ਮਿਲੀ ਸੂਚਨਾ ਤੋਂ ਬਾਅਦ ਹੋਈ ਸੀ।

ਬਰਤਾਨਵੀ ਸਿੱਖ ਜਥੇਬੰਦੀਆਂ ਨੇ ਇਸ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ ਕਿ ਇਸ ਤੱਥ ਦੇ ਬਾਵਜੂਦ ਕਿ ਸੰਯੁਕਤ ਰਾਸ਼ਟਰ ਦੇ ਕਾਰਜਕਾਰੀ ਸਮੂਹ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੀ ਨਜ਼ਰਬੰਦੀ ਵਿਤਕਰੇ ਦੇ ਅਧਾਰ 'ਤੇ ਕੀਤੀ ਗਈ ਸੀ, ਯੂ.ਕੇ. ਸਰਕਾਰ ਅਜਿਹਾ ਕਰਨ ਵਿੱਚ ਅਸਫ਼ਲ ਰਹੀ ਹੈ।

ਗੁਰਪ੍ਰੀਤ ਜੌਹਲ ਡੰਬਰਟਨ ਤੋਂ ਲੇਬਰ ਕੌਂਸਲਰ ਅਤੇ ਵਕੀਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰ ਨਾਲ ਜੋ ਕੁਝ ਹੋਇਆ, ਉਸ ਕਾਰਨ ਉਨ੍ਹਾਂ ਨੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ। ਦਰਅਸਲ ਛੇ ਸਾਲ ਪਹਿਲਾਂ, ਗੁਰਪ੍ਰੀਤ ਦੇ ਭਰਾ ਜਗਤਾਰ ਸਿੰਘ ਜੌਹਲ ਉਰਫ਼ ਜੱਗੀ ਜੌਹਲ ਵਿਆਹ ਕਰਵਾਉਣ ਲਈ ਭਾਰਤ ਆਏ ਸਨ।ਜੱਗੀ ਜੌਹਲ ਇੱਕ ਜਾਣਿਆ-ਪਛਾਣਿਆ ਚਿਹਰਾ ਹਨ, ਜੋ ਖ਼ਾਲਿਸਤਾਨ ਸਮਰਥਕ ਹਨ ਅਤੇ ਸਿੱਖ ਅਧਿਕਾਰ ਕਾਰਕੁਨ ਵੀ ਹਨ। ਜੌਹਲ ਦੇ ਪਰਿਵਾਰ ਦਾ ਕਹਿਣਾ ਹੈ ਕਿ ਪੰਜਾਬ ਦੇ ਰਾਮਾ ਮੰਡੀ ਕਸਬੇ ਵਿੱਚ ਜੱਗੀ ਨੂੰ ਇੱਕ ਬਿਨਾਂ ਨੰਬਰ ਵਾਲੀ ਕਾਰ ਵਿੱਚ ਜ਼ਬਰੀ ਬਿਠਾ ਲਿਆ ਗਿਆ। ਉਸ ਤੋਂ ਬਾਅਦ ਉਹ ਕੱਟੜਪੰਥੀ ਗਤੀਵਿਧੀਆਂ ਦੇ ਇਲਜ਼ਾਮ ਵਿੱਚ ਜੇਲ੍ਹ ਵਿੱਚ ਹਨ।

ਜਗਤਾਰ ਸਿੰਘ ਜੱਗੀ ਜੌਹਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਅਤੇ ਇਕਬਾਲੀਆ ਬਿਆਨਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ 'ਤੇ ਇਲਜ਼ਾਮ ਲੱਗਣ 'ਚ ਕਈ ਸਾਲ ਲੱਗ ਗਏ ਅਤੇ ਉਨ੍ਹਾਂ 'ਤੇ ਕਦੇ ਮੁਕੱਦਮਾ ਵੀ ਨਹੀਂ ਚਲਾਇਆ ਗਿਆ। ਗੁਰਪ੍ਰੀਤ ਸਿੰਘ ਜੌਹਲ ਕਹਿੰਦੇ ਹਨ, ਅਜਿਹਾ ਜਾਪਦਾ ਹੈ ਕਿ ਯੂ.ਕੇ. ਸਰਕਾਰ ਨੂੰ ਆਪਣੇ ਨਾਗਰਿਕਾਂ ਨਾਲੋਂ ਭਾਰਤ ਨਾਲ ਵਪਾਰਕ ਸੌਦੇ ਦੀ ਜ਼ਿਆਦਾ ਪ੍ਰਵਾਹ ਹੈ। (ਬਾਕੀ ਸਫ਼ਾ 29 'ਤੇ)

# ਜਾਤੀ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ ਦਾ ਦੂਜਾ ਸ਼ਹਿਰ ਬਣਿਆ 'ਫ਼ਰਿਜ਼ਨੋ'

ਵਾਸ਼ਿੰਗਟਨ/ਏ.ਟੀ.ਨਿਊਜ਼ : ਕੈਲੀਫ਼ੋਰਨੀਆ ਵਿੱਚ ਫ਼ਰਿਜ਼ਨੋ ਜਾਤੀ ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਦੂਜਾ ਅਮਰੀਕੀ ਸ਼ਹਿਰ ਬਣ ਗਿਆ ਹੈ। ਨਗਰ ਕੌਂਸਲ ਨੇ ਆਪਣੇ ਮਿਉਂਸਪਲ ਕੋਡ ਵਿੱਚ ਦੋ ਨਵੀਆਂ ਸ਼੍ਰੇਣੀਆਂ ਜੋੜ ਕੇ ਇਸ ਸਬੰਧੀ ਸਰਬ-ਸੰਮਤੀ ਨਾਲ ਮਤਾ ਪਾਸ ਕੀਤਾ। ਇਸ ਤੋਂ ਪਹਿਲਾਂ ਫਰਵਰੀ ਵਿੱਚ ਸਿਆਟਲ ਨਸਲ ਅਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਦੇਸ਼ ਦਾ ਪਹਿਲਾ ਸ਼ਹਿਰ ਬਣ ਗਿਆ ਸੀ। ਇਸ ਤੋਂ ਬਾਅਦ ਅਮਰੀਕੀ ਸੂਬੇ ਕੈਲੀਫੋਰਨੀਆ ਨੇ ਸਤੰਬਰ 'ਚ ਅਜਿਹਾ ਹੀ ਬਿੱਲ ਪਾਸ ਕੀਤਾ ਸੀ।

ਅਮਰੀਕੀ ਟੈਲੀਵਿਜ਼ਨ ਨੈੱਟਵਰਕ ਐਨ.ਬੀ.ਸੀ. ਨੇ ਦੱਸਿਆ ਕਿ ਇਹ ਕਦਮ ਦੇਸ਼ ਭਰ 'ਚ ਚੱਲ ਰਹੇ ਨਾਗਰਿਕ ਅਧਿਕਾਰਾਂ ਦੇ ਅੰਦੋਲਨ ਦੇ ਵਿਚਕਾਰ ਚੁੱਕਿਆ ਗਿਆ, ਜਿਸ ਦੀ ਅਗਵਾਈ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ ਅਮਰੀਕੀ ਕਰ ਰਹੇ ਹਨ। ਫਰਿਜ਼ਨੋ




ਸਿਟੀ ਕੌਂਸਲ ਦੀ ਉਪ ਪ੍ਰਧਾਨ ਐਨਾਲਿਸਾ ਪੇਰੇਆ ਨੇ ਕਿਹਾ ਕਿ ਮੈਂ ਇੱਕ ਵਾਰ ਫਿਰ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ 'ਤੇ ਪਾਬੰਦੀ ਨੂੰ ਵਧਾਉਣ ਲਈ ਆਪਣੇ ਸ਼ਹਿਰ 'ਤੇ ਮਾਣ ਮਹਿਸੂਸ ਕਰ ਰਹੀ ਹਾਂ। ਉਸਨੇ ਕਿਹਾ ਕਿ ਅਸੀਂ ਮੰਨਦੇ ਹਾਂ ਕਿ ਵਿਤਕਰਾ ਰਾਤੋ-ਰਾਤ ਖਤਮ ਨਹੀਂ ਹੁੰਦਾ ਹੈ, ਪਰ ਸਾਡੇ ਸਿਟੀ ਨੇ ਜਾਤੀ ਅਧਾਰਿਤ ਵਿਤਕਰੇ ਵਿਰੁੱਧ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਭੇਦਭਾਵ ਵਿਰੋਧੀ ਨੀਤੀ ਪਾਸ ਕਰਨ ਦਾ ਦਲੇਰਾਨਾ ਕਦਮ ਚੁੱਕਿਆ ਹੈ।

ਇਸ ਦੌਰਾਨ ਹਿੰਦੂ ਅਮਰੀਕਨ ਫਾਊਂਡੇਸ਼ਨ (ਐੱਚ.ਏ.ਐੱਫ.) ਨੇ ਕੈਲੀਫੋਰਨੀਆ ਦੇ ਸਿਵਲ ਰਾਈਟਸ ਟੈਕਸ ਵਿਭਾਗ ਵਿਰੁੱਧ ਮੁਕੱਦਮਾ ਦਾਇਰ ਕਰਨ ਦਾ ਦੋਸ਼ ਲਗਾਇਆ ਹੈ। ਇਸ ਨੇ ਰਾਜ ਵਿੱਚ ਰਹਿਣ ਵਾਲੇ ਹਿੰਦੂਆਂ ਦੇ ਕਈ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

# ਅਮਰੀਕਾ 'ਚ 39 ਸਾਲ ਦੇ ਪੱਤਰਕਾਰ ਦਾ ਗੋਲੀਆਂ ਮਾਰ ਕੇ ਕਤਲ

ਫਿਲਾਡੇਲਫੀਆ/ਏ.ਟੀ.ਨਿਊਜ਼: ਬੀਤੇ ਦਿਨ ਪੇਨਸਿਲਵੇਨੀਆ ਸੂਬੇ ਦੇ ਸ਼ਹਿਰ ਫਿਲਾਡੇਲਫੀਆ ਵਿੱਚ ਰਹਿੰਦੇ ਜੋਸ਼ ਕਰੂਗਰ ਨਾਮੀ ਇੱਕ ਫ੍ਰੀਲਾਂਸ ਪੱਤਰਕਾਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪੱਤਰਕਾਰ ਨੂੰ ਉਸਦੇ ਘਰ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਜੋਸ਼ ਕਰੂਗਰ ਸਿਟੀ ਲਈ ਕੰਮ ਕਰਦਾ ਸੀ ਅਤੇ ਉਹ ਇੱਕ ਫ੍ਰੀਲਾਂਸ ਪੱਤਰਕਾਰ ਸੀ। ਸਥਾਨਕ ਅਧਿਕਾਰੀਆਂ ਅਨੁਸਾਰ ਇੱਕ ਫ੍ਰੀਲਾਂਸ ਪੱਤਰਕਾਰ ਅਤੇ ਸ਼ਹਿਰ ਦੇ ਸਾਬਕਾ ਕਰਮਚਾਰੀ ਜੋਸ਼ ਕਰੂਗਰ ਨੂੰ ਸੋਮਵਾਰ ਤੜਕੇ ਉਸਦੇ ਘਰ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਸਥਾਨਕ ਫਿਲਾਡੇਲਫੀਆ ਪੁਲਿਸ ਨੂੰ ਜਦੋਂ ਸੂਚਨਾ ਮਿਲੀ ਤਾਂ ਉਹ ਦੁਪਿਹਰ 1:30 ਵਜੇ ਦੇ ਕਰੀਬ ਉਸਦੇ ਘਰ ਵਿੱਚ ਪੁੱਜੀ ਅਤੇ ਉਹਨਾਂ ਨੇ ਦੇਖਿਆ ਕਿ ਕਰੂਗਰ ਦੀ ਛਾਤੀ ਅਤੇ ਢਿੱਡ ਵਿੱਚ ਸੱਤ ਦੇ ਕਰੀਬ ਗੋਲੀਆਂ ਲੱਗੀਆਂ ਸਨ।।ਪੁਲਿਸ ਨੇ ਦੱਸਿਆ ਕਿ ਉਸ ਨੂੰ ਸਥਾਨਕ ਪੇਨ ਪ੍ਰੈਸਬੀਟੇਰੀਅਨ ਮੈਡੀਕਲ ਸੈਂਟਰ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ

# ਨਿੱਝਰ ਦੀ ਹੱਤਿਆ ਦੇ ਦੋਸ਼ ’ਚ ਵਿਸ਼ਵ ਗੁਰੂ ਮੋਦੀ ਪ੍ਰਬੰਧ ਦਾ ਅਕਸ ਸੰਸਾਰ ਪੱਧਰ ’ਤੇ ਡਿੱਗਿਆ



- ਭਾਈ ਨਿੱਝਰ ਦੇ ਮਾਮਲੇ ਵਿੱਚ ਭਾਰਤ ਅਤੇ ਕੈਨੇਡਾ ਸਰਕਾਰਾਂ ਵਿਚਾਲੇ ਨਹੀਂ ਨਿਪਟ ਰਹੀ ਗੱਲਬਾਤ
- ਭਾਈ ਨਿੱਝਰ ਦੇ ਕਤਲ ਦੀ ਜਾਂਚ ਆਰ.ਸੀ.ਐਮ.ਪੀ. ਅਤੇ ਆਈ.ਐਚ. ਆਈ. ਟੀ. ਵੱਲੋਂ ਸਰੀ ਵਿਖੇ ਮੁਕੰਮਲ
- ਕੈਨੇਡੀਅਨ ਪੁਲਿਸ ਦਾ ਦਾਅਵਾ- ਨਿੱਝਰ ਦੇ ਕਰੀਬੀ ਗੁਰਮੀਤ ਸਿੰਘ ਤੂਰ ਦੀ ਜਾਨ ਨੂੰ ਵੀ ਖ਼ਤਰਾ



ਜੀ-20 ਸੰਮੇਲਨ ਦੀ ਸਫ਼ਲਤਾ ਦੀ ਹਾਲੇ ਖ਼ੁਮਾਰੀ ਨਹੀਂ ਸੀ ਉੱਤਰੀ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਮੋਦੀ ਸਰਕਾਰ ਦੇ ਚਿਹਰੇ ਤੋਂ ਵਿਸ਼ਵ ਗੁਰੂ ਵਾਲਾ ਮੁਖੌਟਾ ਲਾਹ ਦਿੱਤਾ। ਜੇਕਰ ਕੈਨੇਡਾ ਵੱਲੋਂ ਲਾਏ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਕੌਮਾਂਤਰੀ ਪੱਧਰ ’ਤੇ ਦੇਸ਼ ਦੀ ਛਵੀ ਪਾਕਿਸਤਾਨ ਵਰਗੀ ਹੋ ਜਾਵੇਗੀ। ਅਮਰੀਕਾ ਦੀ ਵਿਚੋਲਗੀ ਰਾਹੀਂ ਕੈਨੇਡਾ ਤੇ ਭਾਰਤ ਵਿਚਾਲੇ ਪਰਦੇ ਪਿੱਛੇ ਗੱਲਬਾਤ ਜਾਰੀ ਹੈ। ਇਸ ਦੌਰਾਨ ਕੈਨੇਡਾ ਦੇ ਰੱਖਿਆ ਮੰਤਰੀ ਬਿਲ ਬਲੇਅਰ ਨੇ ਵੀ ਆਪਣੇ ਬਿਆਨ ਵਿੱਚ ਕੈਨੇਡਾ ਦੇ ਭਾਰਤ ਨਾਲ ਰਿਸ਼ਤਿਆਂ ਨੂੰ ਅਹਿਮ ਦੱਸਿਆ ਹੈ ਤੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਸਾਂਝ ਵਧਾਉਣ ਲਈ ਲਗਾਤਾਰ ਯਤਨ ਜਾਰੀ ਰੱਖੇਗਾ ਪਰ ਆਪਣੀ ਪ੍ਰਭੂਸਤਾ ਦਾ ਮੁੱਦਾ ਨਹੀਂ ਤਿਆਗੇਗਾ।

ਦੂਜੇ ਪਾਸੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਅਮਰੀਕਾ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਭਾਰਤ ਦੇ ਨਾਲ ਚੰਗੇ ਰਿਸ਼ਤੇ ਚਾਹੁੰਦੇ ਹਨ। ਜੈਸ਼ੰਕਰ ਨੇ ਕਿਹਾ ਭਾਰਤ ਅਤੇ ਕੈਨੇਡਾ ਨੂੰ ਬੈਠਕੇ ਗੱਲ ਕਰਨੀ ਹੋਵੇਗੀ ਤਾਂ ਹੀ ਮਤਭੇਦ ਦੂਰ ਹੋ ਸਕਦੇ ਹਨ। ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਅਸੀਂ ਹਰਦੀਪ ਸਿੰਘ ਨਿੱਝਰ ਦੇ ਮਾਮਲੇ ਵਿੱਚ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਕੈਨੇਡਾ ਨੇ ਜੋ ਇਲਜ਼ਾਮ ਲਗਾਇਆ ਹੈ, ਉਹ ਸਾਡੀ ਪਾਲਿਸੀ ਨਹੀਂ ਹੈ। ਜੇਕਰ ਉਹ ਸਾਡੇ ਨਾਲ ਕੋਈ ਜਾਣਕਾਰੀ ਸਾਂਝੀ ਕਰਨ ਤਾਂ ਅਸੀਂ ਉਸ ਨੂੰ ਵੇਖਣ ਦੇ ਲਈ ਤਿਆਰ ਹਾਂ।

ਜਦਕਿ ਟਰੂਡੋ ਨੇ ਕਿਹਾ ਸੀ ਕਿ ਸਾਡਾ ਦੇਸ਼ ਭਾਰਤ ਦੀ ਆਰਥਿਕ ਤਾਕਤ ਨੂੰ ਸਮਝ ਦਾ ਹੈ ਅਤੇ ਉਸ ਦੇ ਨਾਲ ਮਿਲਕੇ ਕੰਮ ਕਰਨਾ ਚਾਹੁੰਦਾ ਹੈ ਪਰ ਕੈਨੇਡਾ ਵਿੱਚ ਕਾਨੂੰਨ ਦਾ ਰਾਜ ਹੈ ਅਸੀਂ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ ਹਾਂ ਇਸੇ ਲਈ ਨਿੱਝਰ ਮਾਮਲੇ ਵਿੱਚ ਅਸੀਂ ਭਾਰਤ ਤੋਂ ਮਦਦ ਦੀ ਉਮੀਦ ਕਰਦੇ ਹਾਂ।

ਜੈਸ਼ੰਕਰ ਨੇ ਕਿਹਾ ਅਸੀਂ ਪਹਿਲਾਂ ਕੈਨੇਡਾ ਨੂੰ ਭਾਰਤ ਤੋਂ ਫਰਾਰ ਹੋਏ ਮੁਲਜ਼ਮਾਂ ਦੀ ਲਿਸਟ ਭੇਜੀ ਸੀ ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਆਇਆ ਹੈ। ਉਹ ਕੈਨੇਡਾ ਬੈਠ ਕੇ ਭਾਰਤ ਵਿੱਚ ਅਜਿਹੇ ਕਈ ਅਪਰਾਧਾਂ ਨੂੰ ਅੰਜਾਮ ਦੇ ਰਹੇ ਹਨ ਜਿਸ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ ਹਾਂ। ਜੈਸ਼ੰਕਰ ਨੇ ਕਿਹਾ ਇਹ ਲੁੱਕੀ ਹੋਈ ਗੱਲ ਨਹੀਂ ਹੈ ਕਿ ਉਹ ਲਗਾਤਾਰ ਕੈਨੇਡਾ ਤੋਂ ਭਾਰਤ ਵਿੱਚ ਆਪਣੀਆਂ ਗਤੀਵਿਧੀਆਂ ਚੱਲਾ ਰਹੇ ਹਨ। ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਸਾਡੇ ਹਾਈ ਕਮਿਸ਼ਨ ’ਤੇ ਬੰਬ ਸੁੱਟੇ ਗਏ । ਸ਼ਫੀਰਾਂ ਨੂੰ ਧਮਕਾਇਆ ਗਿਆ, ਉਨ੍ਹਾਂ ਦੇ ਖਿਲਾਫ ਥਾਂ-ਥਾਂ ’ਤੇ ਪੋਸਟਰ ਲਗਾਏ ਗਏ। ਜੈਸ਼ੰਕਰ ਨੇ ਕਿਹਾ ਕਿ ਕੈਨੇਡਾ ਨਾਲ ਭਾਰਤ ਦੀ ਸਮੱਸਿਆ ਕੁਝ ਸਾਲਾਂ ਤੋਂ ਬਰਕਰਾਰ ਹੈ, ਤੇ ਇਹ ਮੁਸ਼ਕਿਲ ਉਨ੍ਹਾਂ ਵੱਲੋਂ ਖਾੜਕੂਵਾਦ, ਕੱਟੜਵਾਦ ਤੇ ਹਿੰਸਾ ਨੂੰ ‘ਖੁੱਲ੍ਹ ਦੇਣ ਦੁਆਲੇ ਹੀ ਘੁੰਮਦੀ ਹੈ।’ ਜੈਸ਼ੰਕਰ ਨੇ ਜ਼ਿਕਰ ਕੀਤਾ ਕਿ ਉਨ੍ਹਾਂ ਇਸ ਕੂਟਨੀਤਕ ਤਣਾਅ ਬਾਰੇ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੇ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੂਲੀਵਨ ਨਾਲ ਵੀ ਚਰਚਾ ਕੀਤੀ ਸੀ।

ਹੁਣੇ ਜਿਹੇ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਤਾਜ਼ਾ ਬਿਆਨ ਵਿੱਚ ਕਿਹਾ ਕਿ ਕੈਨੇਡਾ ਦੇ ਸੰਵਿਧਾਨ ਵਿੱਚ ਹਰੇਕ ਨੂੰ ਸ਼ਾਂਤਮਈ ਢੰਗ ਨਾਲ ਨਿੱਜੀ ਵਿਚਾਰ ਪ੍ਰਗਟਾਉਣ ਦਾ ਹੱਕ ਹੈ, ਜਿਸ ਦਾ ਸਨਮਾਨ ਕਰਨਾ ਸਾਡੀ ਪਹਿਲ ਰਹੀ ਹੈ ਅਤੇ ਇਸ ਤਰਜੀਹ ਨੂੰ ਹਮੇਸ਼ਾ ਬਰਕਰਾਰ ਰੱਖਿਆ ਜਾਵੇਗਾ। ਟਰੂਡੋ ਨੇ ਦੁਹਰਾਇਆ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਾਮਲੇ ਵਿੱਚ ਜਾਂਚਕਰਤਾਵਾਂ ਦੇ ਹੱਥ ਵਿਦੇਸ਼ੀ ਦਖਲ ਦੇ ਪੁਖ਼ਤਾ ਸਬੂਤ ਲੱਗਣ ਮਗਰੋਂ ਹੀ ਉਨ੍ਹਾਂ ਨੂੰ ਇਹ ਗੱਲ ਦੁਨੀਆ ਸਾਹਮਣੇ ਲਿਆਉਣ ਲਈ ਮਜਬੂਰ ਹੋਣਾ ਪਿਆ ਤਾਂ ਕਿ ਇਸ ਤਰ੍ਹਾਂ ਦੇ ਮਾੜੇ ਰੁਝਾਨ ਨੂੰ ਇੱਥੇ ਹੀ ਨੱਥ ਪਾਈ ਜਾ ਸਕੇ।

**ਭਾਈ ਨਿੱਝਰ ਬਾਰੇ ਪੁਲਿਸ ਨੇ ਜਾਂਚ ਪੂਰੀ ਕੀਤੀ**

ਭਾਈ ਨਿੱਝਰ ਦੇ ਕਤਲ ਦੀ ਜਾਂਚ ਆਰ.ਸੀ.ਐਮ.ਪੀ. ਤੇ ਆਈ.ਐਚ.ਆਈ.ਟੀ. ਵੱਲੋਂ ਸਰੀ ਵਿਖੇ ਪੂਰੀ ਕਰ ਲਈ ਹੈ ਅਤੇ ਸਾਰੇ ਸੰਬੰਧਿਤ ਵੀਡੀਓ ਫੁਟੇਜ ਇਕੱਠੇ ਕਰ ਲਏ ਹਨ।

ਗੁਰਦੁਆਰੇ ਦੇ ਬੁਲਾਰੇ ਗੁਰਕੀਰਤ ਸਿੰਘ ਨੇ ਦੱਸਿਆ, ‘ਸਾਨੂੰ ਦੱਸਿਆ ਗਿਆ ਹੈ ਕਿ ਵੀਡੀਓ ਮੀਡੀਆ ਜਾਂ ਜਨਤਾ ਲਈ ਨਹੀਂ ਹੈ, ਕਿਉਂਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਵੀਡੀਓ ਕਿਸੇ ਨੂੰ ਵੀ ਜਾਰੀ ਨਹੀਂ ਕੀਤੀ ਜਾਵੇਗੀ, ਕਿਉਂਕਿ ਮਾਮਲੇ ਦੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਉਹ ਕਈ ਵਾਰ ਵੀਡੀਓ ਦੇਖ ਚੁੱਕੇ ਹਨ। ਉਨ੍ਹਾਂ ਕਿਹਾ, ‘ਇਹ ਕੋਈ ਅਚਾਨਕ ਹੋਈ ਵਾਰਦਾਤ ਨਹੀਂ ਹੈ। ਉਹ ਪਿਛਲੇ ਕੁਝ ਸਮੇਂ ਤੋਂ ਹਰਦੀਪ ਸਿੰਘ ਨਿੱਝਰ ਦੀਆਂ ਹਰਕਤਾਂ ’ਤੇ ਨਜ਼ਰ ਰੱਖ ਰਹੇ ਸਨ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਉਹ ਕਿੱਥੋਂ ਗੁਰਦੁਆਰੇ ’ਚ ਦਾਖਲ ਹੁੰਦਾ ਹੈ ਤੇ ਕਿਥੋਂ ਬਾਹਰ ਆਉਂਦਾ ਹੈ।ਇਸ ਤਣਾਅ ਦਰਮਿਆਨ ਨਿੱਝਰ ਦਾ ਸੱਜਾ ਹੱਥ ਮੰਨੇ ਜਾਂਦੇ ਗੁਰਮੀਤ ਸਿੰਘ ਤੂਰ ਬਾਰੇ ਨਵਾਂ ਖੁਲਾਸਾ ਹੋਇਆ ਹੈ।

## ਭਾਰਤ ਨੇ ਕੈਨੇਡਾ ਨੂੰ ਆਪਣੇ 41 ਡਿਪਲੋਮੈਟ ਵਾਪਸ ਬੁਲਾਉਣ ਲਈ ਕਿਹਾ



ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ‘ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ’ ਦੇ ਲਾਏ ਦੋਸ਼ਾਂ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਕੂਟਨੀਤਕ ਤਣਾਅ ਹੈ। ਭਾਰਤ ਨੇ ਕੈਨੇਡਾ ਦੇ ਦੋਸ਼ਾਂ ਨੂੰ ਬੇਤੁਕੇ ਤੇ ਪ੍ਰੇਰਿਤ ਦੱਸ ਕੇ ਖਾਰਜ ਕਰ ਦਿੱਤਾ ਸੀ। ਹੁਣ ‘ਦਿ ਫਾਇਨੈਂਸ਼ੀਅਲ ਟਾਈਮਜ਼’ ਦੀ ਇੱਕ ਰਿਪੋਰਟ ਮੁਤਾਬਕ ‘ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਹ 10 ਅਕਤੂਬਰ ਤੱਕ ਆਪਣੇ 62 ਵਿਚੋਂ 41 ਡਿਪਲੋਮੈਟ ਵਾਪਸ ਬੁਲਾ ਲਏ।’ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮੁੱਦੇ ਉਤੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਭਾਰਤ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਦੋਵਾਂ ਦੇਸ਼ਾਂ ਵਿੱਚ ਡਿਪਲੋਮੈਟਾਂ ਦੀ ਬਰਾਬਰ ਗਿਣਤੀ ਚਾਹੁੰਦਾ ਹੈ। ਦੱਸਣਯੋਗ ਹੈ ਕਿ ਓਟਾਵਾ ਸਥਿਤ ਭਾਰਤ ਦੇ ਹਾਈ ਕਮਿਸ਼ਨ ਨਾਲੋਂ ਨਵੀਂ ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਵਿੱਚ ਕਈ ਦਰਜਨ ਵੱਧ ਡਿਪਲੋਮੈਟ ਹਨ। ਕੈਨੇਡਾ ਵਿੱਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਮੌਜੂਦਗੀ ਕਾਰਨ ਵੱਡੇ ਕੌਂਸੁਲਰ ਸੈਕਸ਼ਨ ਦੀ ਲੋੜ ਪੈਂਦੀ ਹੈ। ਮੀਡੀਆ ਰਿਪੋਰਟ ਮੁਤਾਬਕ ਭਾਰਤ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਡਿਪਲੋਮੈਟ 10 ਅਕਤੂਬਰ ਤੱਕ ਵਾਪਸ ਨਾ ਗਏ ਤਾਂ ਇਨ੍ਹਾਂ ਨੂੰ ਮਿਲਦੀ ‘ਡਿਪਲੋਮੈਟਿਕ ਇਮਿਊਨਿਟੀ’ (ਕੂਟਨੀਤਕ ਪੱਧਰ ’ਤੇ ਮਿਲਦੀ ਵਿਸ਼ੇਸ਼ ਸਹੂਲਤ) ਖ਼ਤਮ ਕਰ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਦੇਣਾ ਪਹਿਲਾਂ ਹੀ ਬੰਦ ਕੀਤਾ ਹੋਇਆ ਹੈ। ਇਸ ਨਾਲ ਕੈਨੇਡਾ ਗੋਰਿਆਂ ਉਪਰ ਤਾਂ ਕੋਈ ਅਸਰ ਨਹੀਂ ਪਵੇਗਾ, ਪਰ ਕੈਨੇਡਾ ਵਿੱਚ ਰਹਿੰਦੇ ਪੰਜਾਬੀਆਂ ਉਪਰ ਵੱਡਾ ਅਸਰ ਪਵੇਗਾ। ਇਸ ਨਾਲ ਰਿਸ਼ਤੇਦਾਰ ਆਪਸ ਵਿੱਚ ਨਹੀਂ ਮਿਲ ਸਕਣਗੇ। ਇੰਡੀਆ ਵਿੱਚ ਰਹਿੰਦੇ ਮਾਂ ਬਾਪ ਨਹੀਂ ਮਿਲ ਸਕਣਗੇ।ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀ ਕੈਨੇਡਾ ਜਾਣ ਬਾਰੇ ਨਹੀਂ ਸੋਚ ਸਕਣਗੇ, ਕਿਉਂ ਕਿ ਭਾਰਤ ਵਿੱਚ ਕੈਨੇਡਾ ਸਟਾਫ ਦੀ ਕਮੀ ਕਾਰਨ ਰੁਕਾਵਟਾਂ ਪੰਜਾਬੀਆਂ ਨੂੰ ਆਉਣਗੀਆਂ। ਇੰਝ ਜਾਪਦਾ ਹੈ ਜਿਵੇਂ ਇਹ ਸਜ਼ਾ ਕੈਨੇਡਾ ਦੀ ਥਾਂ ਪੰਜਾਬੀਆਂ ਨੂੰ ਦਿੱਤੀ ਜਾ ਰਹੀ ਹੈ।

## ਨਿੱਝਰ ਮਾਮਲੇ ਦੀ ਜਾਂਚ ’ਚ ਸਹਿਯੋਗ ਦੇਵੇ ਭਾਰਤ : ਕੈਨੇਡਾ

ਕੈਨੇਡਾ ਅਤੇ ਭਾਰਤ ਵਿਚਾਲੇ ਨਿੱਝਰ ਮਾਮਲੇ ਵਿੱਚ ਪੈਦਾ ਹੋਇਆ ਤਨਾਓ ਘੱਟਣ ਦਾ ਨਾਂਅ ਨਹੀਂ ਲੈ ਰਿਹਾ, ਬਲਕਿ ਇਹ ਤਨਾਓ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਹੁਣ ਭਾਰਤ ਵੱਲੋਂ ਕੈਨੇਡਾ ਨੂੰ ਆਪਣੇ 41 ਡਿਪਲੋਮੈਂਟ ਵਾਪਸ ਬੁਲਾਉਣ ਲਈ ਕਹੇ ਜਾਣ ਤੋਂ ਬਾਅਦ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਨੇ ਕਿਹਾ ਕਿ ਕੈਨੇਡਾ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਕੂਟਨੀਤਕ ਵਿਵਾਦ ਨੂੰ ਸੁਲਝਾਉਣ ਲਈ ਭਾਰਤ ਨਾਲ ਨਿੱਜੀ ਗੱਲਬਾਤ ਚਾਹੁੰਦਾ ਹੈ। ਜੌਲੀ ਨੇ ਰਾਇਟਰਜ਼ ਨਿਊਜ ਏਜੰਸੀ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਭਾਰਤ ਸਰਕਾਰ ਦੇ ਸੰਪਰਕ ਵਿੱਚ ਹਾਂ। ਅਸੀਂ ਕੈਨੇਡੀਅਨ ਡਿਪਲੋਮੈਟਾਂ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਅਸੀਂ ਨਿੱਜੀ ਤੌਰ ’ਤੇ ਕੰਮ ਕਰਨਾ ਜਾਰੀ ਰੱਖਾਂਗੇ ਕਿਉਂਕਿ ਸਾਨੂੰ ਲੱਗਦਾ

(**ਬਾਕੀ ਸਫ਼ਾ 29 ’ਤੇ**)

## ਅਮਰੀਕਾ ਨੇ ਭਾਰਤ ਨੂੰ ਸਹਿਯੋਗ ਕਰਨ ਲਈ ਆਖ ਕੇ ਕੈਨੇਡਾ ਦੀ ਹਮਾਇਤ ਕੀਤੀ : ਜਗਮੀਤ ਸਿੰਘ



ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਉੱਪਰ ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਨੇ ਵੀ ਸਖ਼ਤ ਸਟੈਂਡ ਲਿਆ ਹੈ। ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਕਿਹਾ ਹੈ ਕਿ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ’ਚ ਇੱਕ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਦੇ ਪੁਖ਼ਤਾ ਸਬੂਤ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ ਵੱਲੋਂ ਭਾਰਤ ਖ਼ਿਲਾਫ਼ ਲਾਏ ਗਏ ਦੋਸ਼ਾਂ ਨੂੰ ਬਹੁਤ ਗੰਭੀਰ ਕਰਾਰ ਦਿੰਦਿਆਂ ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਬਿਆਨ ਖ਼ੁਫ਼ੀਆ ਏਜੰਸੀਆਂ ਵੱਲੋਂ ਦਿੱਤੀ ਗਈ ਜਾਣਕਾਰੀ ’ਤੇ ਆਧਾਰਿਤ ਹੈ।

ਇੱਕ ਸਵਾਲ ਦੇ ਜਵਾਬ ਵਿਚ ਜਗਮੀਤ ਸਿੰਘ ਨੇ ਕਿਹਾ ਕਿ ਅਮਰੀਕਾ ਨੇ ਭਾਰਤ ਨੂੰ ਸਹਿਯੋਗ ਕਰਨ ਲਈ ਆਖ ਕੇ ਕੈਨੇਡਾ ਦੀ ਹਮਾਇਤ ਕੀਤੀ ਹੈ। ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਤੋਂ ਕਈ ਵੇਰਵੇ ਮਿਲੇ ਹਨ। ‘ਵੈਨਕੂਵਰ ਸਨ’ ਮੁਤਾਬਕ ਸਾਬਕਾ ਗਵਰਨਰ ਜਨਰਲ ਦੀ ਰਿਪੋਰਟ ਤੋਂ ਇਹ ਸਿੱਟਾ ਕੱਢਿਆ ਗਿਆ ਕਿ ਟਰੂਡੋ ਸਰਕਾਰ ਜਾਣਬੁੱਝ ਕੇ ਜਾਂ ਅਣਗਹਿਲੀ ਕਾਰਨ ਪਿਛਲੀਆਂ ਦੋ ਸੰਘੀ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀਆਂ ਕੋਸ਼ਿਸ਼ਾਂ ’ਤੇ ਕਾਰਵਾਈ ਕਰਨ ਵਿੱਚ ਨਾਕਾਮ ਰਹੀ ਸੀ।

ਜਗਮੀਤ ਨੇ ਕਿਹਾ ਕਿ ਜੌਹਨਸਟਨ ਦੀ ਰਿਪੋਰਟ ਤੋਂ ਦੋ ਗੱਲਾਂ ਉਭਰਦੀਆਂ ਹਨ। ਇਕ ਇਹ ਕਿ ਮਾਮਲੇ ਦੀ ਜਾਂਚ ਕਰਨ ਦੀ ਲੋੜ ਹੈ ਜਦਕਿ ਦੂਜੀ ਗੱਲ ਇਹ ਕਿ ਰਿਪੋਰਟ ’ਚ ਬਾਕੀ ਚੁੱਕੇ ਗਏ ਮੁੱਦਿਆਂ ਨਾਲ ਉਹ ਸਹਿਮਤ ਨਹੀਂ ਹਨ। ਜਗਮੀਤ ਨੈ ਕਿਹਾ ਕਿ ਕੈਨੇਡਾ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਡਰ ਪਹਿਲਾਂ ਤੋਂ ਸਤਾ ਰਿਹਾ ਹੈ। ਉਨ੍ਹਾਂ ਕਿਹਾ,“ਲੰਬੇ ਸਮੇਂ ਤੋਂ ਸਿੱਖਾਂ ਨੂੰ ਭਾਰਤ ਸਰਕਾਰ ਦੀਆਂ ਕਾਰਵਾਈਆਂ ਰਾਹੀਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ ਅਤੇ ਲੰਬੇ ਸਮੇਂ ਤੋਂ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਸੀ ਜਾਂ ਉਸ ਨੂੰ ਰੱਦ ਕੀਤਾ ਜਾ ਰਿਹਾ ਸੀ।” ਉਨ੍ਹਾਂ ਦਾਅਵਾ ਕੀਤਾ ਕਿ ਮੁਸਲਮਾਨ, ਆਦਿਵਾਸੀ ਤੇ ਹੋਰ ਦੱਬੇ-ਕੁਚਲੇ ਭਾਈਚਾਰਿਆਂ ਨੇ ਆਪਣੇ ਨਾਲ ਹੁੰਦੇ ਵਿਹਾਰ ’ਤੇ ਚਿੰਤਾ ਜਤਾਈ ਹੈ।

ਨਿਰਪੱਖ ਹਲਕਿਆਂ ਦਾ ਮੰਨਣਾ ਹੈ ਕਿ ਬਿਡੇਨ ਪ੍ਰਸ਼ਾਸਨ ਚੀਨ ਨੂੰ ਕਾਬੂ ਕਰਨ ਦੇ ਆਪਣੇ ਉਦੇਸ਼ ਵਿੱਚ ਭਾਰਤ ਦਾ ਸਮਰਥਨ ਕਰਨ ਨਾਲੋਂ ਕੈਨੇਡਾ ਨਾਲ ਆਪਣੀਆਂ ਸਾਂਝੀਆਂ ਕਦਰਾਂ-ਕੀਮਤਾਂ ਪ੍ਰਤੀ ਵਧੇਰੇ ਵਫ਼ਾਦਾਰੀ ਦਿਖਾਏਗਾ। ਬਹੁਗਿਣਤੀ ਭਾਰਤੀ ਮਹਿਸੂਸ ਕਰਦੇ ਹਨ ਕਿ ਕੈਨੇਡਾ ਇੱਕ ‘ਕਮਜ਼ੋਰ ਦੇਸ਼’ ਹੈ ਅਤੇ ਇਸਦੀ ਭੂਮਿਕਾ ਵਿਸ਼ਵ ਸ਼ਕਤੀ ਸੰਤੁਲਨ ਵਿੱਚ ਨਿਰਣਾਇਕ ਨਹੀਂ ਹੈ। ਪਰ ਅਜਿਹੇ ਲੋਕ ਇਹ ਭੁੱਲ ਜਾਂਦੇ ਹਨ ਕਿ ਕੈਨੇਡਾ ਉੱਤਰੀ ਅਟਲਾਂਟਿਕ ਸੰਧੀ ਸੰਗਠਨ ਯਾਨੀ ਨਾਟੋ ਦਾ ਸੰਸਥਾਪਕ ਮੈਂਬਰ ਹੈ ਅਤੇ ਜੀ-7 ਦਾ ਮੈਂਬਰ ਵੀ ਹੈ। ਇਸ ਤੋਂ ਇਲਾਵਾ ਉਹ ਫਾਈਵ ਆਈਸ ਇੰਟੈਲੀਜੈਂਸ ਅਲਾਇੰਸ ਦਾ ਵੀ ਹਿੱਸਾ ਹੈ ਜੋ ਇਸ ਮਾਮਲੇ ਵਿੱਚ ਅਹਿਮ ਹੈ। ਕੈਨੇਡੀਅਨ ਮੀਡੀਆ ਦੀ ਰਿਪੋਰਟ ਮੁਤਾਬਕ ਕੈਨੇਡਾ ਨੂੰ ਗਠਜੋੜ ਦੇ ਇੱਕ ਮੈਂਬਰ ਦੇਸ਼ ਵੱਲੋਂ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਬਾਰੇ ਖੁਫੀਆ ਜਾਣਕਾਰੀ ਦਿੱਤੀ ਗਈ ਸੀ। ਜੇਕਰ ਇਹ ਸੱਚ ਹੈ ਤਾਂ ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਮੋਦੀ ਸਰਕਾਰ ਨੇ ਸਥਿਤੀ ਦਾ ਸਹੀ ਢੰਗ ਨਾਲ ਅਧਿਐਨ ਨਹੀਂ ਕੀਤਾ। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ, ਭਾਜਪਾ ਨੇ ਅਕਸਰ ਪਿਛਲੀਆਂ ਸਰਕਾਰਾਂ ’ਤੇ ਭਾਰਤ ਨੂੰ ਨਰਮ ਰਾਜ ਵਿੱਚ ਬਦਲਣ ਦਾ ਦੋਸ਼ ਲਗਾਇਆ ਸੀ। ਮੋਦੀ ਦੇ ਹਿੰਦੂਤਵ ਸਮਰਥਕ ਹਮੇਸ਼ਾ ਚਾਹੁੰਦੇ ਹਨ ਕਿ ਭਾਰਤ ਇਜ਼ਰਾਈਲ ਵਾਂਗ ਵਿਦੇਸ਼ੀ ਧਰਤੀ ’ਤੇ ਕੰਮ ਕਰ ਰਹੇ ਦੇਸ਼ ਦੇ ਦੁਸ਼ਮਣਾਂ ਨੂੰ ਖਤਮ ਕਰ ਦੇਵੇ। ਇਹ ਮੋਸਾਦ ਬਾਰੇ ਇਨ੍ਹਾਂ ਹਿੰਦੂਤਵੀਆਂ ਤੇ ਗੋਦੀ ਚੈਨਲਾਂ ਦੀ ਕਲਪਨਾ ਦਾ ਹਿੱਸਾ ਹੈ ਪਰ ਇਜ਼ਰਾਈਲ ਨੇ ਕਦੇ ਵੀ ਜੀ 7 ਜਾਂ ਫਾਈਵ ਆਈਸ ਦੇਸ਼ਾਂ ਵਿੱਚ ਰਾਜਨੀਤਿਕ ਹੱਤਿਆਵਾਂ ਨਹੀਂ ਕੀਤੀਆਂ ਹਨ। ਇਹ ਅਕਸਰ ਉਹਨਾਂ ਦੇਸ਼ਾਂ ਦੇ ਅੰਦਰ ਅਜਿਹਾ ਕਰਦਾ ਹੈ, ਜਿਵੇਂ ਕਿ ਈਰਾਨ, ਜਿਹਨਾਂ ਨੂੰ ਪੱਛਮੀ ਸ਼ਬਦਾਵਲੀ ਵਿੱਚ ਰੋਗ ਰਾਸ਼ਟਰ ਜਾਂ ਦੁਸ਼ਟ ਰਾਸ਼ਟਰ ਕਿਹਾ ਜਾਂਦਾ ਹੈ। ਟਰੂਡੋ ਦੇ ਇਹ ਦੋਸ਼ ਅਜਿਹੇ ਹਾਲਾਤ ’ਚ ਲੱਗੇ ਹਨ ਜਦੋਂ ਹਿੰਦੂਤਵ ਪੱਛਮੀ ਦੇਸ਼ਾਂ ਵਿੱਚ ਆਪਣੀ ਪਕੜ ਵਧਾ ਰਿਹਾ ਹੈ। ਹਿੰਦੂਤਵ ਹੁਣ ਭਾਰਤ ਨੂੰ ਹਿੰਦੂ ਰਾਸ਼ਟਰ ਜਾਂ ਦੱਖਣੀ ਏਸ਼ੀਆ ਨੂੰ ਇੱਕ ਸੰਯੁਕਤ ਭਾਰਤ ਬਣਾਉਣ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਸਦੀ ਦਖਲਅੰਦਾਜ਼ੀ ਹਿੰਦੂ ਰਾਸ਼ਟਰ ਵਜੋਂ ਪਛਮੀ ਮੁਲਕਾਂ ਵਿੱਚ ਵਧ ਗਈ ਹੈ। ਆਸਟ੍ਰੇਲੀਆ ਦੀ ਕੁਈਨਜ਼ਲੈਂਡ ਪੁਲਿਸ ਨੇ ਹਾਲ ਹੀ ਵਿੱਚ ਇੱਕ ਦਸਤਾਵੇਜ਼ ਜਾਰੀ ਕੀਤਾ ਸੀ

(**ਬਾਕੀ ਸਫ਼ਾ 29 ’ਤੇ**)

# ਅਮਰੀਕਾ ਖ਼ਬਰਨਾਮਾ

## ਅਮਰੀਕਾ 'ਚ ਸਰਕਾਰੀ ਕੰਮਕਾਜ ਠੱਪ ਹੋਣ ਦਾ ਖ਼ਤਰਾ ਟਲਿਆ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਸੰਘੀ ਸਰਕਾਰ ਦੇ ਕੰਮਕਾਜ ਦੇ ਠੱਪ ਹੋਣ (ਸ਼ਟ-ਡਾਊਨ) ਦਾ ਖਤਰਾ ਬੀਤੇ ਸ਼ਨੀਵਾਰ ਦੇਰ ਰਾਤ ਉਸ ਸਮੇਂ ਟਲ ਗਿਆ, ਜਦੋਂ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਸਰਕਾਰੀ ਏਜੰਸੀਆਂ ਦੇ ਸੰਚਾਲਨ ਨੂੰ ਬਰਕਰਾਰ ਰੱਖਣ ਲਈ ਇੱਕ ਅਸਥਾਈ ਫੰਡ ਯੋਜਨਾ ਨਾਲ ਸੰਬੰਧਿਤ ਬਿੱਲ 'ਤੇ ਦਸਤਖ਼ਤ ਕਰ ਦਿੱਤੇ ।ਸੰਸਦ ਵਿੱਚ ਜਲਦੀ ਵਿੱਚ ਪੇਸ਼ ਕੀਤੇ ਗਏ ਬਿੱਲ ਵਿੱਚ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਸੈਨਿਕ ਮਦਦ ਵਿੱਚ ਕਟੌਤੀ ਕਰਨ ਅਤੇ ਬਾਈਡਨ ਦੀ ਅਪੀਲ 'ਤੇ ਸੰਘੀ ਆਫਤ ਸਹਾਇਤਾ ਬਜਟ ਵਧਾ ਕੇ 16 ਅਰਬ ਅਮਰੀਕੀ ਡਾਲਰ ਕਰਨ ਦੀ ਵਿਵਸਥਾ ਕੀਤੀ ਗਈ ਹੈ ।ਇਹ ਬਿੱਲ 17 ਨਵੰਬਰ ਤੱਕ ਸਰਕਾਰੀ ਕੰਮਕਾਜ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਏਗਾ ।ਦੱਸਣਯੋਗ ਹੈ ਕਿ ਅਮਰੀਕਾ ਵਿੱਚ ਸਰਕਾਰ ਨੂੰ ਫੰਡ ਦੇਣ ਦੀ ਸਮਾਂ ਹੱਦ ਸ਼ਨੀਵਾਰ ਰਾਤ ਨੂੰ ਖਤਮ ਹੋਣ ਵਾਲੀ ਸੀ। ਜੇਕਰ ਅਜਿਹਾ ਨਾ ਹੁੰਦਾ ਤਾਂ ਅਮਰੀਕੀ ਜਨਤਾ ਦੇ ਨਾਲ-ਨਾਲ ਆਰਥਿਕਤਾ 'ਤੇ ਭਾਰੀ ਪ੍ਰਭਾਵ ਪੈ ਸਕਦਾ ਸੀ।

ਇੱਕ ਸਰਕਾਰੀ ਸ਼ਟਡਾਊਨ ਉਦੋਂ ਹੁੰਦਾ ਹੈ ਜਦੋਂ ਕਾਂਗਰਸ ਵਿੱਤੀ ਸਾਲ ਲਈ ਖ਼ਰਚਿਆਂ ਨੂੰ ਮਨਜ਼ੂਰੀ ਨਹੀਂ ਦਿੰਦੀ, ਕਿਉਂਕਿ ਅਮਰੀਕਾ ਵਿੱਚ ਬਹੁਤ ਸਾਰੀਆਂ ਸੰਘੀ ਸਰਕਾਰੀ ਏਜੰਸੀਆਂ ਸਾਲਾਨਾ ਫੰਡਿੰਗ 'ਤੇ ਨਿਰਭਰ ਕਰਦੀਆਂ ਹਨ ।ਇਸ ਫੰਡਿੰਗ ਨੂੰ ਕਾਂਗਰਸ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਸ ਵਿੱਚ ਸਮਾਂ ਲੱਗਦਾ ਹੈ ਕਿਉਂਕਿ ਏਜੰਸੀਆਂ ਨੂੰ ਫੰਡ ਦੇਣ ਲਈ ਕਈ ਖਰਚੇ ਬਿੱਲ ਹਨ ।ਹਰ ਸਾਲ, ਵੱਖ-ਵੱਖ ਏਜੰਸੀਆਂ ਦੁਆਰਾ ਬੇਨਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ, ਅਤੇ ਉਹਨਾਂ ਨੂੰ ਕਾਂਗਰਸ ਦੁਆਰਾ ਪਾਸ ਕਰਨ ਅਤੇ ਰਾਸ਼ਟਰਪਤੀ ਦੁਆਰਾ ਦਸਤਖ਼ਤ ਕੀਤੇ ਜਾਣ ਦੀ ਲੋੜ ਹੁੰਦੀ ਹੈ ਮੰਨ ਲਓ ਕਿ ਜੇਕਰ 1 ਅਕਤੂਬਰ ਨੂੰ ਵਿੱਤੀ ਸਾਲ ਦੀ ਸ਼ੁਰੂਆਤ ਤੱਕ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਦੇਸ਼ 'ਚ ਬੰਦ ਹੋ ਜਾਂਦਾ ਹੈ ।ਇਸ ਦਾ ਮਤਲਬ ਹੈ ਕਿ ਸਾਰੇ ਗੈਰ-ਜ਼ਰੂਰੀ ਅਖ਼ਤਿਆਰੀ ਫੰਕਸ਼ਨ ਕੰਮ ਕਰਨਾ ਬੰਦ ਕਰ ਦਿੰਦੇ ਹਨ ।1 ਅਕਤੂਬਰ ਨੂੰ ਸਵੇਰੇ 12:01 ਵਜੇ, ਫੈਡਰਲ ਬਜਟ ਸਾਲ ਦੇ ਸ਼ੁਰੂ ਵਿੱਚ ਬੰਦ ਸ਼ੁਰੂ ਹੁੰਦਾ ਹੈ, ਕਿਉਂਕਿ ਸਰਕਾਰੀ ਫੰਡਿੰਗ ਦੀ ਮਿਆਦ ਖਤਮ ਹੋ ਜਾਂਦੀ ਹੈ।



**ਅਮਰੀਕਾ ਵਿੱਚ ਬੰਦ ਦਾ ਇਤਿਹਾਸ**

ਅਮਰੀਕਾ ਵਿੱਚ ਸ਼ਟਡਾਊਨ ਬਹੁਤ ਆਮ ਹਨ। ਅਮਰੀਕੀ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ ਤਿੰਨ ਸ਼ਟਡਾਊਨ ਹੋਏ ਸਨ। ਇਸਨੇ 36 ਦਿਨਾਂ ਦੇ ਇਤਿਹਾਸ ਦੀ ਸਭ ਤੋਂ ਲੰਬੀ ਮਿਆਦ ਵੀ ਦਰਜ ਕੀਤੀ, ਜੋ ਕਿ ਜਨਵਰੀ 2019 ਵਿੱਚ ਖਤਮ ਹੋਈ। ਇਹ ਮੈਕਸੀਕੋ ਸਰਹੱਦ 'ਤੇ ਕੰਧ ਲਈ ਫੰਡਿੰਗ ਨੂੰ ਲੈ ਕੇ ਅਸਹਿਮਤੀ ਕਾਰਨ ਹੋਇਆ ਹੈ ।ਮੀਡੀਆ ਚੈਨਲ ਦੀ ਇਕ ਰਿਪੋਰਟ ਅਨੁਸਾਰ, ਅੰਦਾਜ਼ਨ 420,000 ਸੰਘੀ ਕਰਮਚਾਰੀਆਂ ਨੇ ਬਿਨਾਂ ਤਨਖਾਹ ਦੇ ਕੰਮ ਕੀਤਾ ਅਤੇ ਹੋਰ 380,000 ਨੂੰ ਛੁੱਟੀ ਦਿੱਤੀ ਗਈ।

### ਅਮਰੀਕਾ 'ਤੇ ਬੰਦ ਦਾ ਕੀ ਅਸਰ ਹੋਵੇਗਾ ?

ਜਿਵੇਂ ਹੀ ਬੰਦ ਸ਼ੁਰੂ ਹੁੰਦਾ ਹੈ, ਗ਼ੈਰ-ਜ਼ਰੂਰੀ ਸ਼੍ਰੇਣੀਆਂ ਦੇ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਬਿਨਾਂ ਤਨਖਾਹ ਵਾਲੀ ਛੁੱਟੀ 'ਤੇ ਰੱਖਿਆ ਜਾਂਦਾ ਹੈ, ਜਿਸ ਨੂੰ ਫਰਲੋ ਕਿਹਾ ਜਾਂਦਾ ਹੈ। ਇਹ ਭੋਜਨ ਸਹਾਇਤਾ ਪ੍ਰੋਗਰਾਮਾਂ, ਸੰਘੀ ਫੰਡ ਪ੍ਰਾਪਤ ਪ੍ਰੀਸਕੂਲ ਅਤੇ ਵਿਦਿਆਰਥੀ ਕਰਜ਼ਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ ।ਅਲ ਜਜ਼ੀਰਾ ਦੀ ਇੱਕ ਰਿਪੋਰਟ ਦੇ ਅਨੁਸਾਰ, ਲਗਭਗ ਸੱਤ ਮਿਲੀਅਨ ਔਰਤਾਂ ਅਤੇ ਬੱਚੇ ਜੋ ਔਰਤਾਂ, ਬੱਚਿਆਂ ਅਤੇ ਬੱਚਿਆਂ ਲਈ ਵਿਸ਼ੇਸ਼ ਪੂਰਕ ਪੋਸ਼ਣ ਪ੍ਰੋਗਰਾਮ 'ਤੇ ਨਿਰਭਰ ਕਰਦੇ ਹਨ, ਬੰਦ ਹੋਣ ਕਾਰਨ ਲਗਭਗ ਤੁਰੰਤ ਸਹਾਇਤਾ ਗੁਆਉਣ ਦੇ ਜੋਖਮ ਵਿੱਚ ਹਨ। ਹਾਲਾਂ ਕਿ, ਜਨਤਕ ਸੁਰੱਖਿਆ, ਸਰਹੱਦੀ ਸੁਰੱਖਿਆ, ਹਸਪਤਾਲ ਦੀ ਦੇਖਭਾਲ, ਹਵਾਈ ਆਵਾਜਾਈ ਅਤੇ ਕਾਨੂੰਨ ਵਿਵਸਥਾ ਨਾਲ ਸਬੰਧਿਤ ਜ਼ਰੂਰੀ ਸੇਵਾਵਾਂ ਚੱਲਦੀਆਂ ਰਹਿਣਗੀਆਂ ਪਰ ਮੁਲਾਜ਼ਮਾਂ ਨੂੰ ਬਿਨਾਂ ਤਨਖਾਹ ਤੋਂ ਕੰਮ ਕਰਨਾ ਪਵੇਗਾ।

ਅਮਰੀਕੀ ਰਾਸ਼ਟਰਪਤੀ 'ਤੇ ਵੀ ਸ਼ਟਡਾਊਨ ਦਾ ਕੋਈ ਅਸਰ ਨਹੀਂ ਹੈ, ਕਿਉਂਕਿ ਉਨ੍ਹਾਂ ਕੋਲ ਗਾਰੰਟੀਸ਼ੁਦਾ ਆਮਦਨ ਹੈ ।ਕਾਂਗਰਸ 'ਤੇ ਵੀ ਉਨ੍ਹਾਂ ਦੇ ਫੰਡਿੰਗ ਬਿੱਲ ਦੀ ਮਨਜ਼ੂਰੀ ਦਾ ਕੋਈ ਅਸਰ ਨਹੀਂ ਹੋਇਆ ਹੈ।

## ਅਮਰੀਕਾ 'ਚ ਅੰਬੇਡਕਰ ਦੇ ਸਭ ਤੋਂ ਵੱਡੇ 'ਬੁੱਤ' ਦਾ ਉਦਘਾਟਨ 14 ਅਕਤੂਬਰ ਨੂੰ



ਵਾਸ਼ਿੰਗਟਨ/ਏ.ਟੀ.ਨਿਊਜ਼ : ਭਾਰਤੀ ਸੰਵਿਧਾਨ ਦੇ ਪ੍ਰਮੁੱਖ ਆਰਕੀਟੈਕਟ ਡਾ.ਬੀ.ਆਰ.ਅੰਬੇਡਕਰ ਦੇ ਸਭ ਤੋਂ ਵੱਡੇ ਬੁੱਤ ਦਾ ਉਦਘਾਟਨ ਅਮਰੀਕਾ ਦੇ ਮੈਰੀਲੈਂਡ ਵਿੱਚ 14 ਅਕਤੂਬਰ ਨੂੰ ਕੀਤਾ ਜਾਵੇਗਾ। 19 ਫੁੱਟ ਦੇ ਇਸ ਬੁੱਤ ਨੂੰ 'ਸਮਾਨਤਾ ਦਾ ਬੁੱਤ' ਦਾ ਨਾਂ ਦਿੱਤਾ ਗਿਆ ਹੈ, ਜਿਸ ਨੂੰ ਪ੍ਰਸਿੱਧ ਕਲਾਕਾਰ ਅਤੇ ਮੂਰਤੀਕਾਰ ਰਾਮ ਸੁਤਾਰ ਨੇ ਬਣਾਇਆ ਹੈ ।ਇਹ ਉਹ ਤਰਖਾਣ ਹੈ, ਜਿਸ ਨੇ ਗੁਜਰਾਤ ਦੇ ਅਹਿਮਦਾਬਾਦ ਵਿੱਚ ਸਥਾਪਤ ਸਰਦਾਰ ਪਟੇਲ ਦਾ ਬੁੱਤ ਬਣਾਇਆ ਸੀ।

ਅੰਬੇਡਕਰ ਦਾ ਬੁੱਤ ਮੈਰੀਲੈਂਡ ਦੇ ਐਕੋਕੇਕ ਸ਼ਹਿਰ ਵਿੱਚ 13 ਏਕੜ ਜ਼ਮੀਨ ਵਿੱਚ ਬਣਾਏ ਜਾ ਰਹੇ 'ਅੰਬੇਡਕਰ ਇੰਟਰਨੈਸ਼ਨਲ ਸੈਂਟਰ' (ਏਆਈਸੀ) ਦਾ ਹਿੱਸਾ ਹੈ ।ਏਆਈਸੀ ਨੇ ਕਿਹਾ ਕਿ ਇਹ ਭਾਰਤ ਤੋਂ ਬਾਹਰ ਬਾਬਾ ਸਾਹਿਬ ਦਾ ਸਭ ਤੋਂ ਵੱਡਾ ਬੁੱਤ ਹੈ ਅਤੇ ਇਸ ਨੂੰ ਕੇਂਦਰ ਵਿੱਚ ਬਣਾਈ ਜਾ ਰਹੀ ਅੰਬੇਡਕਰ ਯਾਦਗਾਰ ਦੇ ਹਿੱਸੇ ਵਜੋਂ ਸਥਾਪਿਤ ਕੀਤਾ ਜਾ ਰਿਹਾ ਹੈ। ਉਸ ਨੇ ਕਿਹਾ ਕਿ ਅੰਬੇਡਕਰਵਾਦੀ ਅੰਦੋਲਨ ਦੇ ਪ੍ਰਤੀਨਿਧਾਂ ਅਤੇ ਦੁਨੀਆ ਦੇ ਹੋਰ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਪੈਰੋਕਾਰਾਂ ਦੇ ਹਾਜ਼ਰ ਹੋਣ ਦੀ ਉਮੀਦ ਹੈ। ਏਆਈਸੀ ਨੇ ਦੱਸਿਆ ਕਿ ਇਹ ਯਾਦਗਾਰ ਬਾਬਾ ਸਾਹਿਬ ਦੇ ਸੰਦੇਸ਼ਾਂ ਅਤੇ ਸਿੱਖਿਆਵਾਂ ਨੂੰ ਫੈਲਾਏਗੀ ਅਤੇ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਤੀਕ ਹੋਵੇਗੀ ।ਬੁੱਤ ਦਾ ਉਦਘਾਟਨ 14 ਅਕਤੂਬਰ ਨੂੰ ਕੀਤਾ ਜਾਵੇਗਾ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

# ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ 'ਚ ਸੁਣਵਾਈ ਸ਼ੁਰੂ

## ਧੋਖਾਧੜੀ ਕੇਸ 'ਚ ਲੱਗ ਸਕਦੈ 20 ਅਰਬ ਦਾ ਜੁਰਮਾਨਾ

ਕੈਲੀਫੋਰਨੀਆ/ਏ.ਟੀ.ਨਿਊਜ਼ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਟਰੰਪ ਇੱਕ ਤੋਂ ਬਾਅਦ ਇੱਕ ਮੁਕੱਦਮਿਆਂ ਦੇ ਜਾਲ ਵਿੱਚ ਫਸਦੇ ਜਾ ਰਹੇ ਹਨ। ਹੁਣ ਟਰੰਪ ਖ਼ਿਲਾਫ਼ ਧੋਖਾਧੜੀ ਦੇ ਮਾਮਲੇ 'ਚ ਸੁਣਵਾਈ ਸ਼ੁਰੂ ਹੋ ਗਈ ਹੈ। ਇਸ ਕਾਰਨ ਉਹ ਸੋਮਵਾਰ ਨੂੰ ਨਿਊਯਾਰਕ ਦੀ ਅਦਾਲਤ 'ਚ ਪੇਸ਼ ਹੋਏ। ਅਦਾਲਤ 'ਚ ਆਉਣ ਸਮੇਂ ਟਰੰਪ ਨੇ ਗੂੜ੍ਹੇ ਨੀਲੇ ਰੰਗ ਦਾ ਸੂਟ, ਚਮਕੀਲਾ ਨੀਲੀ ਟਾਈ ਅਤੇ ਉਸ 'ਤੇ ਅਮਰੀਕੀ ਝੰਡੇ ਦੀ ਪਿੰਨ ਪਾਈ ਹੋਈ ਸੀ। ਦਰਅਸਲ ਟਰੰਪ 'ਤੇ ਆਪਣੇ ਰੀਅਲ ਅਸਟੇਟ ਕਾਰੋਬਾਰ ਬਾਰੇ ਝੂਠ ਬੋਲ ਕੇ 100 ਮਿਲੀਅਨ ਡਾਲਰ ਤੋਂ ਵੱਧ ਦੀ ਕਮਾਈ ਕਰਨ ਦਾ ਦੋਸ਼ ਹੈ। ਨਿਊਯਾਰਕ ਦੇ ਅਟਾਰਨੀ ਜਨਰਲ ਨੇ ਉਨ੍ਹਾਂ ਖ਼ਿਲਾਫ਼ ਇਹ ਕੇਸ ਦਾਇਰ ਕੀਤਾ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਬਣਦੇ ਸਮੇਂ ਆਪਣੀ ਇੱਛਾ ਅਨੁਸਾਰ ਬੈਂਕ ਕਰਜ਼ੇ ਅਤੇ ਸਸਤੇ ਬੀਮਾ ਪ੍ਰੀਮੀਅਮ ਹਾਸਲ ਕਰਕੇ 2011 ਤੋਂ 2021 ਤੱਕ ਤੇਜ਼ੀ ਨਾਲ ਆਪਣੀ ਦੌਲਤ ਵਧਾਈ। ਅਟਾਰਨੀ ਜਨਰਲ ਲੈਟੀਆ ਜੇਮਸ ਨੇ ਸਾਬਕਾ ਰਾਸ਼ਟਰਪਤੀ 'ਤੇ ਘੱਟੋ-ਘੱਟ 250 ਮਿਲੀਅਨ ਡਾਲਰ ਦਾ ਜੁਰਮਾਨਾ, ਉਸ 'ਤੇ ਅਤੇ ਉਸ ਦੇ ਪੁੱਤਰਾਂ ਡੋਨਾਲਡ ਜੂਨੀਅਰ ਅਤੇ ਏਰਿਕ 'ਤੇ ਨਿਊਯਾਰਕ ਵਿੱਚ ਕਾਰੋਬਾਰ ਕਰਨ 'ਤੇ ਪਾਬੰਦੀ ਅਤੇ ਟਰੰਪ ਸੰਗਠਨ 'ਤੇ ਰੀਅਲ ਅਸਟੇਟ ਕਾਰੋਬਾਰ ਕਰਨ 'ਤੇ 5 ਸਾਲ ਦੀ ਪਾਬੰਦੀ ਦੀ ਮੰਗ ਕੀਤੀ ਹੈ।



**ਟਰੰਪ ਨੇ ਇਸ ਮਾਮਲੇ ਨੂੰ ਘੁਟਾਲਾ ਅਤੇ ਸਿਆਸੀ ਬਦਲਾਖੋਰੀ ਦੱਸਿਆ**

ਤੁਹਾਨੂੰ ਦੱਸ ਦੇਈਏ ਕਿ ਕਈ ਗਵਾਹਾਂ ਦੀ ਗਵਾਹੀ ਤੋਂ ਬਾਅਦ ਮੈਨਹਟਨ ਦੀ ਅਦਾਲਤ ਵਿੱਚ ਸੁਣਵਾਈ ਸ਼ੁਰੂ ਹੋਈ। ਇਸ ਵਿੱਚ ਰਾਜ ਦੇ ਪਹਿਲੇ ਗਵਾਹ ਵਜੋਂ ਯੂ.ਐਸ.ਏ ਵਿੱਚ ਇੱਕ ਭਾਈਵਾਲ ਅਤੇ ਲੰਬੇ ਸਮੇਂ ਤੋਂ ਟਰੰਪ ਦੇ ਕਾਰੋਬਾਰ ਲਈ ਲੇਖਾਕਾਰ ਡੋਨਾਲਡ ਬੈਂਡਰ ਵੀ ਸ਼ਾਮਲ ਹੈ। ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਟਰੰਪ ਨੇ ਮੀਡੀਆ ਨੂੰ ਕਿਹਾ ਕਿ ਇਹ ਮਾਮਲਾ ਇੱਕ ਘੁਟਾਲਾ ਅਤੇ ਧੋਖਾ ਹੈ। ਇਹ ਜੇਮਜ਼ ਦੁਆਰਾ ਸਿਆਸੀ ਬਦਲਾਖੋਰੀ ਹੈ। ਦੁਪਹਿਰ ਦੇ ਖਾਣੇ ਦੇ ਬ੍ਰੇਕ ਦੌਰਾਨ ਉਸਨੇ ਲੈਟੀਆ ਜੇਮਸ ਨੂੰ ਭ੍ਰਿਸ਼ਟ ਅਤੇ ਲੋਕਾਂ ਨੂੰ ਨਿਊਯਾਰਕ ਤੋਂ ਬਾਹਰ ਕੱਢਣ ਲਈ ਭਿਆਨਕ ਦੱਸਿਆ।

**ਟਰੰਪ ਨੇ ਜੱਜ 'ਤੇ ਵੀ ਬੋਲਿਆ ਹਮਲਾ**

ਇੰਨਾ ਹੀ ਨਹੀਂ ਡੋਨਾਲਡ ਟਰੰਪ ਨੇ ਜੱਜ ਆਰਥਰ ਐਂਗੋਰੋਨ 'ਤੇ ਵੀ ਨਿਸ਼ਾਨਾ ਸਾਧਿਆ। ਉਸਨੇ ਜੱਜ ਨੂੰ ਇੱਕ ਪੱਖਪਾਤੀ ਡੈਮੋਕਰੇਟ ਕਿਹਾ ਅਤੇ ਉਸ 'ਤੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਦਖਲ ਦੇਣ ਲਈ ਕੇਸ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਇੱਥੇ ਰਿਪਬਲਿਕਨ ਉਮੀਦਵਾਰ ਵਜੋਂ ਟਰੰਪ ਨੂੰ ਵੱਡੀ ਲੀਡ ਹਾਸਲ ਹੈ। ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, ਇਹ ਇੱਕ ਜੱਜ ਹੈ ਜਿਸਨੂੰ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਉਸਨੂੰ ਅਹੁਦੇ ਤੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

**ਟਰੰਪ 'ਤੇ ਲੱਗੇ ਸਨ ਇਹ ਦੋਸ਼**

ਜੇਮਸ ਨੇ ਟਰੰਪ 'ਤੇ ਮੈਨਹਟਨ ਵਿੱਚ ਉਸ ਦੇ ਟਰੰਪ ਟਾਵਰ ਪੈਂਟਹਾਊਸ ਅਪਾਰਟਮੈਂਟ, ਫਲੋਰੀਡਾ ਵਿੱਚ ਉਸ ਦੀ ਮਾਰ-ਏ-ਲਾਗੋ ਅਸਟੇਟ ਅਤੇ ਵੱਖਰੇ ਦਫਤਰ ਟਾਵਰਾਂ ਅਤੇ ਗੋਲਫ ਕਲੱਬਾਂ ਸਮੇਤ ਆਪਣੀ ਜਾਇਦਾਦ ਵਿੱਚ ਤੇਜ਼ੀ ਨਾਲ ਵਾਧਾ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਟਰੰਪ ਨੇ ਆਪਣੀ ਸੰਪਤੀ 2.2 ਬਿਲੀਅਨ ਡਾਲਰ ਤੱਕ ਵਧਾ ਦਿੱਤੀ ਹੈ।

(ਬਾਕੀ ਸਫ਼ਾ 29 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh  Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: Anil Kumar  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਨਿੱਝਰ ਦੀ ਮੌਤ ਦੇ ਵਿਵਾਦ ਕਾਰਨ ਭਾਰਤੀ ਪ੍ਰੋਗਰਾਮਾਂ ਤੋਂ ਦੂਰ ਰਹਿਣ ਲੱਗੇ ਕੈਨੇਡੀਅਨ ਲੀਡਰ

## ਐਵਾਰਡਜ਼ ਨਾਈਟ ਸਮਾਰੋਹ ਮੌਕੇ ਓਂਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਤੇ ਕਈ ਹੋਰ ਕੈਨੇਡੀਅਨ ਆਗੂ ਨਹੀਂ ਆਏ



ਟੋਰਾਂਟੋ/ ਏ.ਟੀ.ਨਿਊਜ਼: ਖ਼ਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੀ ਮੌਤ ਮਗਰੋਂ ਭਾਰਤ ਤੇ ਕੈਨੇਡਾ ਵਿਚਾਲੇ ਤਣਾਅ ਵਧਦਾ ਜਾ ਰਿਹਾ ਹੈ। ਇਸ ਦਾ ਅਸਰ ਇਸ ਸਾਲ ਦੇ ਸਭ ਤੋਂ ਵੱਡੇ 'ਇੰਡੋ-ਕੈਨੇਡੀਅਨ ਐਵਾਰਡਜ਼ ਨਾਈਟ' ਸਮਾਰੋਹ ਉੱਤੇ ਵੀ ਦੇਖਣ ਨੂੰ ਮਿਲਿਆ। ਇਸ ਮੌਕੇ ਓਂਟਾਰੀਓ ਦੇ ਮੁੱਖ ਮੰਤਰੀ ਡੱਗ ਫੋਰਡ ਤੇ ਕਈ ਹੋਰ ਕੈਨੇਡੀਅਨ ਆਗੂ ਨਹੀਂ ਪਹੁੰਚੇ, ਹਾਲਾਂ ਕਿ ਪ੍ਰਮੁੱਖ ਭਾਰਤੀ-ਕੈਨੇਡੀਅਨ ਸੰਸਦ ਮੈਂਬਰ ਚੰਦਰਾ ਆਰੀਆ ਨੇ ਹਾਜ਼ਰੀ ਦਰਜ ਕਰਵਾਈ। ਇਸ ਤੋਂ ਇਲਾਵਾ ਸੂਬੇ ਦੇ ਕੁਝ ਵਿਧਾਇਕ ਤੇ ਸਥਾਨਕ ਮੇਅਰ ਵੀ ਹਾਜ਼ਰ ਸਨ।ਇਸ ਮੌਕੇ ਇਨਫੋਸਿਸ ਦੇ ਬਾਨੀ ਐਨਆਰ ਨਾਰਾਇਣ ਮੂਰਤੀ ਦੀ ਪਤਨੀ ਸੁਧਾ ਮੂਰਤੀ ਨੂੰ ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ 'ਗਲੋਬਲ ਇੰਡੀਅਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ, ਜਿਸ ਵਿੱਚ 50 ਹਜ਼ਾਰ ਡਾਲਰ ਦੀ ਨ਼ਗਦ ਰਾਸ਼ੀ ਸ਼ਾਮਲ ਹੈ। ਭਾਰਤ ਤੇ ਕੈਨੇਡਾ ਦੇ ਵਰਤਮਾਨ ਸਬੰਧਾਂ ਦਾ ਜ਼ਿਕਰ ਕਰਦਿਆਂ ਭਾਰਤੀ ਹਾਈ ਕਮਿਸ਼ਨਰ ਤੇ ਮੁੱਖ ਮਹਿਮਾਨ ਸੰਜੇ ਕੁਮਾਰ ਵਰਮਾ ਨੇ ਕਿਹਾ ਕਿ ਸਿਆਸੀ ਰਿਸ਼ਤਿਆਂ ਨਾਲ ਅਖ਼ੀਰ ਵਿੱਚ ਦੋਵੇਂ ਸਰਕਾਰਾਂ ਨਜਿੱਠ ਲੈਣਗੀਆਂ ਪਰ ਇੰਡੋ-ਕੈਨੇਡੀਅਨ ਭਾਈਚਾਰੇ ਨੂੰ ਦੁਵੱਲੇ ਰਿਸ਼ਤੇ ਮਜ਼ਬੂਤ ਕਰਦੇ ਰਹਿਣਾ ਪਵੇਗਾ।

ਉਨ੍ਹਾਂ ਕਿਹਾ, 'ਇਹ ਉਹ ਸਮਾਂ ਹੈ ਜਦੋਂ ਰਿਸ਼ਤਿਆਂ ਵਿੱਚ ਤਲਖ਼ੀ ਹੈ, ਤੇ ਸਾਨੂੰ ਠੰਢਕ ਪੈਦਾ ਕਰਨੀ ਪਏਗੀ।' ਹਾਈ ਕਮਿਸ਼ਨਰ ਵਰਮਾ ਨੇ ਕਿਹਾ ਕਿ ਭਾਰਤੀ ਭਾਈਚਾਰੇ ਨੂੰ ਦੁਵੱਲੇ ਸਬੰਧ ਬਿਹਤਰ ਕਰਨ ਲਈ ਕੰਮ ਕਰਦੇ ਰਹਿਣਾ ਪਏਗਾ।' ਵਰਮਾ ਨੇ ਕਿਹਾ, 'ਮੈਂ ਬੇਨਤੀ ਕਰਾਂਗਾ ਕਿ ਤੁਸੀਂ ਕਾਰੋਬਾਰ ਕਰੋ, ਲੋਕਾਂ ਨੂੰ ਭਾਰਤ ਬਾਰੇ ਸਿਖਾਓ, ਸਮਰਥਨ ਜੁਟਾਓ, ਵਿਦਿਆਰਥੀਆਂ ਨੂੰ ਉੱਦਮੀ ਬਣਾਓ, ਇਹ ਕੁਝ ਅਜਿਹੇ ਖੇਤਰ ਹਨ ਜਿਨ੍ਹਾਂ ਉੱਤੇ ਰਿਸ਼ਤਿਆਂ ਦੀ ਵਰਤਮਾਨ ਸਥਿਤੀ ਦਾ ਕੋਈ ਅਸਰ ਨਹੀਂ ਪਏਗਾ।'

ਆਪਣੇ ਸਵਾਗਤੀ ਭਾਸ਼ਣ ਵਿੱਚ 'ਕੈਨੇਡਾ ਇੰਡੀਆ ਫਾਊਂਡੇਸ਼ਨ' ਦੇ ਚੇਅਰਮੈਨ ਸਤੀਸ਼ ਠੱਕਰ ਨੇ ਕਿਹਾ ਕਿ ਦੁਵੱਲੇ ਰਿਸ਼ਤੇ 'ਸਥਾਨਕ ਰਾਜਨੀਤਕ ਮਜਬੂਰੀਆਂ ਦੇ ਗ਼ੁਲਾਮ ਨਹੀਂ ਬਣਨੇ ਚਾਹੀਦੇ।' ਉਨ੍ਹਾਂ ਕਿਹਾ ਕਿ ਕੈਨੇਡਾ ਦੀ ਹਿੰਦ-ਪ੍ਰਸ਼ਾਂਤ ਨੀਤੀ ਤਾਂ ਹੀ ਸਫ਼ਲ ਹੋਵੇਗੀ ਜੇ ਭਾਰਤ ਨਾਲ ਇਸ ਦੇ ਕਾਰੋਬਾਰੀ ਤੇ ਸਿਆਸੀ ਸਬੰਧ ਮਜ਼ਬੂਤ ਹੋਣਗੇ ਕਿਉਂਕਿ ਭਾਰਤ ਇੱਕ ਮਹੱਤਵਪੂਰਨ ਭਾਈਵਾਲ ਹੈ। ਉਨ੍ਹਾਂ ਕਿਹਾ ਕਿ ਇਹ ਰਿਸ਼ਤੇ ਇੱਕ-ਦੂਜੇ ਦੇ ਕੌਮੀ ਸੁਰੱਖਿਆ ਸਬੰਧੀ ਫ਼ਿਕਰਾਂ ਨੂੰ ਸਮਝਣ ਉੱਤੇ ਨਿਰਭਰ ਹਨ। ਟਕਰਾਅ ਵਾਲੇ ਖੇਤਰਾਂ ਵਿੱਚ ਮਸਲਿਆਂ ਦਾ ਹੱਲ ਟਿਕਾਊ ਕੂਟਨੀਤੀ ਰਾਹੀਂ ਨਿਕਲਣਾ ਚਾਹੀਦਾ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇ-ਏਰੀਆ ਵੱਲੋਂ 23ਵੀਂ ਸਾਲਾਨਾ ਕਾਨਫ਼ਰੰਸ 28 ਤੇ 29 ਅਕਤੂਬਰ ਨੂੰ

ਫਰੀਮੌਂਟ/ਏ.ਟੀ.ਨਿਊਜ਼: ਪੰਜਾਬੀ ਸਾਹਿਬ ਭਾਸ਼ਾ ਤੇ ਸਭਿਆਚਾਰ ਨੂੰ ਅਮਰੀਕਾ ਵਿੱਚ ਪ੍ਰਫ਼ੁਲਤ ਕਰਨ ਲਈ ਵਰ੍ਹਿਆਂ ਤੋਂ ਸਰਗਰਮ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਬੇ ਏਰੀਆ ਵੱਲੋਂ ਆਪਣੀ 23ਵੀਂ ਸਾਲਾਨਾ ਕਾਨਫ਼ਰੰਸ 28 ਤੇ 29 ਅਕਤੂਬਰ ਨੂੰ ਇੱਥੇ ਕਰਵਾਈ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਪਸਾਅ ਵੱਲੋਂ ਦਸਿਆ ਗਿਆ ਕਿ ਇਹ ਦੋ ਰੋਜ਼ਾ ਸਲਾਨਾ ਕਾਨਫ਼ਰੰਸ 28 ਅਕਤੂਬਰ ਸ਼ਨੀਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਰਾਤ 9:00 ਵਜੇ ਤੱਕ ਅਤੇ 29 ਅਕਤੂਬਰ ਐਤਵਾਰ ਨੂੰ ਸਵੇਰ 11:00 ਵਜੇ ਤੋਂ ਰਾਤ 9:00ਵਜੇ ਤੱਕ ਸੈਂਟਰਲਵਿਲੇ ਕਮਿਊਨਿਟੀ ਸੈਂਟਰ 3355 ਕੰਟਰੀ ਡਾ.ਫਰੀਮੌਂਟ, ਕੈਲੀਫੋਰਨੀਆ ਵਿਖੇ ਹੋਵੇਗੀ।

ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਪੰਜਾਬ, ਕੈਨੇਡਾ ਅਤੇ ਹੋਰਨਾਂ ਥਾਵਾਂ ਤੋਂ ਪੁੱਜ ਰਹੇ ਉੱਘੇ ਸਾਹਿਤਕਾਰਾਂ ਅਤੇ ਵਿਦਵਾਨਾਂ ਵਿੱਚ ਡਾ.ਵਰਿਆਮ ਸਿੰਘ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ.ਆਤਮ ਸਿੰਘ ਰੰਧਾਵਾ, ਦਰਸ਼ਨ ਬੁੱਟਰ, ਜਸਵਿੰਦਰ, ਜਸਵੰਤ ਸਿੰਘ ਜ਼ਫ਼ਰ, ਡਾ.ਸੁਹਿੰਦਰ ਬੀਰ, ਡਾ.ਮੋਨੋਜੀਤ, ਅਜਮੇਰ ਸਿੱਧੂ, ਰਾਜਵੰਤ ਰਾਜ, ਹਰਦਮ ਮਾਨ, ਪ੍ਰੀਤ ਮਨਪ੍ਰੀਤ, ਸਤੀਸ਼ ਗੁਲਾਟੀ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਸ਼ਾਮਲ ਹਨ। ਇਹਨਾਂ ਤੋਂ ਇਲਾਵਾ ਦੇਸ਼ ਵਿਦੇਸ਼ ਤੋਂ ਹੋਰ ਬਹੁਤ ਸਾਰੇ ਸਾਹਿਤਕਾਰ ਹੁੰਮ-ਹੁਮਾ ਕੇ ਪਹੁੰਚਣਗੇ।

ਇਸ ਨਿਰੋਲ ਸਾਹਿਤਕ ਕਾਨਫ਼ਰੰਸ ਵਿੱਚ ਅਮਰੀਕਾ ਵਿੱਚ ਲਿਖੇ ਜਾ ਰਹੇ ਸਾਹਿਤ ਬਾਰੇ ਪਰਚੇ ਪੇਸ਼ ਕੀਤੇ ਜਾਣਗੇ। ਕਵੀ ਦਰਬਾਰ ਅਤੇ ਗੀਤ -ਸੰਗੀਤ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ। ਪ੍ਰਸਿੱਧ ਨਾਟਕਾਰ ਡਾ.ਆਤਮਜੀਤ, ਸ਼ਹੀਦ ਡਾ.ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਸਬੰਧੀ ਇੱਕ ਪਾਤਰੀ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਪੇਸ਼ ਕਰਕੇ




ਇਤਿਹਾਸ ਦੇ ਪੰਨੇ ਖੋਲ੍ਹਣਗੇ। ਕਾਨਫ਼ਰੰਸ ਦੌਰਾਨ ਪੁਸਤਕ ਪ੍ਰਦਰਸ਼ਨੀ ਵੀ ਲੱਗੇਗੀ। ਨਵ ਪ੍ਰਕਾਸ਼ਿਤ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਕਾਨਫ਼ਰੰਸ ਵਿੱਚ ਭਾਗ ਲੈਣ ਵਾਲਿਆਂ ਸਭਨਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਵਿਪਸਾਅ ਦੀ ਇਸ ਸਾਹਿਤਕ ਕਾਨਫ਼ਰੰਸ ਦਾ ਹਿਸਾ ਬਣਨ ਜਾਂ ਸਪਾਂਸਰ ਕਰਨ ਲਈ ਕੁਲਵਿੰਦਰ 510-367-2090 ਅਤੇ ਜਗਜੀਤ ਨੌਸ਼ਿਹਰਵੀ 510-676-1565 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡੀਅਨ ਭਾਰਤੀਆਂ ਦੇ ਵੀਜ਼ੇ 'ਤੇ ਪਾਬੰਦੀਆਂ ਹਟਾਵੇ ਭਾਰਤ ਸਰਕਾਰ : ਪਰਮਿੰਦਰ ਪਾਲ ਸਿੰਘ ਖ਼ਾਲਸਾ

## ਅਮਰੀਕੀ ਪ੍ਰਤੀਨਿਧੀ ਸਭਾ ਦਾ ਸੈਸ਼ਨ ਸਿੱਖ ਅਰਦਾਸ ਨਾਲ ਸ਼ੁਰੂ ਕਰਨ ਕਾਰਨ ਅਮਰੀਕਾ ਦਾ ਕੀਤਾ ਧੰਨਵਾਦ

ਜਲੰਧਰ/ਏ.ਟੀ.ਨਿਊਜ਼ :ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰ ਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਇਹ ਚਾਹੁੰਦਾ ਹੈ ਕਿ ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਲਈ ਜਿਹੜੀਆਂ ਵੀਜ਼ਾਂ ਸੇਵਾਵਾਂ ਬੰਦ ਕੀਤੀਆਂ ਹਨ ਉਨ੍ਹਾਂ ਨੂੰ ਤੁਰੰਤ ਖੋਲ੍ਹਿਆ ਜਾਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਵਿਸ਼ੇਸ਼ ਤੌਰ 'ਤੇ ਕੈਨੇਡੀਅਨ ਨਾਗਰਿਕਤਾ ਵਾਲੇ ਪ੍ਰਵਾਸੀ ਪੰਜਾਬੀ ਹੀ ਵਧੇਰੇ ਪ੍ਰਭਾਵਿਤ ਹੋ ਰਹੇ ਹਨ। ਇਸ ਨਾਲ ਕੈਨੇਡਾ ਨੂੰ ਕੋਈ ਨੁਕਸਾਨ ਨਹੀਂ, ਭਾਰਤ ਨੂੰ ਨੁਕਸਾਨ ਹੋ ਰਿਹਾ ਹੈ। ਮੋਦੀ ਸਰਕਾਰ ਨੂੰ ਇਹਨਾਂ ਰੁਕਾਵਟਾਂ ਦੂਰ ਕਰਨ ਦੀ ਅਪੀਲ ਕਰਦਿਆਂ ਖ਼ਾਲਸਾ ਨੇ ਦੱਸਿਆ ਕਿ ਬੀਤੇ ਦਿਨੀਂ ਭਾਰਤ ਨੇ ਕੈਨੇਡੀਅਨ ਨਾਗਰਿਕਾਂ ਲਈ ਕੈਨੇਡਾ ਵਿੱਚ ਵੀਜ਼ਾ ਸੇਵਾਵਾਂ ਵੀ ਬੰਦ ਕਰਨ ਨਾਲ ਪ੍ਰਵਾਸੀ ਕੈਨੇਡੀਅਨ ਭਾਰਤੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਖ਼ਾਸ ਕਰ ਕੇ ਪੰਜਾਬ ਉੱਪਰ ਗਹਿਰਾ ਅਸਰ ਪਿਆ ਹੈ। ਖ਼ਾਲਸਾ ਨੇ ਦਸਿਆ ਕਿ ਹਰ ਸਾਲ ਦੇ ਅਖ਼ੀਰਲੇ ਮਹੀਨਿਆਂ ਵਿੱਚ ਵੱਡੀ ਪੱਧਰ 'ਤੇ ਪ੍ਰਵਾਸੀ ਪੰਜਾਬੀ ਕੈਨੇਡਾ ਤੋਂ ਭਾਰਤ ਆਉਂਦੇ ਹਨ, ਇਥੇ ਆ ਕੇ ਉਹ ਵਿਆਹ-ਸ਼ਾਦੀਆਂ ਕਰਦੇ ਹਨ ਅਤੇ ਹੋਰ ਅਨੇਕਾਂ ਤਰ੍ਹਾਂ ਦੀ ਖ਼ਰੀਦੋ-ਫ਼ਰੋਖ਼ਤ ਕਰਦੇ ਹਨ। ਇਸ ਤੋਂ ਇਲਾਵਾ ਆਪਣੇ ਘਰਾਂ ਦਾ ਨਵੀਨੀਕਰਨ ਸਮੇਤ ਅਤੇ ਆਪਣੀਆਂ ਜਾਇਦਾਦਾਂ ਸੰਬੰਧੀ ਮਸਲਿਆਂ ਨੂੰ ਨਿਪਟਾਉਂਦੇ ਹਨ। ਉਨ੍ਹਾਂ ਦਸਿਆ ਕਿ ਜੇਕਰ ਪ੍ਰਵਾਸੀ ਪੰਜਾਬੀਆਂ ਲਈ ਵੀਜ਼ਾ ਸੇਵਾਵਾਂ 'ਤੇ



ਲੱਗੀ ਰੋਕ ਆਉਣ ਵਾਲੇ ਦਿਨਾਂ ਵਿੱਚ ਨਹੀਂ ਹਟਦੀ ਤਾਂ ਇਸ ਨਾਲ ਇਕੱਲੇ ਪੰਜਾਬ ਨੂੰ 10 ਹਜ਼ਾਰ ਕਰੋੜ ਦਾ ਨੁਕਸਾਨ ਹੋ ਸਕਦਾ ਹੈ, ਕਿਉਂਕਿ ਇਸ ਨਾਲ ਪਹਿਲਾਂ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਦੀ ਬੁਕਿੰਗ ਰੱਦ ਹੋਵੇਗੀ। ਬਹੁਤਿਆਂ ਨੂੰ ਵਾਪਸ ਪੂਰੇ ਪੈਸੇ ਵੀ ਨਹੀਂ ਮਿਲਨਗੇ। ਉਂਝ ਵੀ ਹਵਾਈ ਕੰਪਨੀਆਂ ਦਾ ਕਾਰੋਬਾਰ ਘਟੇਗਾ। ਫਿਰ ਹੋਟਲਾਂ ਦੀ ਬੁਕਿੰਗ ਕੈਂਸਲ ਹੋਵੇਗੀ। ਵਿਆਹ ਸ਼ਾਦੀਆਂ ਲਈ ਬੁੱਕ ਕੀਤੇ ਹੋਏ ਮੈਰਿਜ ਪੈਲਸਾਂ ਦੀ ਬੁਕਿੰਗ ਵੀ ਰੱਦ ਹੋਵੇਗੀ। ਪੰਜਾਬ ਵਿੱਚ ਕੱਪੜੇ ਦਾ ਕਾਰੋਬਾਰ ਕਰਨ ਵਾਲੇ ਅਤੇ ਹੋਰ ਚੀਜ਼ਾਂ ਵਸਤਾਂ ਵੇਚਣ ਵਾਲੇ ਦੁਕਾਨਦਾਰਾਂ ਨੂੰ ਵੀ ਭਾਰੀ ਨੁਕਸਾਨ ਹੋਵੇਗਾ ਅਤੇ ਪ੍ਰਵਾਸੀ ਪੰਜਾਬੀ ਇਥੇ ਆ ਕੇ ਆਪਣੇ ਪਰਿਵਾਰਕ ਕੰਮਕਾਰ ਵੀ ਨਹੀਂ ਕਰ ਸਕਣਗੇ ਅਤੇ ਨਾ ਹੀ ਆਪਣੇ ਸੰਬੰਧੀਆਂ ਨੂੰ ਮਿਲ ਸਕਣਗੇ। ਉਨ੍ਹਾਂ ਦਸਿਆ ਕਿ ਕੈਨੇਡਾ ਭਾਰਤ ਦਾ 10ਵਾਂ ਨਿਵੇਸ਼ਕਾਰ ਹੈ। ਭਾਰਤ ਵਿੱਚ ਕੈਨੇਡਾ ਸਰਕਾਰ ਵੱਲੋਂ ਵੀ ਅਤੇ ਉਥੇ ਦੀਆਂ ਨਿੱਜੀ ਕੰਪਨੀਆਂ ਵੱਲੋਂ ਵੀ ਅਨੇਕਾਂ ਤਰ੍ਹਾਂ ਦੇ ਨਿਵੇਸ਼ ਅਤੇ ਕਾਰੋਬਾਰ ਇਥੇ ਕੀਤੇ ਜਾ ਰਹੇ ਹਨ। ਇਸ ਪੱਖ ਤੋਂ ਕੈਨੇਡਾ ਭਾਰਤ ਦਾ 18ਵਾਂ ਵਪਾਰਿਕ ਭਾਈਵਾਲ ਹੈ। ਅੱਜ ਕੱਲ੍ਹ ਖਾਧ ਪਦਾਰਥ ਅਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਵਸਤਾਂ ਭਾਰਤ ਤੋਂ ਕੈਨੇਡਾ ਜਾਂਦੀਆਂ ਹਨ। ਜੇਕਰ ਦੋਵਾਂ ਦੇਸ਼ਾਂ ਦੇ ਸੰਬੰਧ ਵਿਗੜਦੇ ਹਨ ਤੇ ਜਿਸ ਤਰ੍ਹਾਂ ਦੀ ਚਰਚਾ ਚੱਲ ਰਹੀ ਹੈ, ਦੋਵੇਂ ਦੇਸ਼ ਜੇ ਇਕ-ਦੂਜੇ 'ਤੇ ਆਪਣੀ ਵਪਾਰਿਕ ਨਿਰਭਰਤਾ ਘਟਾ ਦਿੰਦੇ ਹਨ ਤਾਂ ਨਾ ਕੇਵਲ ਦੋਵਾਂ ਦੇਸ਼ਾਂ ਦੇ ਵਪਾਰਕ ਭਾਈਚਾਰਿਆਂ ਨੂੰ ਨੁਕਸਾਨ ਹੋਵੇਗਾ, ਸਗੋਂ ਆਮ ਲੋਕਾਂ ਨੂੰ ਵੀ ਇਸ ਤਰ੍ਹਾਂ ਦੀਆਂ ਖ਼ਪਤਕਾਰੀ ਵਸਤਾਂ ਮਹਿੰਗੀਆਂ ਮਿਲਣਗੀਆਂ। ਇਸ ਕਾਰਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਤੋਂ ਲੈ ਕੇ ਆਮ ਲੋਕਾਂ ਤਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਉਨ੍ਹਾਂ ਦਸਿਆ ਕਿ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣ ਨਾਲ ਜਿਹੜੇ ਪੰਜਾਬ ਦੇ ਸਾਢੇ ਤਿੰਨ ਲੱਖ ਦੇ ਲਗਭਗ ਵਿਦਿਆਰਥੀ ਕੈਨੇਡਾ ਵਿੱਚ ਸਿੱਖਿਆ ਹਾਸਲ ਕਰ ਰਹੇ ਹਨ ਅਤੇ ਸਿੱਖਿਆ ਹਾਸਿਲ ਕਰਨ ਤੋਂ ਬਾਅਦ ਉਹ ਉਥੇ ਸਥਾਈ ਨਿਵਾਸ ਲਈ ਪੀ.ਆਰ. ਦਾ ਅਮਲ ਸ਼ੁਰੂ ਕਰਨ ਦੀ ਫ਼ਿਰਾਕ ਵਿੱਚ ਹਨ, ਉਨ੍ਹਾਂ ਵਿੱਚ ਵੀ ਬੇਹੱਦ ਚਿੰਤਾ ਪਾਈ ਜਾ ਰਹੀ ਹੈ। ਇਸੇ ਤਰ੍ਹਾਂ ਜਿਹੜੇ ਹੋਰ ਵਿਦਿਆਰਥੀ ਪੰਜਾਬ ਤੋਂ ਉੱਥੇ ਜਾਣ ਲਈ ਤਿਆਰੀਆਂ ਕਰ ਰਹੇ ਹਨ ਅਤੇ ਕਰਜ਼ੇ ਚੁੱਕ ਕੇ (ਬਾਕੀ ਸਫ਼ਾ 29 'ਤੇ)

# ਲੰਡਨ 'ਚ ਭਾਰਤੀ ਸਫ਼ਾਰਤਖ਼ਾਨੇ ਬਾਹਰ ਖਾਲਿਸਤਾਨ ਸਮਰਥਕਾਂ ਵੱਲੋਂ ਰੋਸ ਮੁਜ਼ਾਹਰਾ




ਲੰਡਨ/ਏ.ਟੀ.ਨਿਊਜ਼ :-ਲੰਡਨ ਸਥਿਤ ਭਾਰਤੀ ਸਫ਼ਾਰਤਖ਼ਾਨੇ ਸਾਹਮਣੇ ਸਿੱਖ ਜਥੇਬੰਦੀਆਂ ਵੱਲੋਂ ਜ਼ਬਰਦਸਤ ਰੋਸ ਮੁਜਾਹਰਾ ਕੀਤਾ ਗਿਆ। ਸਫ਼ਾਰਤਖ਼ਾਨੇ ਬਾਹਰ ਜ਼ਬਰਦਸਤ ਪੁਲਸ ਦੀ ਮੌਜੂਦਗੀ ਹੋਣ ਦੇ ਬਾਵਜੂਦ ਦਲ ਖ਼ਾਲਸਾ, ਸਿੱਖ ਫਾਰ ਜਸਟਿਸ ਦੇ ਕਾਰਕੁੰਨਾਂ ਨੇ ਤਿਰੰਗੇ ਦਾ ਅਪਮਾਨ ਕੀਤਾ ਅਤੇ ਕੈਨੇਡਾ ਵਿੱਚ ਕਤਲ ਕੀਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਪਿੱਛੇ ਭਾਰਤ ਦਾ ਹੱਥ ਹੋਣ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਏ। ਇਹਨਾਂ ਪ੍ਰਦਰਸ਼ਨਕਾਰੀਆਂ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਾ ਅਪਮਾਨ ਕੀਤਾ ਗਿਆ। ਬੁਲਾਰਿਆਂ ਨੇ ਇਕ ਸੁਰ ਵਿੱਚ ਭਾਰਤ ਸਰਕਾਰ ਵਲੋਂ ਸਿੱਖਾਂ ਸਮੇਤ ਘੱਟ ਗਿਣਤੀ ਵਸੋਂ ਵਾਲੀਆਂ ਕੌਮਾਂ ਨੂੰ ਸਦੀਵੀ ਗੁਲਾਮ ਬਣਾਕੇ ਰੱਖਣ ਜਾਂ ਖ਼ਤਮ ਕਰਨ ਦੀਆਂ ਨੀਤੀਆਂ ਖ਼ਿਲਾਫ਼ ਆਵਾਜ ਬੁਲੰਦ ਕਰਨ, ਆਜ਼ਾਦ ਸਿੱਖ ਰਾਜ ਖਾਲਿਸਤਾਨ ਲਈ ਜੂਝਣ ਵਾਲਿਆਂ ਨੂੰ ਭਾਰਤ ਸਰਕਾਰ ਵਲੋਂ ਵੱਡੀ ਗਿਣਤੀ ਵਿੱਚ ਸ਼ਹੀਦ ਕਰਨ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਇਹ ਮਾਰੂ ਅਤੇ ਘਟੀਆ ਨੀਤੀ ਨੂੰ ਵਿਦੇਸ਼ਾਂ ਵਿੱਚ ਵਰਤਦਿਆਂ ਲਾਹੌਰ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਹਰਮੀਤ ਸਿੰਘ ਅਤੇ ਭਾਈ ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਵਿੱਚ ਗੋਲੀਆਂ ਮਰਵਾ ਕੇ ਸ਼ਹੀਦ ਕਰਵਾਇਆ ਗਿਆ। ਕੈਨੇਡਾ ਸਰਕਾਰ ਵਲੋਂ ਜਿਸ ਦਲੇਰੀ ਨਾਲ ਸੱਚ ਬਿਆਨਿਆ ਗਿਆ ਉਹ ਕਾਬਲੇ ਤਰੀਫ਼ ਹੈ। ਭਾਰਤ ਸਰਕਾਰ ਨੂੰ ਚੈਲੇਂਜ ਕਰਦਿਆਂ ਬ੍ਰਿਟੇਨ ਦੀਆਂ ਖਾਲਿਸਤਾਨੀ ਸਿੱਖ ਜਥੇਬੰਦੀਆਂ ਵਲੋਂ ਲੰਡਨ ਸਥਿਤ ਭਾਰਤੀ ਹਾਈ ਸਫ਼ਾਰਤਖ਼ਾਨੇ ਮੂਹਰੇ ਭਾਰੀ ਇਕੱਠ ਕੀਤਾ ਗਿਆ। (ਬਾਕੀ ਸਫ਼ਾ 29 'ਤੇ)

# ਕੀ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ ਲੋਕ ਸਭਾ ਚੋਣਾਂ ?

## ਸਿਆਸੀ ਹਲਕਿਆਂ ਅਤੇ ਸੱਥਾਂ 'ਚ ਕਿਆਸ ਅਰਾਈਆਂ ਦਾ ਦੌਰ ਜਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਭਾਰਤ ਦੇ ਉੱਚ ਸਿਆਸੀ ਗਲਿਆਰਿਆਂ ਤੋਂ ਲੈ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਇਹ ਚਰਚਾ ਹੋ ਰਹੀ ਹੈ ਕਿ ਭਾਰਤ ਵਿੱਚ ਅਗਾਮੀ ਲੋਕ ਸਭਾ ਚੋਣਾਂ 'ਸਮੇਂ ਤੋਂ ਪਹਿਲਾਂ' ਕਰਵਾਈਆਂ ਜਾ ਸਕਦੀਆਂ ਹਨ। ਭਾਰਤ ਵਿੱਚ ਅਗਲੇ ਸਾਲ 2024 ਵਿੱਚ ਲੋਕ ਸਭਾ ਹੋਣ ਦੀ ਸੰਭਾਵਨਾ ਹੈ। ਇਸ ਗੱਲ ਦੇ ਵਿੱਚ ਕਿੰਨੀ ਕੁ ਸੱਚਾਈ ਹੈ,ਇਹ ਗੱਲਾਂ ਭਵਿੱਖ ਦੇ ਗਰਭ ਦੇ ਵਿੱਚ ਹਨ।

ਸਿਆਸੀ ਮਾਹਿਰ ਕਹਿੰਦੇ ਹਨ ਕਿ ਮੋਦੀ ਸਰਕਾਰ ਭਾਰਤ ਵਿੱਚ ਸਮੇਂ ਤੋਂ ਪਹਿਲਾਂ ਲੋਕ ਸਭਾ ਚੋਣਾਂ ਕਰਵਾਉਣ ਦੀ ਅੰਦਰਖਾਤੇ ਤਿਆਰੀ ਕਰ ਰਹੀ ਹੈ ਪਰ ਸਰਕਾਰ ਦੀ ਕਾਰਗੁਜ਼ਾਰੀ ਅਤੇ ਤਿਆਰੀਆਂ ਨੂੰ ਵੇਖ ਕੇ ਇਸ ਤਰਾਂ ਦੇ ਅੰਦਾਜ਼ੇ ਲਗਾਏ ਜਾ ਰਹੇ ਹਨ।



2019 ਦੀਆਂ ਲੋਕ ਸਭਾ ਚੋਣਾਂ 11 ਅਪ੍ਰੈਲ ਤੋਂ 19 ਮਈ ਤੱਕ ਸੱਤ ਪੜਾਵਾਂ ਵਿੱਚ ਹੋਈਆਂ ਤੇ ਨਤੀਜੇ 23 ਮਈ ਨੂੰ ਐਲਾਨੇ ਗਏ। ਜੇਕਰ ਆਮ ਕਾਰਜਕ੍ਰਮ ਦੀ ਪਾਲਣਾ ਕੀਤੀ ਜਾਵੇ ਤਾਂ ਲੋਕ ਸਭਾ ਚੋਣਾਂ ਕਰਵਾਉਣ ਲਈ ਛੇ ਮਹੀਨੇ ਤੋਂ ਵੱਧ ਦਾ ਸਮਾਂ ਬਚਿਆ ਹੈ ਪਰ ਚੋਣ ਕਮਿਸ਼ਨ ਦੀਆਂ ਤਿਆਰੀਆਂ, ਮਤਦਾਨ ਪੜਾਵਾਂ ਦੀ ਗਿਣਤੀ ਵਧਾਉਣ ਘਟਾਉਣ ਦੀ ਯੋਜਨਾ ਤੋਂ ਜਾਹਿਰ ਹੁੰਦਾ ਹੈ ਕਿ ਚੋਣ ਕਮਿਸ਼ਨ ਸਿਰਫ਼ ਹੁਕਮ ਦੀ ਉਡੀਕ ਵਿੱਚ ਹੈ।

'ਇੰਡੀਆ' ਗਠਜੋੜ ਦਾ ਦਿਨੋਂ ਦਿਨ ਵੱਧ ਰਿਹਾ ਦਬਦਬਾ ਮੋਦੀ ਸਰਕਾਰ ਦੇ ਲਈ ਚਿੰਤਾ ਦਾ ਵਿਸ਼ਾ ਹੈ, ਚਿੰਤਾ ਜਾਇਜ਼ ਹੈ ਕਿਉਂਕਿ ਕਦੇ ਵੀ ਆਪਣੇ ਬਰਾਬਰ ਦੇ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ ਅਤੇ ਇਹ ਭਾਜਪਾ ਦੀ ਖਾਸੀਅਤ ਹੈ ਕਿ ਉਸ ਦੀ ਤਿਆਰੀ ਮਹੀਨਿਆਂ ਦੀ ਨਹੀਂ ਬਲਕਿ ਸਾਲਾਂ ਦੀ ਹੁੰਦੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਚੰਦਰਯਾਨ-3, ਜੀ-20 ਸੰਮੇਲਨ ਅਤੇ ਹੁਣ ਮਹਿਲਾ ਰਿਜ਼ਰਵੇਸ਼ਨ ਬਿੱਲ ਤੋਂ ਸ਼ੁਰੂ ਹੋਈ ਸਫਲਤਾ ਦੀ ਲੜੀ ਤੋਂ ਬਾਅਦ ਮੋਦੀ ਸਰਕਾਰ ਆਪਣੇ ਆਪ ਨੂੰ ਸਫਲਤਾ ਦੀ ਕਤਾਰ ਵਿੱਚ ਖੜਾ ਮਹਿਸੂਸ ਕਰ ਰਹੀ ਹੈ। ਮਹਿਲਾ ਰਿਜ਼ਰਵੇਸ਼ਨ ਪਾਸ ਬਿੱਲ ਵਾਲੇ ਗੁੜ ਨੂੰ ਉਂਗਲ 'ਤੇ ਲਗਾ ਕੇ ਦੂਰ ਦੁਰਾਡੇ ਦੀਆਂ ਅਣਸਿਖਿਅਤ ਔਰਤਾਂ ਦਾ ਬ੍ਰੇਨ ਵਾਸ਼ ਕਰਨ ਦੇ ਲਈ ਟੀਮਾਂ ਭੇਜ ਦਿੱਤੀਆਂ ਗਈਆਂ ਹਨ।

### ਭਾਜਪਾ ਵੱਲੋਂ ਮੋਦੀ ਨੂੰ ਗਲੋਬਲ ਨੇਤਾ ਸਥਾਪਿਤ ਕਰਨ ਦਾ ਯਤਨ

ਭਾਜਪਾ ਵੱਲੋਂ ਵੀ ਮੋਦੀ ਨੂੰ ਗਲੋਬਲ ਨੇਤਾ ਸਥਾਪਿਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਮੋਦੀ ਵੱਡੀਆਂ ਪੱਛਮੀ ਸ਼ਕਤੀਆਂ ਨਾਲ ਲੜਦੇ ਹੋਏ ਆਪਣੇ ਆਪ ਨੂੰ ਗਲੋਬਲ ਸਾਊਥ ਦੇ ਨੇਤਾ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕਰਨਗੇ, ਜੋ ਭਾਰਤ ਵਰਗੀ ਵੱਡੀ ਸ਼ਕਤੀ ਦੇ ਉਭਾਰ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ ਦੁਚਿੱਤੀ ਵਿੱਚ ਹਨ ਕਿਉਂਕਿ ਭਾਰਤ ਨੂੰ ਏਸ਼ੀਆ-ਪ੍ਰਸ਼ਾਂਤ ਵਿੱਚ ਚੀਨ ਦੇ ਖ਼ਿਲਾਫ਼ ਖੜ੍ਹਾ ਕਰਨ ਦੀ ਉਨ੍ਹਾਂ ਦੀ ਚੰਗੀ ਤਰ੍ਹਾਂ ਤਿਆਰ ਕੀਤੀ ਗਈ ਨੀਤੀ ਖ਼ਤਰੇ ਵਿੱਚ ਹੋਵੇਗੀ ਜੇਕਰ ਭਾਰਤ ਆਪਣਾ ਮੌਜੂਦਾ ਹਮਲਾਵਰ ਰੁਖ਼ ਜਾਰੀ ਰੱਖਦਾ ਹੈ।

#### ਭਾਜਪਾ ਵੱਲੋਂ ਪਲਾਨ 'ਏ' ਦੇ ਨਾਲ 'ਬੀ' ਵੀ ਤਿਆਰ

ਭਾਜਪਾ ਵੱਲੋਂ ਇਸ ਸਮੇਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਹੀ ਅਗਲੀਆਂ ਲੋਕ ਸਭਾ ਚੋਣਾਂ ਲੜਨ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਲਈ ਭਾਜਪਾ ਪੂਰੀ ਤਰਾਂ ਤਿਆਰੀਆਂ ਕਰ ਰਹੀ ਹੈ।

ਇਸੇ ਕਰਕੇ ਭਾਜਪਾ ਦੇ ਮਾਹਿਰ ਹਰ ਤਰਾਂ ਦੀ ਸਥਿਤੀ ਦਾ ਮੁਲਾਂਕਣ ਕਰ ਰਹੇ ਹਨ ਅਤੇ ਹਰ ਤਰਾਂ ਦੀ ਸਥਿਤੀ ਲਈ ਵਿਸ਼ੇਸ਼ ਤੌਰ 'ਤੇ ਪਲਾਨ ਬਣਾਏ ਜਾ ਰਹੇ ਹਨ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਭਾਜਪਾ ਹਮੇਸ਼ਾ ਪਲਾਨ 'ਏ' ਦੇ ਨਾਲ ਹੀ ਪਲਾਨ 'ਬੀ' ਵੀ ਤਿਆਰ ਰੱਖਦੀ ਹੈ।

### ਕੈਨੇਡਾ-ਭਾਰਤ ਵਿਚਾਲੇ ਸਬੰਧ ਦਾ ਅਸਰ

ਖ਼ਾਲਿਸਤਾਨੀ ਨਿੱਝਰ ਦੀ ਹੱਤਿਆ ਨੂੰ ਲੈ ਕੇ ਮੌਜੂਦਾ ਭਾਰਤ-ਕੈਨੇਡਾ ਕੂਟਨੀਤਕ ਸੰਕਟ ਦੇ ਪ੍ਰਭਾਵ ਨੂੰ ਵੀ ਭਾਜਪਾ ਦਾ ਥਿੰਕ-ਟੈਂਕ ਧਿਆਨ ਵਿੱਚ ਰੱਖ ਰਿਹਾ ਹੈ। ਪ੍ਰਧਾਨ ਮੰਤਰੀ ਕੈਨੇਡੀਅਨ ਪੀਐਮ ਦੇ ਦੋਸ਼ਾਂ ਨੂੰ ਨਕਾਰਨ 'ਤੇ ਅੜੇ ਹੋਏ ਹਨ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਵੱਡੀਆਂ ਸ਼ਕਤੀਆਂ ਯਾਨੀ ਅਮਰੀਕਾ ਸਮੇਤ ਹੋਰਨਾਂ ਦੇ ਦੋਹਰੇ ਮਾਪਦੰਡਾਂ ਬਾਰੇ ਬਿਆਨ ਦਿੰਦੇ ਰਹੇ ਹਨ। ਕਾਂਗਰਸ ਨੇ ਭਾਰਤ ਸਰਕਾਰ ਦੀ ਸਥਿਤੀ ਦਾ ਪੂਰਾ ਸਮਰਥਨ ਕੀਤਾ ਹੈ, ਇਹ ਜਾਣਦੇ ਹੋਏ ਕਿ ਭਾਵੇਂ ਕੁਝ ਵੀ ਹੋ ਜਾਵੇ, ਚੋਣਾਂ ਤੋਂ ਪਹਿਲਾਂ ਇਸ ਦਾ ਸਿਆਸੀ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਫਾਇਦਾ ਹੋਵੇਗਾ।

### ਭਾਜਪਾ ਦੇ ਥਿੰਕ-ਟੈਂਕ ਚੋਣਾਂ ਲਈ ਢੁਕਵਾਂ ਸਮਾਂ ਲੱਭਣ ਵਿੱਚ ਰੁੱਝੇ

ਭਾਜਪਾ ਦੇ ਥਿੰਕ-ਟੈਂਕ ਤਜਰਬੇਕਾਰ ਚੋਣ ਰਣਨੀਤੀਕਾਰਾਂ ਦੇ ਸਹਿਯੋਗ ਨਾਲ ਪਾਰਟੀ ਲਈ ਲੋਕ ਸਭਾ ਚੋਣਾਂ ਕਰਵਾਉਣ ਲਈ ਸਭ ਤੋਂ ਢੁਕਵਾਂ ਸਮਾਂ ਲੱਭਣ ਵਿੱਚ ਰੁੱਝੇ ਹੋਏ ਹਨ। ਚੋਣਾਂ ਅਗਲੇ ਸਾਲ ਅਪ੍ਰੈਲ/ਮਈ ਵਿੱਚ ਹੋਣੀਆਂ ਹਨ, ਪਰ ਸ਼ੁਰੂਆਤੀ ਅਧਿਐਨਾਂ ਨੇ ਭਾਜਪਾ ਦੇ ਰਣਨੀਤੀਕਾਰਾਂ ਨੂੰ ਦਿਖਾਇਆ ਹੈ ਕਿ ਪਹਿਲਾਂ ਚੋਣਾਂ ਕਰਵਾਉਣਾ ਭਾਜਪਾ ਦੇ ਹਿੱਤਾਂ ਦੀ ਬਿਹਤਰ ਸੇਵਾ ਕਰੇਗਾ ਅਤੇ ਇਸ ਲਈ ਉਹ ਨਵੰਬਰ ਦੇ ਅਖੀਰ ਅਤੇ ਫਰਵਰੀ ਦੇ ਵਿਚਕਾਰ ਚੋਣਾਂ ਚਾਹੁੰਦੇ ਹਨ।

### ਚਾਰ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ

ਆਗਾਮੀ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਦਸੰਬਰ 2023 ਤੱਕ ਚਾਰ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ। ਸਿਰਫ਼ ਮੱਧ ਪ੍ਰਦੇਸ਼ ਵਿੱਚ ਇਹ ਜਨਵਰੀ 2024 ਵਿੱਚ ਹੋ ਸਕਦਾ ਹੈ। ਇਸ ਲਈ ਆਮ ਤੌਰ 'ਤੇ ਚੋਣ ਕਮਿਸ਼ਨ ਦਸੰਬਰ 2023 ਤੱਕ ਸਾਰੇ ਪੰਜ ਰਾਜਾਂ ਵਿੱਚ ਚੋਣਾਂ ਕਰਵਾਉਣਾ ਚਾਹੇਗਾ। ਜੇਕਰ ਚੋਣਾਂ ਤੈਅ ਸਮੇਂ ਅਨੁਸਾਰ ਹੁੰਦੀਆਂ ਹਨ ਅਤੇ ਭਾਜਪਾ ਹਿੰਦੀ ਦੇ ਕੇਂਦਰ ਨਾਲ ਸਬੰਧਿਤ ਤਿੰਨੋਂ ਰਾਜਾਂ ਨੂੰ ਹਾਰ ਜਾਂਦੀ ਹੈ, ਤਾਂ ਇੰਡੀਆ ਗਠਜੋੜ, ਖਾਸ ਕਰਕੇ ਕਾਂਗਰਸ ਨੂੰ ਵੱਡੀ ਤਾਕਤ ਮਿਲੇਗੀ, ਜਿਸ ਦਾ ਲੋਕ ਸਭਾ ਚੋਣਾਂ 'ਤੇ ਮਹੱਤਵਪੂਰਨ ਪ੍ਰਭਾਵ ਪਵੇਗਾ।

# ਸਿਰ ਦਾ ਮਾਮੂਲੀ ਦਰਦ ਵੀ ਬਣ ਸਕਦੈ ਬ੍ਰੇਨ ਟਿਊਮਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਿਹਤ ਦੇ ਮਾਮਲੇ ਵਿੱਚ ਸਾਵਧਾਨੀ ਬਹੁਤ ਜ਼ਰੂਰੀ ਹੈ। ਕਈ ਵਾਰ ਅਸੀਂ ਛੋਟੀਆਂ-ਮੋਟੀਆਂ ਸਮੱਸਿਆਵਾਂ ਤੋਂ ਬਚ ਜਾਂਦੇ ਹਾਂ ਤੇ ਬਾਅਦ ਵਿੱਚ ਉਹ ਸਮੱਸਿਆ ਗੰਭੀਰ ਹੋ ਜਾਂਦੀ ਹੈ। ਅਜਿਹੀ ਹੀ ਇੱਕ ਗੰਭੀਰ ਬਿਮਾਰੀ ਹੈ ਬ੍ਰੇਨ ਟਿਊਮਰ, ਜਿਸ ਦੇ ਲੱਛਣ ਸ਼ੁਰੂ ਵਿੱਚ ਆਮ ਲੱਗਦੇ ਹਨ ਪਰ ਇਸ ਦੇ ਇਲਾਜ 'ਚ ਦੇਰੀ ਕਰਨਾ ਖਤਰਨਾਕ ਹੋ ਸਕਦਾ ਹੈ। ਸ਼ੁਰੂਆਤ ਵਿੱਚ ਸਿਰ ਵਿੱਚ ਹਲਕਾ ਜਿਹਾ ਦਰਦ ਹੁੰਦਾ ਹੈ, ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਦਰਦ ਵਧਣ ਲੱਗਦਾ ਹੈ। ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ।



ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ। ਜੇਕਰ ਸ਼ੁਰੂਆਤੀ ਅਵਸਥਾ 'ਚ ਇਸ ਦਾ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਸਰਜਰੀ ਜਾਂ ਹੋਰ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਪਰ ਜੇਕਰ ਤੁਸੀਂ ਇਸ ਦੇ ਲੱਛਣਾਂ 'ਤੇ ਧਿਆਨ ਨਹੀਂ ਦਿੰਦੇ ਤਾਂ ਸਥਿਤੀ ਗੰਭੀਰ ਬਣ ਸਕਦੀ ਹੈ ਤਾਂ ਆਓ ਅਸੀਂ ਤੁਹਾਨੂੰ ਇਸ ਬਿਮਾਰੀ ਬਾਰੇ ਵਿਸਥਾਰ ਨਾਲ ਦੱਸਦੇ ਹਾਂ।

#### ਕੀ ਹੁੰਦਾ ਹੈ ਬ੍ਰੇਨ ਟਿਊਮਰ ?

ਕਿਸੇ ਵੀ ਟਿਊਮਰ ਦਾ ਮਤਲਬ ਹੈ ਕੁਝ ਟਿਸ਼ੂਜ਼ ਦਾ ਤੇਜ਼ੀ ਨਾਲ ਵਾਧਾ। ਜੇਕਰ ਇਹ ਸਰੀਰ ਦੇ ਬਾਕੀ ਹਿੱਸਿਆਂ 'ਚ ਵਧ ਜਾਵੇ ਤਾਂ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਪਰ ਜੇ ਬੰਦ ਖੋਪੜੀ 'ਚ ਟਿਸ਼ੂਜ਼ ਅਸਧਾਰਨ ਤੌਰ 'ਤੇ ਵਧਣ ਲੱਗਦੇ ਹਨ ਤਾਂ ਦਿਮਾਗ ਨੂੰ ਕਾਫ਼ੀ ਨੁਕਸਾਨ ਹੋ ਸਕਦਾ ਹੈ। ਨਾਲ ਹੀ, ਦਿਮਾਗ ਦੀ ਸਰਜਰੀ ਬਹੁਤ ਮੁਸ਼ਕਲ ਹੁੰਦੀ ਹੈ। ਇਕ ਮਾਮੂਲੀ ਗਲਤੀ ਘਾਤਕ ਹੋ ਸਕਦੀ ਹੈ। ਇਸੇ ਲਈ ਬ੍ਰੇਨ ਟਿਊਮਰ ਨੂੰ ਬਹੁਤ ਗੰਭੀਰ ਬਿਮਾਰੀ ਮੰਨਿਆ ਜਾਂਦਾ ਹੈ।

#### ਬ੍ਰੇਨ ਟਿਊਮਰ ਦੇ ਲੱਛਣ

ਇਸ 'ਚ ਪਹਿਲਾਂ ਸਿਰ 'ਚ ਲਗਾਤਾਰ ਹਲਕਾ ਦਰਦ ਰਹਿੰਦਾ ਹੈ ਜੋ ਸਮੇਂ ਦੇ ਨਾਲ ਵਧਦਾ ਜਾਂਦਾ ਹੈ। ਇਸ ਲਈ ਗੋਲੀਆਂ ਖਾ ਕੇ ਸਿਰਦਰਦ ਦੀ ਸਮੱਸਿਆ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੋ। ਸਿਰਦਰਦ ਵਧਣ ਦੇ ਨਾਲ ਬਾਅਦ ਵਿੱਚ ਲੱਛਣ ਜਿਵੇਂ ਕਿ ਚੱਕਰ ਆਉਣੇ, ਉਲਟੀਆਂ ਆਉਣਾ, ਨਜ਼ਰ ਘਟਣਾ, ਧੁੰਦਲਾ ਨਜ਼ਰ ਆਉਣਾ, ਹੱਥਾਂ-ਪੈਰਾਂ 'ਚ ਸੰਵੇਦਨਾ ਘਟਣਾ, ਬੋਲਣ ਜਾਂ ਸਮਝਣ ਵਿੱਚ ਮੁਸ਼ਕਲ ਆ ਸਕਦੀ ਹੈ। ਅਜਿਹੀ ਸਥਿਤੀ 'ਚ ਇਸ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਜੇਕਰ ਸਿਰਦਰਦ ਦੀ ਸ਼ਿਕਾਇਤ ਲਗਾਤਾਰ ਰਹਿੰਦੀ ਹੈ

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਯੂਨੈਸਕੋ ਦੀ ਵਿਸ਼ਵ ਵਿਰਾਸਤ ਦੀ ਸੰਭਾਵਿਤ ਸੂਚੀ ਵਿੱਚ ਭਾਰਤ ਦੀਆਂ 50 ਹੋਰ ਸਾਈਟਾਂ ਸ਼ਾਮਲ

ਨਵੀਂ ਦਿੱਲੀ/ਏ.ਟੀ.ਨਿਊਜ਼ : ਯੂਨੈਸਕੋ ਦੀ ਵਿਸ਼ਵ ਵਿਰਾਸਤ ਦੀ ਸੰਭਾਵਿਤ ਸੂਚੀ ਵਿੱਚ ਭਾਰਤ ਦੀਆਂ 50 ਹੋਰ ਸਾਈਟਾਂ ਵੀ ਸ਼ਾਮਲ ਹਨ। ਭਾਰਤ ਦੀਆਂ ਵਿਭਿੰਨ ਵਿਰਾਸਤੀ ਥਾਂਵਾਂ 'ਚੋਂ ਸਿਰਫ਼ ਕੁਝ ਕੁ ਨੂੰ ਹੀ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਾਈਟ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਹਾਲ ਹੀ ਵਿੱਚ ਰਬਿੰਦਰਨਾਥ ਟੈਗੋਰ ਦੇ ਸ਼ਾਂਤੀਨਿਕੇਤਨ ਅਤੇ ਕਰਨਾਟਕ ਦੇ ਹੋਇਸਾਲਾ ਮੰਦਰ ਨੂੰ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਗਿਆ ਹੈ। ਹਾਲਾਂਕਿ, ਹੁਣ ਇਸ ਸੂਚੀ ਵਿੱਚ ਭਾਰਤ ਦੀਆਂ 42 ਵਿਰਾਸਤੀ ਥਾਂਵਾਂ ਹਨ। ਇਨ੍ਹਾਂ ਵਿੱਚੋਂ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ 3 ਸੱਭਿਆਚਾਰਕ ਸਥਾਨ ਹਨ। ਭਾਰਤ ਦੀਆਂ ਅਜਿਹੀਆਂ ਸ਼ਾਨਦਾਰ ਵਿਰਾਸਤਾਂ 'ਚੋਂ 34 ਸੱਭਿਆਚਾਰਕ, 7 ਕੁਦਰਤੀ ਤੇ ਇੱਕ ਕੁਦਰਤੀ ਅਤੇ ਸੱਭਿਆਚਾਰਕ ਦਾ ਮਿਸ਼ਰਤ ਰੂਪ ਹੈ, ਜਦੋਂ ਕਿ ਯੂਨੈਸਕੋ ਦੀ ਵਿਸ਼ਵ ਵਿਰਾਸਤ ਦੀ ਸੰਭਾਵਿਤ ਸੂਚੀ ਵਿੱਚ ਦੇਸ਼ ਭਰ 'ਚ 50 ਅਜਿਹੀਆਂ ਨਾਮਜ਼ਦ ਸਾਈਟਾਂ ਹਨ, ਜੋ ਨਿਓਲਿਥਿਕ ਯੁੱਗ ਦੀਆਂ ਬਸਤੀਆਂ ਹਨ।



ਦਿੱਲੀ ਦਾ ਬਹਾਈ ਮੰਦਰ (ਲੋਟਸ ਟੈਂਪਲ ਵਜੋਂ ਜਾਣਿਆ ਜਾਂਦਾ ਹੈ) ਨੂੰ ਵੀ ਯੂਨੈਸਕੋ ਵਿਸ਼ਵ ਵਿਰਾਸਤ ਦੀ ਅਸਥਾਈ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਿੱਲੀ ਦੇ 4 ਇਤਿਹਾਸਕ ਇਲਾਕੇ ਮਹਿਰੌਲੀ, ਨਿਜ਼ਾਮੂਦੀਨ, ਸ਼ਾਹਜਹਾਨਾਬਾਦ ਅਤੇ ਨਵੀਂ ਦਿੱਲੀ ਵੀ ਇਤਿਹਾਸ ਪੱਖੋਂ ਬੇਹੱਦ ਅਮੀਰ ਹਨ। ਦਿੱਲੀ ਖੇਤਰ ਸਿਲਕ ਰੂਟ ਵਿੱਚ ਆਉਂਦਾ ਸੀ। ਪੁਰਾਤਤਵ ਖੋਜਾਂ ਨੇ ਖੁਲਾਸਾ ਕੀਤਾ ਹੈ ਕਿ ਪੁਰਾਤਨ ਇਤਿਹਾਸ ਵਾਲੇ ਦਿੱਲੀ ਵਿੱਚ ਤੀਜੀ ਸਦੀ ਤੋਂ ਚੌਥੀ ਸਦੀ ਅਤੇ ਫਿਰ ਮੁਗਲ ਕਾਲ ਤੱਕ ਸੱਭਿਆਚਾਰਕ ਵਿਰਾਸਤ ਦੀਆਂ ਕਈ ਪਰਤਾਂ ਹਨ। ਖੁਦਾਈ ਵਿੱਚ 1000-500 ਈਸਾ ਪੂਰਵ ਦੇ ਸਮੇਂ ਦੇ ਮਿੱਟੀ ਦੇ ਬਰਤਨ ਦੇ ਟੁਕੜੇ ਮਿਲੇ ਹਨ। ਇਸ ਲਈ ਮਹਿਰੌਲੀ, ਨਿਜ਼ਾਮੂਦੀਨ, ਸ਼ਾਹਜਹਾਨਾਬਾਦ ਅਤੇ ਨਵੀਂ ਦਿੱਲੀ ਨੂੰ ਪ੍ਰਸਤਾਵਿਤ ਕੀਤਾ ਗਿਆ ਹੈ ਅਤੇ ਵਿਸ਼ਵ ਵਿਰਾਸਤੀ ਸ਼ਹਿਰਾਂ ਦੀ ਸੰਭਾਵਿਤ ਸੂਚੀ ਵਿੱਚ ਨਾਂ ਦਿੱਤਾ ਗਿਆ ਹੈ।

ਵਰਤਮਾਨ ਵਿੱਚ ਦਿੱਲੀ ਵਿੱਚ ਵਿਸ਼ਵ ਵਿਰਾਸਤੀ ਸਥਾਨਾਂ ਵਿੱਚ ਲਾਲ ਕਿਲ੍ਹਾ ਕੰਪਲੈਕਸ, ਹੁਮਾਯੂੰ ਦਾ ਮਕਬਰਾ ਅਤੇ ਕੁਤੁਬ ਮੀਨਾਰ ਸ਼ਾਮਲ ਹਨ। ਇਸ ਤੋਂ ਇਲਾਵਾ 1311 ਵਿੱਚ ਬਣਿਆ ਅਲਾਈ ਦਰਵਾਜ਼ਾ ਵੀ ਪ੍ਰਸਤਾਵਿਤ ਸੂਚੀ ਵਿੱਚ ਸ਼ਾਮਲ ਹੈ, ਜੋ 2 ਨੇੜਲੀਆਂ ਮਸਜਿਦਾਂ ਨੂੰ ਆਪਸ ਵਿੱਚ ਜੋੜਦਾ ਹੈ। ਇਨ੍ਹਾਂ ਵਿਚੋਂ ਇੱਕ ਉੱਤਰੀ ਭਾਰਤ ਦੀ ਸਭ ਤੋਂ ਪੁਰਾਣੀ ਮਸਜਿਦ ਹੈ। ਇਹ ਸਮਾਰਕ ਉੱਥੇ ਪਹਿਲਾਂ ਤੋਂ ਮੌਜੂਦ ਲਗਭਗ 20 ਹਿੰਦੂ ਮੰਦਰਾਂ ਦੇ ਅਵਸ਼ੇਸ਼ਾਂ ਤੋਂ ਬਣਾਏ ਗਏ ਹਨ। ਛਤਰਪਤੀ ਸ਼ਿਵਾਜੀ ਮਹਾਰਾਜ ਦੀ ਤਾਜਪੋਸ਼ੀ ਦੇ 350 ਸਾਲ ਪੂਰੇ ਹੋਣ 'ਤੇ ਮਹਾਰਾਸ਼ਟਰ ਪੱਛਮੀ ਘਾਟ 'ਚ ਸਥਿਤ 14 ਮਰਾਠਾ ਕਿਲ੍ਹਿਆਂ ਨੂੰ ਯੂਨੈਸਕੋ ਵਿਸ਼ਵ ਵਿਰਾਸਤ ਦਾ ਦਰਜਾ ਮਿਲਣ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ।

ਪੱਛਮੀ ਘਾਟਾਂ ਨੂੰ 2012 ਤੋਂ ਵਿਸ਼ਵ ਵਿਰਾਸਤ ਐਲਾਨਿਆ ਜਾ ਚੁੱਕਾ ਹੈ ਪਰ ਇਨ੍ਹਾਂ ਪਹਾੜੀ ਅਤੇ ਦੁਰਘਟਨਾ ਵਾਲੇ ਖੇਤਰਾਂ ਵਿੱਚ ਸਥਿਤ ਮਰਾਠਾ ਯੋਧਿਆਂ ਦੇ 14 ਕਿਲ੍ਹੇ ਅਪ੍ਰੈਲ 2021 ਤੋਂ ਯੂਨੈਸਕੋ ਦੀ ਅਸਥਾਈ ਸੂਚੀ ਵਿੱਚ ਸ਼ਾਮਲ ਹਨ ਪਰ ਹੁਣ ਇਹ ਕਿਲ੍ਹੇ ਰਸਮੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਨ। ਇਨ੍ਹਾਂ ਕਿਲ੍ਹਿਆਂ 'ਚ ਰਾਏਗੜ੍ਹ, ਸ਼ਿਵਨੇਰੀ, ਰਾਜਗੜ੍ਹ, ਤੋਰਨਾ, ਲੋਹਗੜ੍ਹ (ਸਾਰੇ ਪੁਣੇ), ਨਾਸਿਕ 'ਚ ਸਾਲਹਰ, ਅੰਕਾਈ-ਟੰਕਾਈ, ਮੁਲਹਾਰ, ਕੋਲਹਾਪੁਰ 'ਚ ਰੰਗਾਨਾ, ਰਾਏਗੜ੍ਹ 'ਚ ਅਲੀਬਾਗ, ਪਦਮਦੁਰਗ, ਖਾਨਦੇਰੀ, ਸੰਧੂਗੜ੍ਹ ਦਾ ਕਿਲ੍ਹਾ ਅਤੇ ਰਤਨਾਗਿਰੀ ਵਿੱਚ ਸੁਵਰਨਦੁਰਗ ਸ਼ਾਮਲ ਹਨ।

# ਬਿਹਾਰ 'ਚ ਕਰਵਾਏ ਗਏ ਜਾਤ ਸਰਵੇਖਣ ਦੇ ਅੰਕੜੇ ਨਿਤੀਸ਼ ਸਰਕਾਰ ਵੱਲੋਂ ਜਾਰੀ

## ਸੂਬੇ ਦੀ ਕੁੱਲ ਆਬਾਦੀ 'ਚ ਓ.ਬੀ.ਸੀਜ਼ ਅਤੇ ਈ.ਬੀ.ਸੀਜ਼ (ਅਤਿ ਪੱਛੜੇ ਵਰਗ) ਦੀ ਗਿਣਤੀ 63 ਫ਼ੀਸਦੀ

ਪਟਨਾ/ਏ.ਟੀ.ਨਿਊਜ਼ : ਬਿਹਾਰ ਵਿੱਚ ਕਰਵਾਏ ਗਏ ਜਾਤ ਸਰਵੇਖਣ ਦੇ ਅੰਕੜੇ ਨਿਤੀਸ਼ ਕੁਮਾਰ ਸਰਕਾਰ ਨੇ ਬੀਤੇ ਦਿਨੀਂ ਜਾਰੀ ਕਰ ਦਿੱਤੇ ਸਨ। ਸੂਬੇ ਦੀ ਕੁੱਲ ਆਬਾਦੀ ਵਿੱਚ ਓਬੀਸੀਜ਼ ਅਤੇ ਈਬੀਸੀਜ਼ (ਅਤਿ ਪੱਛੜੇ ਵਰਗ) ਦੀ ਗਿਣਤੀ 63 ਫ਼ੀਸਦੀ ਬਣਦੀ ਹੈ। ਵਿਕਾਸ ਕਮਿਸ਼ਨਰ ਵਿਵੇਕ ਸਿੰਘ ਵੱਲੋਂ ਇਥੇ ਜਾਰੀ ਅੰਕੜਿਆਂ ਮੁਤਾਬਕ ਬਿਹਾਰ ਦੀ ਕੁੱਲ ਆਬਾਦੀ 13.07 ਕਰੋੜ ਤੋਂ ਕੁਝ ਜ਼ਿਆਦਾ ਹੈ ਜਿਸ ਵਿਚੋਂ ਅਤਿ ਪੱਛੜਾ ਵਰਗ (36 ਫ਼ੀਸਦੀ) ਨਾਲ ਸਬੰਧਤ ਲੋਕ ਸਭ ਤੋਂ ਵੱਧ ਹਨ। ਇਸ ਮਗਰੋਂ 27.13 ਫ਼ੀਸਦ ਨਾਲ ਹੋਰ ਪੱਛੜੇ ਵਰਗਾਂ ਦਾ ਨੰਬਰ ਆਉਂਦਾ ਹੈ। ਸਰਵੇਖਣ ਵਿੱਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਆਬਾਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਯਾਦਵ (14.27 ਫ਼ੀਸਦ) ਹਨ। ਯਾਦਵ ਓਬੀਸੀ ਗਰੁੱਪ ਵਿੱਚ ਆਉਂਦੇ ਹਨ ਅਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵੀ ਉਸੇ ਨਾਲ ਸਬੰਧਤ ਹਨ। ਸੂਬੇ ਦੀ ਕੁੱਲ ਆਬਾਦੀ ਵਿੱਚ ਦਲਿਤਾਂ (ਅਨੂਸੂਚਿਤ ਜਾਤਾਂ) ਦੀ ਫ਼ੀਸਦ 19.65 ਹੈ। ਬਿਹਾਰ ਵਿੱਚ ਅਨੂਸੂਚਿਤ ਕਬੀਲਿਆਂ ਨਾਲ ਸਬੰਧਤ ਕਰੀਬ 22 ਲੱਖ (1.68 ਫ਼ੀਸਦੀ) ਲੋਕ ਵਸਦੇ ਹਨ। ਅਣਰਾਖਵੇਂ ਵਰਗ ਯਾਨੀ ਉੱਚੀਆਂ ਜਾਤਾਂ ਨਾਲ ਸਬੰਧਤ 15.52 ਫ਼ੀਸਦੀ ਲੋਕ ਹਨ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਬਿਹਾਰ ਦੀ ਕੁੱਲ ਆਬਾਦੀ ਵਿੱਚ 81.99 ਫ਼ੀਸਦੀ ਹਿੰਦੂ ਹਨ ਅਤੇ ਮੁਸਲਮਾਨਾਂ ਦੀ ਆਬਾਦੀ 17.70 ਫ਼ੀਸਦੀ ਹੈ। ਇਸਾਈਆਂ, ਸਿੱਖਾਂ, ਜੈਨੀਆਂ ਅਤੇ ਹੋਰ ਧਰਮਾਂ ਦੇ ਲੋਕਾਂ ਦੀ ਬਹੁਤ ਥੋੜ੍ਹੀ ਆਬਾਦੀ ਹੈ ਅਤੇ ਸੂਬੇ ਦੀ ਕੁੱਲ ਆਬਾਦੀ ਵਿੱਚ ਉਨ੍ਹਾਂ ਦੀ ਗਿਣਤੀ ਇੱਕ ਫ਼ੀਸਦ ਤੋਂ ਵੀ ਘੱਟ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਬਿਆਨ ਜਾਰੀ ਕਰਕੇ ਸਰਵੇਖਣ ਦਾ ਅਮਲ ਨੇਪਰੇ ਚਾੜ੍ਹਨ ਵਾਲੇ ਸਰਕਾਰੀ ਅਧਿਕਾਰੀਆਂ ਦੀ ਟੀਮ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਸਾਰੀਆਂ ਨੌਂ ਸਿਆਸੀ ਪਾਰਟੀਆਂ ਦੀ ਮੀਟਿੰਗ ਸੱਦ ਕੇ ਉਨ੍ਹਾਂ ਨਾਲ ਅੰਕੜੇ ਸਾਂਝੇ ਕੀਤੇ ਜਾਣਗੇ। ਆਰਜੇਡੀ ਪ੍ਰਧਾਨ ਲਾਲੂ ਪ੍ਰਸਾਦ, ਜੋ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਦੇ ਪਿਤਾ ਹਨ, ਨੇ ਵੀ ਕਿਹਾ ਕਿ

### ਸਮਾਜਵਾਦੀ ਪਾਰਟੀ ਨੇ ਬਿਹਾਰ ਸਰਕਾਰ ਵੱਲੋਂ ਅੰਕੜੇ ਜਾਰੀ ਕੀਤੇ ਜਾਣ ਦਾ ਕੀਤਾ ਸਵਾਗਤ



ਇਸ ਨਾਲ ਕੌਮੀ ਪੱਧਰ 'ਤੇ ਜਾਤੀ ਜਨਗਣਨਾ ਦਾ ਮੁੱਢ ਬੱਝ ਜਾਵੇਗਾ ਜੋ ਕੇਂਦਰ ਵਿੱਚ ਅਗਲੀ ਸਰਕਾਰ ਬਣਨ 'ਤੇ ਕਰਵਾਈ ਜਾਵੇਗੀ। ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਕਿਹਾ ਕਿ ਸੂਬਾ ਸਰਕਾਰ ਵਿਗਿਆਨਕ ਅੰਕੜਿਆਂ ਦੇ ਆਧਾਰ 'ਤੇ ਭਲਾਈ ਯੋਜਨਾਵਾਂ ਲਿਆਉਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਯੂਪੀ ਦੇ ਮਰਹੂਮ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਅਤੇ ਮਰਹੂਮ ਸ਼ਰਦ ਯਾਦਵ ਨੂੰ ਯਾਦ ਕਰਦਿਆਂ ਕਿਹਾ ਕਿ ਜਨਗਣਨਾ ਦੇ ਵਿਚਾਰ ਲਈ ਦੋਵੇਂ ਆਗੂਆਂ ਨੇ ਹਮਾਇਤ ਦਿੱਤੀ ਸੀ। ਭਾਜਪਾ ਪ੍ਰਦੇਸ਼ ਪ੍ਰਧਾਨ ਸਮਰਾਟ ਚੌਧਰੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਸਰਵੇਖਣ ਲਈ ਸਹਿਮਤੀ ਨਹੀਂ ਦਿੱਤੀ ਸੀ ਅਤੇ ਉਹ ਇਸ ਦੇ ਜਨਤਕ ਕੀਤੇ ਗਏ ਅੰਕੜਿਆਂ ਦਾ ਮੁਲਾਂਕਣ ਕਰਨਗੇ।

ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ ਨੇ ਬਿਹਾਰ ਸਰਕਾਰ ਵੱਲੋਂ ਜਾਤੀ ਆਧਾਰਿਤ ਸਰਵੇਖਣ ਦੇ ਅੰਕੜੇ ਜਾਰੀ ਕੀਤੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਸਿਆਸਤ ਛੱਡ ਕੇ ਦੇਸ਼ ਪੱਧਰੀ ਜਾਤੀ ਜਨਗਣਨਾ ਕਰਵਾਏ। ਅਖਿਲੇਸ਼ ਨੇ 'ਐਕਸ' 'ਤੇ ਪੋਸਟ ਕੀਤਾ ਕਿ ਜਾਤੀ ਜਨਗਣਨਾ 85-15 ਦੇ ਸੰਘਰਸ਼ ਦਾ ਨਹੀਂ ਸਗੋਂ ਸਹਿਯੋਗ ਦਾ ਨਵਾਂ ਰਾਹ ਖੋਲ੍ਹੇਗੀ ਅਤੇ ਸਾਰਿਆਂ ਦੇ ਹੱਕ ਦੇ ਹਮਾਇਤੀ ਇਸ ਦਾ ਪੱਖ ਪੂਰਨਗੇ। ਉਨ੍ਹਾਂ ਕਿਹਾ ਕਿ ਜਦੋਂ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਉਹ ਗਿਣਤੀ ਵਿੱਚ ਕਿੰਨੇ ਹਨ ਤਾਂ ਉਨ੍ਹਾਂ ਵਿੱਚ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ ਤੇ ਸਮਾਜਿਕ ਬੇਇਨਸਾਫ਼ੀ ਖ਼ਿਲਾਫ਼ ਜਾਗਰੂਕਤਾ ਵਧਦੀ ਹੈ। ਉਨ੍ਹਾਂ ਕਿਹਾ ਕਿ ਪੀਡੀਏ (ਪੱਛੜੇ, ਦਲਿਤ, ਘੱਟ ਗਿਣਤੀ) ਹੀ ਭਵਿੱਖ ਦੀ ਸਿਆਸਤ ਤੈਅ ਕਰੇਗਾ।

ਸਿਆਸਤ ਦੀ ਨਬਜ਼ ਸਮਝਣ ਵਾਲਿਆਂ ਦਾ ਮੰਨਣਾ ਹੈ ਕਿ ਪਹਿਲਾਂ ਵਿਰੋਧੀ ਧਿਰ ਨੂੰ ਇੱਕਜੁੱਟ ਕਰਕੇ ਅਤੇ ਹੁਣ ਬਿਹਾਰ ਵਿੱਚ ਜਾਤੀ ਜਨਗਣਨਾ ਕਰਵਾ ਕੇ ਅਤੇ ਵਿਰੋਧੀ ਪਾਰਟੀਆਂ ਨੂੰ ਇੱਕ ਨਵਾਂ ਮੁੱਦਾ ਦੇ ਕੇ ਨਿਤੀਸ਼ ਕੁਮਾਰ ਨੇ ਬੜੀ ਸਮਝਦਾਰੀ ਨਾਲ ਭਾਜਪਾ ਨੂੰ ਵੱਡੀ ਸੱਟ ਮਾਰੀ ਹੈ। ਨਿਤੀਸ਼ ਕੁਮਾਰ ਦੀਆਂ ਇਨ੍ਹਾਂ ਦੋਹਾਂ ਕਾਰਵਾਈਆਂ ਨੇ ਭਾਜਪਾ ਨੂੰ ਕਾਫੀ ਪ੍ਰੇਸ਼ਾਨ ਕੀਤਾ ਹੈ। ਪ੍ਰਧਾਨ ਮੰਤਰੀ ਮੰਤਰੀ ਮੋਦੀ ਵਲੋਂ ਵਿਰੋਧ ਇਸੇ ਗਲ ਦਾ ਸਬੂਤ ਹੈ। ਮੰਨਿਆ ਜਾ ਰਿਹਾ ਹੈ ਕਿ ਵਿਰੋਧੀ ਧਿਰ ਦੀ ਏਕਤਾ ਅਤੇ ਜਾਤੀ ਜਨਗਣਨਾ ਦੇ ਇਹ ਦੋਵੇਂ ਮੁੱਦੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾ ਸਕਦੇ ਹਨ। 2024 ਤੋਂ ਬਾਅਦ ਉਨ੍ਹਾਂ ਦੇ ਸਿਆਸੀ ਕੈਰੀਅਰ ਦੇ ਅੰਤ ਦੀ ਭਵਿੱਖਬਾਣੀ ਕਰਨ ਵਾਲੇ ਨਿਤੀਸ਼ ਕੁਮਾਰ ਦੇ ਵਿਰੋਧੀ ਵੀ ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਚਾਣਕਯ ਮੰਨ ਰਹੇ ਹਨ। ਜਾਤੀ ਜਨਗਣਨਾ ਕਰਵਾ ਕੇ ਨਿਤੀਸ਼ ਕੁਮਾਰ ਨੇ ਹੁਣ ਦੇਸ਼ ਭਰ ਦੀਆਂ ਭਾਜਪਾ ਵਿਰੋਧੀ ਪਾਰਟੀਆਂ ਜਾਂ ਵਿਰੋਧੀ ਧਿਰਾਂ ਨੂੰ ਨਵਾਂ ਚੋਣ ਮੁੱਦਾ ਦੇ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਹੁਣ ਜਾਤੀ ਜਨਗਣਨਾ ਦੀ ਮੰਗ ਜ਼ੋਰ-ਸ਼ੋਰ ਨਾਲ ਉਠਾਉਣਗੀਆਂ। ਇਹ ਲੋਕ ਸਭਾ ਚੋਣਾਂ ਵਿੱਚ ਇੱਕ ਵੱਡਾ ਚੋਣ ਮੁੱਦਾ ਬਣ ਜਾਵੇਗਾ। ਇਹ ਏਨਾ ਅਹਿਮ ਮੁੱਦਾ ਹੈ ਕਿ ਭਾਜਪਾ ਕੋਲ ਇਸ ਦਾ ਕੋਈ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਾਤੀ ਜਨਗਣਨਾ ਦਾ ਮੁੱਦਾ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਵੱਡਾ ਨੁਕਸਾਨ ਪਹੁੰਚਾ ਸਕਦਾ ਹੈ।

ਜੇਕਰ ਲੋਕ ਸਭਾ ਚੋਣਾਂ ਵਿੱਚ ਜਾਤੀ ਜਨਗਣਨਾ ਇੱਕ ਵੱਡਾ ਮੁੱਦਾ ਬਣ ਜਾਂਦੀ ਹੈ ਅਤੇ ਭਾਰਤ ਗਠਜੋੜ ਨੂੰ ਇਸ ਦਾ ਫਾਇਦਾ ਹੁੰਦਾ ਹੈ ਤਾਂ ਇਸ ਦਾ ਬਹੁਤਾ ਸਿਹਰਾ ਨਿਤੀਸ਼ ਕੁਮਾਰ ਨੂੰ ਜਾਵੇਗਾ। ਜਾਤੀ ਜਨਗਣਨਾ ਕਰਵਾ ਕੇ ਉਸ ਨੇ ਭਾਜਪਾ ਦੇ ਹਿੰਦੁਤਵੀ ਏਜੰਡੇ ਦੇ ਟਾਕਰੇ ਵਜੋਂ ਵਿਰੋਧੀ ਧਿਰ ਨੂੰ ਇੱਕ ਅਜਿਹਾ ਹਥਿਆਰ ਦਿੱਤਾ ਹੈ, ਜੋ ਮੌਜੂਦਾ ਭਾਰਤੀ ਸਿਆਸਤ ਦੀ ਸਮੁੱਚੀ ਤਸਵੀਰ ਬਦਲ ਸਕਦਾ ਹੈ।

### ਮੋਦੀ ਜਾਤੀ ਸਰਵੇਖਣ ਦੇ ਵੇਰਵਿਆਂ ਤੋਂ ਔਖੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਨਾਂ ਲਏ ਬਿਨਾ ਤਿੱਖਾ ਨਿਸ਼ਾਨਾ ਸੇਧਿਆ ਤੇ ਕਿਹਾ ਕਿ ਵਿਰੋਧੀ ਪਾਰਟੀ ਛੇ ਦਹਾਕਿਆਂ ਤੋਂ ਗਰੀਬਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਮੁਲਕ ਨੂੰ ਜਾਤੀ ਦੇ ਅਧਾਰ ਉਤੇ ਵੰਡ ਰਹੀ ਹੈ, ਤੇ ਇਹੀ 'ਪਾਪ' ਹੁਣ ਫਿਰ ਕੀਤਾ ਜਾ ਰਿਹਾ ਹੈ। ਮੋਦੀ ਦੀ ਇਹ ਟਿੱਪਣੀ ਉਦੋਂ ਆਈ ਹੈ ਜਦ ਬਿਹਾਰ ਦੀ ਨਿਤੀਸ਼ ਕੁਮਾਰ ਸਰਕਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਕਈ ਮਹੀਨੇ ਪਹਿਲਾਂ ਜਾਤੀ ਸਰਵੇਖਣ ਦੇ ਵੇਰਵੇ ਜਾਰੀ ਕੀਤੇ ਹਨ।

### ਮੋਦੀ ਸਰਕਾਰ ਸਮਾਜਿਕ ਨਿਆਂ ਲਈ ਦੇਸ਼ ਵਿੱਚ ਜਾਤੀ ਜਨਗਣਨਾ ਕਰਵਾਏ: ਕਾਂਗਰਸ

ਨਵੀਂ ਦਿੱਲੀ: ਕਾਂਗਰਸ ਨੇ ਬਿਹਾਰ ਸਰਕਾਰ ਵੱਲੋਂ ਜਾਤ ਸਰਵੇਖਣ ਦੇ ਅੰਕੜੇ ਜਾਰੀ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦਿਆਂ ਕੇਂਦਰ ਨੂੰ ਕਿਹਾ ਹੈ ਕਿ ਉਹ ਅਜਿਹਾ ਅਮਲ ਕੌਮੀ ਪੱਧਰ 'ਤੇ ਵੀ ਸ਼ੁਰੂ ਕਰਵਾਏ ਤਾਂ ਜੋ ਸਮਾਜਿਕ ਨਿਆਂ ਯਕੀਨੀ ਬਣਾਇਆ ਜਾ ਸਕੇ।



ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ 'ਐਕਸ' 'ਤੇ ਕਿਹਾ ਕਿ ਬਿਹਾਰ ਦੇ ਜਾਤ ਸਰਵੇਖਣ ਨੇ ਸਾਬਿਤ ਕਰ ਦਿੱਤਾ ਹੈ ਕਿ ਸੂਬੇ ਦੀ 84 ਫ਼ੀਸਦ ਆਬਾਦੀ ਓਬੀਸੀਜ਼, ਐੱਸਸੀਜ਼ ਅਤੇ ਐੱਸਟੀਜ਼ ਨਾਲ ਸਬੰਧਤ ਹੈ ਅਤੇ ਉਨ੍ਹਾਂ ਦਾ ਹਿੱਸਾ ਵੀ ਆਬਾਦੀ ਮੁਤਾਬਕ ਹੀ ਹੋਣਾ ਚਾਹੀਦਾ ਹੈ। ਰਾਹੁਲ ਨੇ ਕਿਹਾ ਕਿ ਕੇਂਦਰ ਸਰਕਾਰ ਦੇ 90 ਸਕੱਤਰਾਂ ਵਿਚੋਂ ਸਿਰਫ਼ ਤਿੰਨ ਹੀ ਓਬੀਸੀਜ਼ ਨਾਲ ਸਬੰਧਤ ਹਨ ਜੋ ਦੇਸ਼ ਦੇ ਬਜਟ ਦਾ ਸਿਰਫ਼ 5 ਫ਼ੀਸਦ ਹੀ ਦੇਖਦੇ ਹਨ। ਇਸ ਲਈ ਦੇਸ਼ ਦੇ ਜਾਤ ਅੰਕੜਿਆਂ ਨੂੰ ਜਾਣਨਾ ਬਹੁਤ ਅਹਿਮ ਹੈ। ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਕਾਂਗਰਸ ਦੀ ਅਗਵਾਈ ਹੇਠਲੀ ਯੂਪੀਏ ਸਰਕਾਰ ਨੇ ਜਨਗਣਨਾ ਕਰਵਾਈ ਸੀ ਪਰ ਮੋਦੀ ਸਰਕਾਰ ਨੇ ਉਸ ਦੇ ਅੰਕੜੇ ਨਸ਼ਰ ਨਹੀਂ ਕੀਤੇ ਹਨ। ਕਾਂਗਰਸ ਨੇ ਕਿਹਾ ਕਿ ਬਿਹਾਰ 'ਚ ਜਾਤ ਆਧਾਰਿਤ ਸਰਵੇਖਣ ਦੇ ਅੰਕੜਿਆਂ ਨਾਲ ਸਮਾਜ ਵਿਚ ਵੱਖ ਵੱਖ ਵਰਗਾਂ ਦੀ ਹਿੱਸੇਦਾਰੀ ਸਾਹਮਣੇ ਆ ਗਈ ਹੈ।

# ਇੰਡੀਆ ਤੇ ਪੱਛਮ ਦੀ ਖਿੱਚੋਤਾਣ ਸਿੱਖਾਂ ਲਈ ਚੁਣੌਤੀਆਂ ਤੇ ਸੰਭਾਵਨਾਵਾਂ ਵਧਾਏਗੀ: ਪੰਥ ਸੇਵਕ ਸ਼ਖ਼ਸੀਅਤਾਂ

## ਇੰਡੀਆ ਦੇ ਜੁਰਮਾਂ ਤੇ ਖ਼ਾਲਿਸਤਾਨ ਦੇ ਸੰਕਲਪ ਬਾਰੇ ਕੌਮਾਂਤਰੀ ਪੱਧਰ ਉੱਤੇ ਪੱਖ ਰੱਖਣ ਦੀ ਲੋੜ

ਅੰਮ੍ਰਿਤਸਰ/ਏ.ਟੀ.ਨਿਊਜ਼ : ਕੈਨੇਡਾ ਰਹਿੰਦੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੇ ਕੈਨੇਡਾ ਵਿੱਚ ਹੋਏ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੋਣ ਦੇ ਕੈਨੇਡਾ ਸਰਕਾਰ ਵੱਲੋਂ ਕੀਤੇ ਖ਼ੁਲਾਸੇ ਤੋਂ ਬਾਅਦ ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਵੱਲੋਂ ਸਾਰੀ ਸਥਿਤੀ ਬਾਰੇ ਆਪਣੀ ਸਾਂਝੀ ਰਾਏ ਸ੍ਰੀ ਅੰਮ੍ਰਿਤਸਰ ਵਿਖੇ ਸਾਹਮਣੇ ਰੱਖੀ ਗਈ।



ਪੰਥ ਸੇਵਕਾਂ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ ਅਤੇ ਭਾਈ ਸਤਨਾਮ ਸਿੰਘ ਖੰਡੇਵਾਲਾ ਨੇ ਕਿਹਾ ਕਿ ਹੰਕਾਰ ਵਿੱਚ ਆਈ ਭਾਰਤ ਸਰਕਾਰ ਨੇ ਕੈਨੇਡਾ ਦੀ ਧਰਤੀ ਉੱਤੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕਰਕੇ ਕੈਨੇਡਾ ਦੀ ਪ੍ਰਭੂਸਤਾ ਵਿੱਚ ਸਿੱਧੀ ਦਖ਼ਲ-ਅੰਦਾਜ਼ੀ ਕੀਤੀ ਹੈ।

ਉਹਨਾਂ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਕੀਤਾ ਗਿਆ ਖ਼ੁਲਾਸਾ ਸਿਰਫ਼ ਸਿੱਖਾਂ, ਕੈਨੇਡਾ ਅਤੇ ਇੰਡੀਆ ਤੱਕ ਹੀ ਸੀਮਤ ਨਹੀਂ ਹੈ। ਇਸ ਦੀਆਂ ਤੰਦਾਂ ਦੱਖਣੀ ਏਸ਼ੀਆ ਦੀ ਭੂ-ਰਾਜਨੀਤੀ ਤੇ ਇਸ ਵਿੱਚ ਕੌਮਾਂਤਰੀ ਤਾਕਤਾਂ ਦੀ ਰੁਚੀ ਨਾਲ ਜੁੜੀਆਂ ਹੋਈਆਂ ਹਨ।

ਭਾਈ ਦਲਜੀਤ ਸਿੰਘ ਤੇ ਭਾਈ ਨਰਾਇਣ ਸਿੰਘ ਨੇ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਦੇਸ਼ ਦੇ ਸਿਖਰਲੇ ਅਦਾਰੇ ਪਾਰਲੀਮੈਂਟ ਵਿੱਚ ਇੰਡੀਆ ਉੱਤੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਦੀ ਵਾਰਦਾਤ ਵਿੱਚ ਸ਼ਮੂਲੀਅਤ ਦਾ ਇਲਜ਼ਾਮ ਲਾਇਆ ਗਿਆ ਹੈ। ਅਜਿਹਾ ਕਰਦਿਆਂ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਅਧਾਰਤ ਸਾਂਝੇ ਖ਼ੁਫ਼ੀਆ ਤੰਤਰ 'ਫਾਈਵ ਆਈ ਅਲਾਇੰਸ' ਵੱਲੋਂ ਭਾਈ ਨਿੱਝਰ ਦੇ ਕਤਲ ਬਾਰੇ ਗੁਪਤ ਜਾਣਕਾਰੀ ਦਿੱਤੇ ਜਾਣ ਦਾ ਉਚੇਚਾ ਜ਼ਿਕਰ ਕੀਤਾ ਹੈ। ਕੈਨੇਡਾ ਦੀ ਕਾਰਵਾਈ ਪਿੱਛੇ ਪੱਛਮੀ ਤਾਕਤਾਂ ਵੱਲੋਂ ਦੱਖਣੀ ਏਸ਼ੀਆ ਦੇ ਖ਼ਿੱਤੇ ਪ੍ਰਤੀ ਅਪਣਾਏ ਜਾ ਰਹੇ ਮਹੱਤਵਪੂਰਨ ਰੁਖ ਨੂੰ ਦਰਸਾਉਂਦਾ ਹੈ।

ਉਹਨਾਂ ਕਿਹਾ ਕਿ ਇੰਡੀਆ ਬਾਰੇ ਕੈਨੇਡਾ ਦਾ ਇਹ ਕਦਮ ਪੱਛਮੀ ਤਾਕਤਾਂ ਦੀ ਸੋਚ-ਸਮਝ ਕੇ ਕੀਤੀ ਕਾਰਵਾਈ ਹੈ। ਇੱਕ ਖ਼ਾਲਿਸਤਾਨੀ ਸਿੱਖ ਆਗੂ ਦੇ ਕੈਨੇਡਾ ਵਿੱਚ ਇੰਡੀਆ ਵੱਲੋਂ ਕੀਤੇ ਕਤਲ ਨਾਲ ਜੁੜੇ ਹੋਣ ਕਰਕੇ ਇਹ ਕਾਰਵਾਈ ਸਿੱਖਾਂ ਲਈ ਬਹੁਤ ਅਹਿਮ ਹੈ। ਇਹ ਮਸਲਾ ਕੌਮਾਂਤਰੀ ਤਾਕਤਾਂ ਦੇ ਭੇੜ ਦਾ ਇਕ ਅਜਿਹਾ ਨੁਕਤਾ ਬਣ ਰਿਹਾ ਹੈ ਜਿਸ ਦੇ ਐਨ ਕੇਂਦਰ ਵਿੱਚ ਸਿੱਖ ਅਤੇ ਖ਼ਾਲਿਸਤਾਨ ਦਾ ਮਸਲਾ ਆ ਗਿਆ ਹੈ।ਸਰਕਾਰ ਨਸ਼ਿਆਂ, ਗੈਂਗਵਾਦ ਤੇ ਮੁਜ਼ਰਮਾਨਾ ਕਾਰਵਾਈਆਂ, ਜਿਨ੍ਹਾਂ ਦਾ ਖ਼ਾਲਿਸਤਾਨ ਦੇ ਆਦਰਸ਼, ਸੰਕਲਪ ਅਤੇ ਸਰਗਰਮੀ ਨਾਲ ਕੋਈ ਵੀ ਨਾਤਾ ਨਹੀਂ ਹੈ, ਨੂੰ ਸਿੱਖਾਂ ਅਤੇ ਖ਼ਾਲਿਸਤਾਨ ਦੇ ਸਿਰ ਮੜ੍ਹਨ ਦਾ ਯਤਨ ਹੋਰ ਤੇਜ ਕਰੇਗੀ। ਪੰਥ ਸੇਵਕਾਂ ਨੇ ਕਿਹਾ ਕਿ ਇਸ ਵੇਲੇ ਜਿੱਥੇ ਇਹ ਚੁਣੌਤੀਆਂ ਤੇ ਖ਼ਦਸ਼ੇ ਉੱਭਰ ਰਹੇ ਹਨ ਓਥੇ ਬਣ ਰਹੇ ਹਾਲਾਤ ਵਿੱਚ ਸਿੱਖਾਂ ਲਈ ਨਵੀਆਂ ਸੰਭਾਵਨਾਵਾਂ ਵੀ ਪੈਦਾ ਹੋ ਰਹੀਆਂ ਹਨ। ਸਿੱਖਾਂ ਨੂੰ ਇਸ ਮੌਕੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਣਾ ਚਾਹੀਦਾ ਹੈ ਅਤੇ ਖ਼ਾਲਿਸਤਾਨ ਦੇ ਪਵਿੱਤਰ ਸੰਕਲਪ ਬਾਰੇ ਸਪਸ਼ਟਤਾ ਲਿਆਉਣੀ ਤੇ ਫੈਲਾਉਣੀ ਚਾਹੀਦੀ ਹੈ।ਇੰਡੀਆ ਵੱਲੋਂ ਖ਼ਾਲਿਸਤਾਨ ਅਤੇ ਸਿੱਖਾਂ ਦੀ ਆਜ਼ਾਦੀ ਦੇ ਵਿਚਾਰ ਦੇ ਵਿਰੁਧ ਕੀਤੇ ਜਾ ਰਹੇ ਭੰਡੀ ਪਰਚਾਰ ਦਾ ਪਰਦਾ ਫਾਸ਼ ਕਰਨਾ ਚਾਹੀਦਾ ਹੈ। ਸਿੱਖ ਲਈ ਇਹ ਬਹੁਤ ਜਰੂਰੀ ਹੈ ਕਿ ਗੁਰੂ ਖਾਲਸਾ ਪੰਥ ਦੇ ਧੁਰ ਦਰਗਾਹੀ ਪਾਤਸ਼ਾਹੀ ਦਾਅਵੇ ਨੂੰ ਇਕ ਵਿਲੱਖਣ ਤੇ ਆਜ਼ਾਦਾਨਾ ਦਾਅਵੇ ਵੱਜੋਂ ਪਰਗਟ ਕਰਦਿਆਂ 'ਰਾਜ ਦੇ ਸਿੱਖ ਸੰਕਲਪ' (ਸਿੱਖ ਆਈਡਿਆ ਆਫ਼ ਸਟੇਟ) ਬਾਰੇ ਆਪਣਾ ਪੱਖ ਸੰਸਾਰ ਸਾਹਮਣੇ ਪੇਸ਼ ਕਰਨ। ਭਾਈ ਭੁਪਿੰਦਰ ਸਿੰਘ ਭਲਵਾਨ ਅਤੇ ਭਾਈ ਰਾਜਿੰਦਰ ਸਿੰਘ ਮੁਗਲਵਾਲ ਨੇ ਕਿਹਾ ਕਿ ਪੱਛਮੀ ਮੁਲਕਾਂ ਵਿੱਚ ਸਰਗਰਮ ਸਿੱਖਾਂ ਨੂੰ ਘੱਲੂਘਾਰਾ ਜੂਨ 1984, ਨਵੰਬਰ 1984 ਦੀ ਸਿੱਖ ਨਸਲਕੁਸ਼ੀ ਅਤੇ 1980-1990ਵਿਆਂ ਵਿੱਚ ਪੰਜਾਬ ਵਿੱਚ ਹੋਏ ਮਨੁੱਖਤਾ ਖ਼ਿਲਾਫ਼ ਜ਼ੁਰਮਾਂ ਤੇ ਗੈਰ ਨਿਆਇਕ ਕਤਲਾਂ ਦੇ ਮਾਮਲੇ ਕੌਮਾਂਤਰੀ ਮੰਚਾਂ ਉੱਤੇ ਵਿਚਾਰਨ ਬਾਰੇ ਉਚੇਚੀ ਸਰਗਰਮੀ ਕਰਨੀ ਚਾਹੀਦੀ ਹੈ।

(ਬਾਕੀ ਸਫ਼ਾ 30 'ਤੇ)

## ਪੰਜਾਬ 'ਚ ਰਾਜਿਆਂ ਦੇ ਮਹਿਲ ਤੇ ਕਿਲ੍ਹੇ ਬਣਨਗੇ ਹੁਣ ਸੈਰ-ਸਪਾਟੇ ਦਾ ਸਥਾਨ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ ਪੁਰਾਣੇ ਮਿਊਜ਼ੀਅਮ, ਰਾਜਿਆਂ ਦੇ ਮਹਿਲ ਅਤੇ ਕਿਲ੍ਹੇ ਹੁਣ ਸੈਰ-ਸਪਾਟੇ ਦਾ ਸਥਾਨ ਬਣਨਗੇ। ਇਸ ਦੇ ਲਈ ਪੰਜਾਬ ਸਰਕਾਰ ਵੱਲੋਂ ਪੁਰਾਣੀਆਂ ਇਮਾਰਤਾਂ ਨੂੰ ਸੁਆਰਿਆ ਜਾ ਰਿਹਾ ਹੈ। ਪੰਜਾਬ ਦੇ ਸੈਰ-ਸਪਾਟਾ ਵਿਭਾਗ ਵੱਲੋਂ ਸੂਬੇ 'ਚ ਹੈਰੀਟੇਜ ਸਰਕਟ ਥੀਮ 'ਤੇ ਕੰਮ ਕੀਤਾ ਜਾ ਰਿਹਾ ਹੈ।



ਵਿਭਾਗ ਦੇ ਕਰਮਚਾਰੀਆਂ ਨੇ ਦੱਸਿਆ ਕਿ ਪੰਜਾਬ 'ਚ ਰਾਜਿਆਂ ਦੇ ਮਹਿਲ-ਕਿਲ੍ਹਿਆਂ ਨੂੰ ਸੈਰ-ਸਪਾਟੇ ਵਾਲੀ ਥਾਂ ਬਣਾਇਆ ਜਾਵੇਗਾ। ਇਨ੍ਹਾਂ ਨਾਲ ਜੁੜੇ ਕਿੱਸਿਆਂ ਨੂੰ ਵੀ ਸੋਸ਼ਲ ਮੀਡੀਆ, ਟੂਰਿਸਟ ਆਪਰੇਟਰਜ਼ ਜ਼ਰੀਏ ਪ੍ਰਚਾਰਿਤ ਕੀਤਾ ਜਾਵੇਗਾ।ਇਸ ਤੋਂ ਇਲਾਵਾ ਸੂਬੇ 'ਚ ਸਰਹੱਦੀ ਪਿੰਡਾਂ ਨੂੰ ਵੀ ਟੂਰਿਸਟ ਵਾਲੀ ਥਾਂ ਦੇ ਰੂਪ 'ਚ ਵਿਕਸਿਤ ਕਰਨ ਦੀ ਯੋਜਨਾ ਹੈ। ਕਪੂਰਥਲਾ 'ਚ ਮਹਾਰਾਜਾ ਜਗਤਜੀਤ ਸਿੰਘ ਨੇ 19ਵੀਂ ਸਦੀ 'ਚ ਦਰਬਾਰ ਹਾਲ ਤਿਆਰ ਕਰਵਾਇਆ ਸੀ। ਇਹ ਅੰਦਰੋਂ ਸ਼ੀਸ਼ੇ ਦਾ ਬਣਿਆ ਹੋਇਆ ਸੀ। ਇਸ ਹਾਲ 'ਚ ਕਦੇ ਰਾਜੇ ਦਾ ਦਰਬਾਰ ਲੱਗਿਆ ਕਰਦਾ ਸੀ, ਜਿੱਥੇ ਲੋਕਾਂ ਦੀਆਂ ਪਰੇਸ਼ਾਨੀਆਂ ਸੁਣੀਆਂ ਜਾਂਦੀਆਂ ਸਨ। ਇਸ ਨੂੰ ਵੀ ਤਿਆਰ ਕੀਤਾ ਗਿਆ ਹੈ।

### ਮਾਮਲਾ ਬਹਿਬਲ ਕਲਾਂ ਗੋਲੀ ਕਾਂਡ ਦਾ

## 'ਆਪ' ਸਰਕਾਰ ਦੀ ਬੇਇਨਸਾਫ਼ੀ ਤੋਂ ਤੰਗ ਸੁਖਰਾਜ ਸਿੰਘ 12 ਅਕਤੂਬਰ ਤੋਂ ਮਰਨ ਵਰਤ 'ਤੇ ਬੈਠੇਗਾ

ਬਰਗਾੜੀ/ਏ.ਟੀ.ਨਿਊਜ਼ : 2015 ਵਿੱਚ ਬਰਗਾੜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਬਹਿਬਲ ਕਲਾਂ ਵਿਖੇ ਧਰਨੇ 'ਤੇ ਬੈਠੀਆਂ ਸੰਗਤਾਂ 'ਤੇ ਹੋਏ ਗੋਲੀਕਾਂਡ ਦੌਰਾਨ ਦੋ ਸਿੰਘ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਅਤੇ ਗੁਰਜੀਤ ਸਿੰਘ ਸਰਾਵਾਂ ਸ਼ਹੀਦ ਹੋ ਗਏ ਸਨ।




ਲਗਭਗ 2 ਸਾਲ ਤੋਂ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦਾ ਸਪੁੱਤਰ ਭਾਈ ਸੁਖਰਾਜ ਸਿੰਘ ਖ਼ਾਲਸਾ ਬਹਿਬਲ ਕਲਾਂ ਵਿਖੇ ਇਨਸਾਫ਼ ਲਈ ਧਰਨੇ 'ਤੇ ਬੈਠਾ ਹੋਇਆ ਹੈ, ਪਰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਹੁਣ ਸਰਕਾਰ ਤੋਂ ਅੱਕੇ ਭਾਈ ਸੁਖਰਾਜ ਸਿੰਘ ਖ਼ਾਲਸਾ ਨੇ ਫ਼ੈਸਲਾ ਕੀਤਾ ਹੈ ਕਿ ਉਹ 12 ਅਕਤੂਬਰ ਤੋਂ ਮਰਨ ਵਰਤ 'ਤੇ ਬੈਠੇਗਾ। ਉਨ੍ਹਾਂ ਰਾਜਨੀਤਕ ਲੋਕਾਂ ਦੇ ਨਾਲ ਕੁਝ ਪੰਥਕ ਆਗੂਆਂ 'ਤੇ ਵੀ ਗਿਲਾ ਸਿਰਫ਼ ਆਪਣੀ ਰਾਜਨੀਤੀ ਲਈ ਹੀ ਕਰਦਿਆਂ ਕਿਹਾ ਕਿ ਇਹ ਸਾਰੇ ਲੋਕ ਅਜਿਹੇ ਮੁੱਦਿਆਂ ਨੂੰ ਵਰਤਦੇ ਹਨ।

## ਹੇਮਕੁੰਟ ਸਾਹਿਬ ਦੇ ਕਿਵਾੜ ਸਰਦ ਰੁੱਤ ਲਈ 11 ਅਕਤੂਬਰ ਨੂੰ ਹੋਣਗੇ ਬੰਦ

### 2023 ਦੀ ਯਾਤਰਾ ਦੀ ਵਿਧੀਪੂਰਵਕ ਹੋ ਜਾਵੇਗੀ ਸਮਾਪਤੀ

ਗੋਪੇਸ਼ਵਰ/ਏ.ਟੀ.ਨਿਊਜ਼ : ਉੱਤਰਾਖੰਡ 'ਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੇ ਲੋਕਪਾਲ ਲਕਸ਼ਮਣ ਮੰਦਰ ਦੇ ਕਿਵਾੜ 11 ਅਕਤੂਬਰ ਨੂੰ ਸਰਦ ਰੁੱਤ ਲਈ ਬੰਦ ਕਰ ਦਿੱਤੇ ਜਾਣਗੇ। ਇਸ ਦੇ ਨਾਲ ਹੀ ਸਾਲ 2023 ਦੀ ਯਾਤਰਾ ਦੀ ਵਿਧੀਪੂਰਵਕ ਸਮਾਪਤੀ ਹੋ ਜਾਵੇਗੀ। ਇਸ ਯਾਤਰਾ ਕਾਲ 'ਚ ਹੁਣ ਤੱਕ ਇੱਕ ਲੱਖ 60 ਹਜ਼ਾਰ 800 ਤੀਰਥ ਯਾਤਰੀ ਹੇਮਕੁੰਟ ਸਾਹਿਬ ਨਤਮਸਤਕ ਹੋ ਚੁੱਕੇ ਹਨ। ਸਮੁੰਦਰ ਤਲ ਤੋਂ 15,225 ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੇ ਲੋਕਪਾਲ ਲਕਸ਼ਮਣ ਮੰਦਰ ਦੇ ਕਿਵਾੜ 20 ਮਈ ਨੂੰ ਸ਼ਰਧਾਲੂਆਂ ਲਈ ਖੋਲ੍ਹੇ ਗਏ ਸਨ।



ਸ਼ੁਰੂਆਤ 'ਚ ਮਾਰਗ ਤੇ ਮੌਸਮ ਦੇ ਮੱਦਨਜ਼ਰ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਬਜ਼ੁਰਗਾਂ ਦੀ ਯਾਤਰਾ 'ਤੇ ਰੋਕ ਸੀ। ਇਸ ਦੇ ਬਾਵਜੂਦ ਯਾਤਰਾ 'ਤੇ ਕੋਈ ਅਸਰ ਨਹੀਂ ਪਿਆ। ਪਾਬੰਦੀ ਹਟਣ ਪਿੱਛੋਂ ਯਾਤਰਾ ਨੇ ਰਫ਼ਤਾਰ ਫੜ ਲਈ।

## ਪੰਜਾਬ ਸਰਕਾਰ ਤੋਂ ਸਮਾਜ ਦਾ ਹਰ ਵਰਗ ਪੀੜਤ : ਸੁਖਬੀਰ ਬਾਦਲ

### ਸੁਖਬੀਰ ਵੱਲੋਂ 'ਆਪ' ਵਿਧਾਇਕਾਂ 'ਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਦੇ ਦੋਸ਼

ਲੰਬੀ/ਏ.ਟੀ.ਨਿਊਜ਼ :ਸ਼ੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਵਿਧਾਇਕਾਂ 'ਤੇ ਨਸ਼ਾ ਤਸਕਰਾਂ ਨਾਲ ਕਥਿਤ ਮਿਲੀਭੁਗਤ ਦੇ ਦੋਸ਼ ਲਾਏ ਹਨ। ਸੁਖਬੀਰ ਬਾਦਲ ਲੰਬੀ ਵਿੱਚ ਯੁਵਕ ਮਿਲਣੀ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਸਮਾਗਮ ਮੌਕੇ ਹਲਕੇ ਦੀ ਸਮੁੱਚੀ ਰਵਾਇਤੀ ਲੀਡਰਸ਼ਿਪ ਆਮ ਵਰਕਰਾਂ ਵਿੱਚ ਬੈਠੀ ਦਿਖਾਈ ਦਿੱਤੀ, ਸਟੇਜ ਤੋਂ ਸਿਰਫ ਸੁਖਬੀਰ ਬਾਦਲ ਅਤੇ ਸਰਬਜੀਤ ਝਿੰਜਰ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਵਿਧਾਇਕਾਂ ਦੀ ਕਥਿਤ ਹੱਲਾਸ਼ੇਰੀ ਕਾਰਨ ਸੂਬੇ ਵਿੱਚ ਕਾਨੂੰਨ ਵਿਵਸਥਾ ਢਹਿ-ਢੇਰੀ ਹੋ ਗਈ ਹੈ ਅਤੇ ਨਸ਼ਾ ਤਸਕਰੀ ਵੱਧ ਗਈ ਹੈ। ਉਨ੍ਹਾਂ ਨਾਜਾਇਜ਼ ਮਾਈਨਿੰਗ ਮਾਮਲੇ 'ਚ



ਵਿਧਾਇਕ ਦੇ ਜੀਜੇ ਨੂੰ ਗ੍ਰਿਫ਼ਤਾਰ ਕਰਨ ਵਾਲੇ ਅਧਿਕਾਰੀ ਨੂੰ ਤਬਾਦਲੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਵਿਧਾਇਕ ਵੱਲੋਂ ਸਰਕਾਰ ਨੂੰ ਕਥਿਤ ਬਲੈਕਮੇਲ ਕੀਤੇ ਜਾਣ ਕਰ ਕੇ ਇਹ ਤਬਾਦਲਾ ਕੀਤਾ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਅੱਜ ਸਮਾਜ ਦਾ ਹਰ ਵਰਗ ਪੀੜਤ ਹੈ, ਜਦੋਂ ਕਿ ਪੰਜਾਬ ਦੇ ਵੋਟਰਾਂ ਨੇ 'ਆਪ' ਨੂੰ ਬਹੁਤ ਵੱਡੇ ਬਹੁਮੱਤ ਨਾਲ ਸਰਕਾਰ ਦੀ ਵਾਗਡੋਰ ਸੌਂਪੀ ਸੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਪਹਿਲਾਂ ਬਾਦਲ ਸਰਕਾਰ ਵੱਲੋਂ ਦਿੱਤੀ ਜਾ ਰਹੀ 200 ਯੂਨਿਟ ਮੁਫਤ ਬਿਜਲੀ ਦੀ ਸਹੂਲਤ ਨਾਲੋਂ 100 ਯੂਨਿਟ ਵੱਧ ਬਿਜਲੀ ਦਿੱਤੀ। ਬਦਲੇ ਵਿੱਚ ਸਰਕਾਰ ਨੇ ਤੇਲ ਕੀਮਤਾਂ ਵਿੱਚ 2.50 ਰੁਪਏ ਪ੍ਰਤੀ ਲੀਟਰ ਵਾਧਾ ਕਰ ਦਿੱਤਾ ਅਤੇ ਸ਼ਗਨ ਸਕੀਮ, ਐੱਸਸੀ ਸਕਾਲਰਸ਼ਿਪ ਸਕੀਮ, ਲੜਕੀਆਂ ਲਈ ਮੁਫ਼ਤ ਸਾਈਕਲਾਂ ਤੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸਮੇਤ ਸਾਰੇ ਸਮਾਜ ਭਲਾਈ ਲਾਭ ਬੰਦ ਕਰ ਦਿੱਤੇ। ਯੂਥ ਮਿਲਣੀ ਮੌਕੇ ਉਨ੍ਹਾਂ ਲੰਬੀ ਹਲਕੇ ਦੇ ਵੋਟਰਾਂ ਵੱਲੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਦਗੀ ਦੇ ਸਿਖਰਲੇ ਪੜਾਅ 'ਤੇ ਦਿੱਤੀ ਹਾਰ 'ਤੇ ਸ਼ਿਕਵਾ ਜ਼ਾਹਿਰ ਕਰਦਿਆਂ ਕਿਹਾ ਕਿ ਵੱਡੇ ਬਾਦਲ ਨੇ ਇਸ ਰੇਗਿਸਤਾਨ ਖਿੱਤੇ ਨੂੰ ਹਰਿਆਵਲ ਸਵਰਗ ਵਿੱਚ ਬਦਲ ਦਿੱਤਾ। ਸੁਖਬੀਰ ਸਿੰਘ ਨੇ ਖੁਲਾਸਾ ਕੀਤਾ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਇਸ ਹਲਕੇ ਦੀ ਸੇਵਾ ਕਰਨ ਦੀ ਜੋ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸੇ ਲਗਨ ਨਾਲ ਹਲਕੇ ਦੀ ਸੇਵਾ ਕਰਨਗੇ।

**ਦਰਪਣ ਝੂਠ ਨਹੀਂ ਬੋਲਦਾ**

# ਸਿੱਖਾਂ ਦੇ ਵੱਖਵਾਦ ਬਾਰੇ ਭਾਰਤ ਦੀਆਂ ਚਿਤਾਵਨੀਆਂ ਦਾ ਪੱਛਮੀ ਦੇਸ਼ਾਂ 'ਤੇ ਕੋਈ ਅਸਰ ਨਹੀਂ

## ਅਮਰੀਕਾ ਤੇ ਹੋਰ ਪੱਛਮੀ ਦੇਸ਼ ਖ਼ਾਲਿਸਤਾਨੀਆਂ ਨੂੰ ਨਹੀਂ ਸਮਝਦੇ ਖ਼ਤਰਾ

### ਅਮਰੀਕਾ ਨੇ ਭਾਰਤ ਵੱਲੋਂ ਨਿੱਝਰ ਨੂੰ ਖਾੜਕੂ ਵਜੋਂ ਸ਼੍ਰੇਣੀਬੱਧ ਕਰਨ ਦਾ ਸਮਰਥਨ ਨਹੀਂ ਕੀਤਾ

ਬੀਤੇ ਦਿਨੀਂ ਸਤੰਬਰ 28, 2023 ਦੌਰਾਨ ਐਨਪੀਆਰ.ਆਰਗੇ. ਜੋ ਕਿ ਵਾਸ਼ਿੰਗਟਨ ਤੋਂ ਵੈਬਸਾਈਟ ਹੈ, ਉਸ ਵਿੱਚ ਮਾਈਕਲ ਕੁਗਲਮੈਨ ਦਾ ਲੇਖ ਛਪਿਆ ਹੈ, ਜਿਸ ਵਿੱਚ ਉਸਨੇ ਦੱਸਿਆ ਕਿ ਮੌਜੂਦਾ ਭਾਰਤ-ਕੈਨੇਡਾ ਸੰਕਟ ਨੇ ਸਿੱਖ ਵੱਖਵਾਦ ਦੇ ਮੁੱਦੇ 'ਤੇ ਭਾਰਤ ਅਤੇ ਪੱਛਮ ਦਰਮਿਆਨ ਤਿੱਖੇ ਤੇ ਕੁੜੱਤਣ ਭਰੇ ਸੰਬੰਧਾਂ ਦਾ ਪਰਦਾਫਾਸ਼ ਕੀਤਾ ਹੈ। ਉਸਨੇ ਅਮਰੀਕਾ ਦੀ ਨੀਤੀ ਸਪਸ਼ਟ ਕੀਤੀ ਹੈ ਕਿ ਅਮਰੀਕਾ ਖ਼ਾਲਿਸਤਾਨ ਗਤੀਵਿਧੀਆਂ ਨੂੰ ਅੱਤਵਾਦ ਨਹੀਂ ਮੰਨਦਾ। ਮਾਈਕਲ ਕੁਗਲਮੈਨ ਅਨੁਸਾਰ ਬੀਤੇ ਦਿਨੀਂ ਟੋਰਾਂਟੋ ਵਿੱਚ ਭਾਰਤੀ ਕੌਂਸਲੇਟ ਦੇ ਬਾਹਰ ਸਿੱਖ ਰੈਲੀ ਦੌਰਾਨ ਸਿੱਖਾਂ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ ਦੇ ਮੱਦੇ-ਨਜ਼ਰ ਜਾਗਰੂਕਤਾ ਪੈਦਾ ਕਰਨ ਲਈ ਝੰਡੇ ਫੜੇ ਹੋਏ ਹਨ, ਜਿਸ ਵਿੱਚ ਸਿੱਖਾਂ ਨੇ ਦੋਸ਼ ਲਗਾਇਆ ਗਿਆ ਸੀ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਹਰਦੀਪ ਸਿੰਘ ਨਿੱਝਰ ਦੀ ਜੂਨ ਵਿੱਚ ਹੋਈ ਹੱਤਿਆ ਵਿੱਚ ਭਾਰਤੀ ਸਰਕਾਰੀ ਏਜੰਟ ਸੰਭਾਵਿਤ ਤੌਰ 'ਤੇ ਸ਼ਾਮਲ ਸਨ। ਉਸਨੇ ਬਿਆਨ ਕੀਤਾ ਹੈ ਕਿ ਕਨੇਡਾ ਵੱਲੋਂ ਭਾਰਤ ਉੱਪਰ ਅਜਿਹੇ ਦੋਸ਼ ਲਗਾਉਣ ਕਾਰਨ ਭਾਰਤ ਸਰਕਾਰ ਭੜਕੀ ਹੋਈ ਹੈ। ਇਸ ਕਾਰਨ ਭਾਰਤ ਦੀਆਂ ਕੈਨੇਡਾ ਵਿਰੁੱਧ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਸ਼ਿਕਾਇਤਾਂ ਦੁੱਗਣੀਆਂ ਹੋ ਗਈਆਂ ਹਨ, ਜਿਵੇਂ ਕੈਨੇਡਾ ਖ਼ਤਰਨਾਕ ਭਾਰਤ ਵਿਰੋਧੀ ਕੱਟੜਪੰਥੀਆਂ ਦਾ ਘਰ ਹੈ ਤੇ ਕੈਨੇਡਾ ਖ਼ਾਲਿਸਤਾਨੀ ਗਤੀਵਿਧੀਆਂ ਉਪਰ ਰੋਕ ਲਗਾਉਣ ਤੋਂ ਇਨਕਾਰੀ ਹੈ।



ਮਾਈਕਲ ਕੁਗਲਮੈਨ ਦਾ ਕਹਿਣਾ ਹੈ ਕਿ ਭਾਰਤ ਦਾ ਇਹ ਕੈਨੇਡਾ ਵਿਰੁੱਧ ਝੂਠਾ ਦੋਸ਼ ਹੈ ਤੇ ਕੈਨੇਡਾ ਨੇ ਕਦੇ ਖਾੜਕੂ ਹਿੰਸਕ ਗਤੀਵਿਧੀਆਂ ਦਾ ਸਮਰਥਨ ਨਹੀਂ ਕੀਤਾ।

ਦੂਸਰੇ ਪਾਸੇ ਭਾਰਤ ਨੇ ਭਾਰਤ ਵਿਰੋਧੀ ਤੱਤਾਂ ਦੀ ਉਦਾਹਰਣ ਨਿੱਝਰ ਦੀ ਦਿੱਤੀ ਹੈ, ਜੋ ਕਿ ਖ਼ਾਲਿਸਤਾਨ ਲਹਿਰ ਦਾ ਆਗੂ ਸੀ ਜੋ ਭਾਰਤ ਦੇ ਪੰਜਾਬ ਰਾਜ ਵਿੱਚ ਇੱਕ ਵੱਖਰੇ ਸਿੱਖ ਹੋਮਲੈਂਡ ਦੀ ਮੰਗ ਕਰਦਾ ਸੀ। ਭਾਰਤੀ ਅਧਿਕਾਰੀਆਂ ਨੇ ਨਿੱਝਰ 'ਤੇ ਪਾਬੰਦੀਸ਼ੁਦਾ ਹਿੰਸਕ ਸਮੂਹ ਖ਼ਾਲਿਸਤਾਨ ਟਾਈਗਰ ਫੋਰਸ (ਕੇਟੀਐਫ) ਦੀ ਅਗਵਾਈ ਕਰਨ ਦਾ ਦੋਸ਼ ਲਗਾਇਆ ਸੀ। ਭਾਰਤ ਨੇ 2020 ਵਿੱਚ ਉਸ ਨੂੰ ਰਸਮੀ ਤੌਰ 'ਤੇ ਇੱਕ ਖਾੜਕੂ ਵਜੋਂ ਸ਼੍ਰੇਣੀਬੱਧ ਕੀਤਾ ਸੀ। ਹਾਲ ਹੀ ਵਿੱਚ ਲੀਕ ਹੋਈਆਂ ਭਾਰਤੀ ਖ਼ੁਫ਼ੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨਿੱਝਰ ਨੇ ਭਾਰਤ ਵਿੱਚ ਖਾੜਕੂਆਂ ਨੂੰ ਫੰਡ ਦਿੱਤਾ ਸੀ ਅਤੇ ਕੈਨੇਡਾ ਵਿੱਚ ਹਥਿਆਰ ਸਿਖਲਾਈ ਕੈਂਪਾਂ ਦਾ ਆਯੋਜਨ ਕੀਤਾ ਸੀ।

ਮਾਈਕਲ ਕੁਗਲਮੈਨ ਅਨੁਸਾਰ ਇਸ ਤੋਂ ਬਾਅਦ ਕੈਨੇਡਾ ਵਿੱਚ ਭਾਰਤੀਆਂ ਨੂੰ ਬਹੁਤ ਸਾਵਧਾਨੀ ਵਰਤਣ ਅਤੇ ਕੈਨੇਡੀਅਨਾਂ ਲਈ ਵੀਜ਼ਾ ਸੇਵਾਵਾਂ ਨੂੰ ਮੁਅੱਤਲ ਕਰਨ ਲਈ ਇੱਕ ਨਵੀਂ ਯਾਤਰਾ ਸਲਾਹਕਾਰੀ ਜਾਰੀ ਕਰਨ ਬਾਰੇ ਭਾਰਤ ਦੇ ਫੈਸਲੇ ਦਾ ਮਤਲਬ ਇਹ ਸੰਕੇਤ ਦੇਣਾ ਸੀ ਕਿ ਕੈਨੇਡਾ ਵਿੱਚ ਭਾਰਤ ਦੇ ਪ੍ਰਤੀਨਿਧ ਅਸੁਰੱਖਿਅਤ ਹਨ। ਭਾਰਤ ਨੇ ਕੈਨੇਡਾ ਉੱਪਰ ਇਹ ਦੋਸ਼ ਲਗਾਏ ਸਨ ਕਿ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨ ਤੇ ਕੌਂਸੁਲੇਟਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਵੀਜ਼ਾ ਅਰਜ਼ੀਆਂ ਦੇ ਅਮਲ ਵਿੱਚ ਮੁਸ਼ਕਲਾਂ ਆ ਰਹੀਆਂ ਸਨ, ਜਿਸ ਕਰਕੇ ਸੇਵਾਵਾਂ ਨੂੰ ਮੁਅੱਤਲ ਕਰਨਾ ਪਿਆ ਹੈ। ਦੂਸਰੇ ਪਾਸੇ ਕੈਨੇਡਾ ਨੇ ਆਪਣੀ ਨਵੀਂ ਟਰੈਵਲ ਐਡਵਾਈਜ਼ਰੀ ਜਾਰੀ ਕੀਤੀ ਜੋ ਭਾਰਤ ਵਿੱਚ ਕੈਨੇਡੀਅਨ ਨਾਗਰਿਕਾਂ ਨੂੰ ਸੁਚੇਤ ਰਹਿਣ ਅਤੇ ਸਾਵਧਾਨੀ ਵਰਤਣ ਲਈ ਚਿਤਾਵਨੀ ਦਿੰਦੀ ਸੀ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਸੀ ਕਿ ਕੈਨੇਡਾ ਵਿੱਚ ਖ਼ਾਲਿਸਤਾਨੀ ਖਾੜਕੂਆਂ ਨੂੰ ਸੁਰੱਖਿਅਤ ਲੁਕਣਗਾਹਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ।

ਮਾਈਕਲ ਕੁਗਲਮੈਨ ਨੇ ਪੱਛਮ ਦੇ ਖਾੜਕੂਵਾਦ ਬਾਰੇ ਨੀਤੀ ਪੇਸ਼ ਕਰਦਿਆਂ ਕਿਹਾ ਕਿ ਇਸਲਾਮਕ ਖਾੜਕੂਵਾਦ ਦੇ ਖ਼ਤਰੇ 'ਤੇ ਭਾਰਤ ਦੇ ਦ੍ਰਿਸ਼ਟੀਕੋਣ ਨਾਲ ਪੱਛਮੀ ਦੇਸ਼ ਸਹਿਮਤ ਹਨ, ਪਰ ਅਮਰੀਕਾ ਤੇ ਹੋਰ ਪੱਛਮੀ ਦੇਸ਼ ਖ਼ਾਲਿਸਤਾਨ ਤੇ ਸਿੱਖ ਵੱਖਵਾਦ ਦੀਆਂ ਅਹਿੰਸਕ ਗਤੀਵਿਧੀਆਂ ਨੂੰ ਆਪਣੇ ਲਈ ਖਤਰਾ ਨਹੀਂ ਸਮਝਦੇ। (ਬਾਕੀ ਸਫ਼ਾ 30 'ਤੇ)

ਮਾਈਕਲ ਕੁਗਲਮੈਨ ਵਿਲਸਨ ਸੈਂਟਰ ਦੇ ਦੱਖਣੀ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਹਨ। ਉਹ ਪਹਿਲਾਂ ਵਿਲਸਨ ਸੈਂਟਰ ਵਿਖੇ ਏਸ਼ੀਆ ਪ੍ਰੋਗਰਾਮ ਦੇ ਡਿਪਟੀ ਡਾਇਰੈਕਟਰ ਅਤੇ ਦੱਖਣੀ ਏਸ਼ੀਆ ਲਈ ਸੀਨੀਅਰ ਐਸੋਸੀਏਟ ਸਨ। ਉਹ ਵਿਦੇਸ਼ ਨੀਤੀ ਲਈ ਇੱਕ ਹਫ਼ਤਾਵਾਰੀ ਕਾਲਮਨਵੀਸ ਵੀ ਹੈ ਅਤੇ ਇਸ ਦਾ ਦੱਖਣੀ ਏਸ਼ੀਆ ਸੰਖੇਪ ਨਿਊਜ਼ਲੈਟਰ ਲਿਖਦਾ ਹੈ। ਕੁਗਲਮੈਨ ਅਫ਼ਗਾਨਿਸਤਾਨ, ਭਾਰਤ ਅਤੇ ਪਾਕਿਸਤਾਨ ਅਤੇ ਸੰਯੁਕਤ ਰਾਜ ਅਮਰੀਕਾ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਇੱਕ ਪ੍ਰਮੁੱਖ ਮਾਹਿਰ ਹੈ।



# ਭਾਜਪਾ ਗਠਜੋੜ 'ਚ ਲਗਭਗ ਗ਼ੈਰ-ਮਹੱਤਵਪੂਰਨ ਪਾਰਟੀਆਂ ਦਾ ਜਮਾਵੜਾ

## ਭਾਜਪਾ ਨਵੀਆਂ ਹਾਲਤਾਂ ਵਿੱਚ 2019 ਨੂੰ ਦੁਹਰਾਉਣ ਦੇ ਰਾਹ ਤੁਰੀ

ਜੇਕਰ ਗ਼ੈਰ-ਭਾਜਪਾ ਸਿਆਸੀ ਪਾਰਟੀਆਂ ਵੱਲੋਂ ਬਣਾਏ 'ਇੰਡੀਆ' ਨਾਂਅ ਦੇ ਗੱਠਜੋੜ ਦੀ ਉਸ ਤੋਂ ਪਹਿਲਾਂ ਬਣ ਚੁੱਕੇ ਇਸੇ ਤਰ੍ਹਾਂ ਦੇ ਦੋ ਮੋਰਚਿਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਨਾ ਸਿਰਫ਼ ਇਸ ਮੋਰਚੇ ਦੀਆਂ ਕੁਝ ਵਿਸ਼ੇਸ਼ਤਾਵਾਂ ਉਜਾਗਰ ਹੋ ਸਕਦੀਆਂ ਹਨ, ਸਗੋਂ ਉਸ ਨਾਲ ਇਸ ਦੀਆਂ ਹੱਦਾਂ ਦਾ ਅੰਦਾਜ਼ਾ ਵੀ ਲੱਗ ਜਾਂਦਾ ਹੈ। ਇਹ ਗੱਠਜੋੜ 1977 ਵਿੱਚ ਬਣੀ ਜਨਤਾ ਪਾਰਟੀ ਦੀ ਯਾਦ ਦਿਵਾਉਂਦਾ ਹੈ, ਜੋ ਅੱਜ ਦੀ ਭਾਜਪਾ (ਜਨਸੰਘ) ਸਮੇਤ ਸਾਰੀਆਂ ਗ਼ੈਰ-ਕਾਂਗਰਸੀ ਤਾਕਤਾਂ (ਕਮਿਊਨਿਸਟ ਪਾਰਟੀਆਂ ਨੂੰ ਛੱਡ ਕੇ) ਦਾ ਰਲੇਵਾਂ ਕਰਕੇ ਬਣੀ ਸੀ, ਪਰ ਪਾਰਟੀ ਹੋਣ ਦੇ ਬਾਵਜੂਦ ਇਸ ਦਾ ਢਾਂਚਾ ਚੋਣਾਂ ਤੋਂ ਪਹਿਲਾਂ ਬਣੇ ਕਿਸੇ ਮੋਰਚੇ ਤੋਂ ਵੱਖਰਾ ਨਹੀਂ ਸੀ। ਇਸ ਤਰ੍ਹਾਂ ਇਹ ਨਵਾਂ ਮੋਰਚਾ ਨੱਬੇ ਦੇ ਦਹਾਕੇ ਵਿੱਚ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਬਣਾਏ ਗਏ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀ ਵੀ ਯਾਦ ਦਿਵਾਉਂਦਾ ਹੈ। ਹਾਲਾਂਕਿ ਭਾਜਪਾ ਅੱਜ ਵੀ ਇਸ ਨਾਂਅ ਦੇ ਇੱਕ ਮੋਰਚੇ ਦੀ ਅਗਵਾਈ ਕਰ ਰਹੀ ਹੈ, ਪਰ ਇਹ ਸਮਾਨਤਾ ਸਿਰਫ਼ ਨਾਂਅ ਦੀ ਹੀ ਹੈ। ਸ਼ਾਬਦਿਕ ਤੌਰ 'ਤੇ ਕੱਲ੍ਹ ਦਾ ਐਨ.ਡੀ.ਏ. ਸ਼ਕਤੀਸ਼ਾਲੀ ਖੇਤਰੀ ਪਾਰਟੀਆਂ ਅਤੇ ਕੇਂਦਰ ਦੀ ਰਾਜਨੀਤੀ ਵਿੱਚ ਆਪਣੀ ਸਥਾਈ ਥਾਂ ਬਣਾਉਣ ਲਈ ਸੰਘਰਸ਼ ਕਰ ਰਹੀ ਭਾਜਪਾ ਦੇ ਮੇਲ-ਮਿਲਾਪ ਦਾ ਨਤੀਜਾ ਸੀ। ਅੱਜ ਦਾ ਐਨ.ਡੀ.ਏ. ਤਾਂ ਸਿਰਫ਼ ਇੱਕ ਬਹੁਤ ਵੱਡੀ ਅਤੇ ਸ਼ਕਤੀਸ਼ਾਲੀ ਪਾਰਟੀ ਦੇ ਕੇਂਦਰ ਦੇ ਇਰਦ-ਗਿਰਦ ਘੁੰਮ ਰਹੀਆਂ ਛੋਟੀਆਂ-ਮੋਟੀਆਂ ਅਤੇ ਲਗਭਗ ਗ਼ੈਰ-ਮਹੱਤਵਪੂਰਨ ਪਾਰਟੀਆਂ ਦਾ ਜਮਾਵੜਾ ਹੀ ਹੈ।



ਫਿਲਹਾਲ, ਅਸੀਂ ਦੇਖਣਾ ਇਹ ਹੈ ਕਿ ਕੱਲ੍ਹ ਦੀ ਜਨਤਾ ਪਾਰਟੀ ਅਤੇ ਕੱਲ੍ਹ ਦੇ ਐਨ.ਡੀ.ਏ. ਵਿਚਾਲੇ ਕੀ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਹਨ। ਇਹ ਕਿਹਾ ਜਾ ਸਕਦਾ ਹੈ ਕਿ ਚੋਣਾਂ ਦੇ ਮੱਦੇ-ਨਜ਼ਰ ਜਨਤਾ ਪਾਰਟੀ ਵੀ ਸਫਲ ਸੀ ਅਤੇ ਉਸ ਸਮੇਂ ਦਾ ਐਨ.ਡੀ.ਏ. ਵੀ। ਇਸ ਲਈ ਵੀ ਇਹ ਤੁਲਨਾ ਅਹਿਮ ਹੋ ਜਾਂਦੀ ਹੈ। ਜਨਤਾ ਪਾਰਟੀ ਨੂੰ ਗਤੀ ਦੇਣ ਵਿੱਚ ਇੰਦਰਾ ਗਾਂਧੀ ਦੇ ਖ਼ਿਲਾਫ਼ ਬਗ਼ਾਵਤ ਕਰਕੇ ਆਈ ਸੀ.ਐੱਫ਼.ਡੀ. (ਜਗਜੀਵਨ ਰਾਮ ਅਤੇ ਬਹੁਗੁਣਾ ਦੀ ਕਾਂਗਰਸ ਫ਼ਾਰ ਡੈਮੋਕ੍ਰੈਸੀ) ਦਾ ਬਹੁਤ ਵੱਡਾ ਹੱਥ ਸੀ। ਪਰ 'ਇੰਡੀਆ' ਗੱਠਜੋੜ ਕੋਲ ਮੋਦੀ ਤੋਂ ਬਗ਼ਾਵਤ ਕਰਕੇ ਆਏ ਕਿਸੇ ਧੜੇ ਦਾ ਨਾ ਸਹਿਯੋਗ ਹੈ ਅਤੇ ਨਾ ਹੀ ਅਜਿਹਾ ਹੋਣ ਦੀ ਕੋਈ ਸੰਭਾਵਨਾ ਦਿਖਾਈ ਦੇ ਰਹੀ ਹੈ। ਜਨਤਾ ਪਾਰਟੀ ਇੰਦਰਾ ਕਾਂਗਰਸ ਦੇ ਵਿਰੋਧ ਵਿੱਚ ਐਮਰਜੈਂਸੀ ਦੀਆਂ ਜ਼ਿਆਦਤੀਆਂ ਤੋਂ ਨਿਕਲੀ ਜ਼ਬਰਦਸਤ 'ਐਂਟੀਇਨਕੁੰਬੈਂਸੀ' (ਸੱਤਾ ਵਿਰੋਧੀ ਭਾਵਨਾ) ਦੀ ਲਹਿਰ 'ਤੇ ਸਵਾਰ ਸੀ। ਪਰ ਵੋਟਰਾਂ ਦਾ ਇਹ ਗ਼ੁੱਸਾ ਦੱਖਣ ਭਾਰਤ ਦੇ ਮਾਮਲੇ ਵਿੱਚ ਬੇਅਸਰ ਸੀ। ਫਲਸਰੂਪ, ਦੱਖਣ ਭਾਰਤ ਵਿੱਚ ਕਾਂਗਰਸ ਜੰਮ ਕੇ ਜਿੱਤੀ, ਪਰ ਬਾਕੀ ਭਾਰਤ ਵਿੱਚ ਉਸ ਦਾ ਇਤਿਹਾਸਕ ਰੂਪ ਨਾਲ ਸਫਾਇਆ ਹੋ ਗਿਆ। 'ਇੰਡੀਆ' ਬਨਾਮ ਭਾਜਪਾ ਦੀ ਮੌਜੂਦਾ ਲੜਾਈ ਵਿੱਚ ਇਸ ਦਾ ਠੀਕ ਉਲਟਾ ਹੈ। ਮੋਟੇ ਤੌਰ 'ਤੇ ਦੱਖਣ ਭਾਰਤ ਵਿਰੋਧੀ ਧਿਰ ਦੇ ਨਾਲ ਹੈ ਅਤੇ ਪਿਛਲੀਆਂ ਲੋਕ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਅਨੁਸਾਰ ਭਾਜਪਾ ਦੇ ਪ੍ਰਭਾਵ-ਖੇਤਰ 'ਚ ਬਾਕੀ ਭਾਰਤ ਦੇ ਜ਼ਿਆਦਾਤਰ ਹਿੱਸੇ ਆਉਂਦੇ ਹਨ। ਭਾਵ 'ਇੰਡੀਆ' ਦੱਖਣ ਭਾਰਤ ਵਿੱਚ ਬੇਫ਼ਿਕਰ ਹੈ ਅਤੇ ਬਾਕੀ ਭਾਰਤ ਵਿੱਚ ਉਸ ਨੇ ਭਾਜਪਾ ਨੂੰ ਚੁਣੌਤੀ ਦੇਣੀ ਹੈ। ਭਾਜਪਾ 'ਇੰਡੀਆ' ਨੂੰ ਦੱਖਣ ਭਾਰਤ ਦੇ ਲਿਹਾਜ਼ ਨਾਲ ਸਿਰਫ਼ ਕਰਨਾਟਕ ਅਤੇ ਤੇਲੰਗਾਨਾ ਵਿੱਚ ਕੁਝ ਚੁਣੌਤੀ ਦੇਣ ਦੀ ਸਥਿਤੀ ਵਿੱਚ ਹੈ। ਜਨਤਾ ਪਾਰਟੀ ਦੇ ਕੋਲ ਕੋਈ ਚਿਹਰਾ ਨਹੀਂ ਸੀ। ਕਾਂਗਰਸ ਦੇ ਕੋਲ ਸੀ, ਪਰ ਉਹ ਉਸ ਨੂੰ ਬਚਾ ਨਾ ਸਕੀ। ਇਸ ਵਾਰ ਵੀ ਸੱਤਾਧਾਰੀ ਪਾਰਟੀ ਦੇ ਕੋਲ ਚਿਹਰਾ ਹੈ ਅਤੇ ਵਿਰੋਧੀ ਮੋਰਚਾ ਚਿਹਰੇ ਤੋਂ ਵਾਂਝਾ ਹੈ। ਪਰ 1977 ਦੇ ਉਲਟ ਸਰਕਾਰੀ ਪਾਰਟੀ ਅਤੇ ਉਸ ਦੇ ਨੇਤਾ ਦੀ ਲੋਕਪ੍ਰਿਅਤਾ ਉਸ ਸਮੇਂ ਦੀ ਕਾਂਗਰਸ ਅਤੇ ਉਸ ਦੇ ਨੇਤਾ ਦੀ ਤਰ੍ਹਾਂ ਨਿਵਾਣ 'ਤੇ ਦਿਖਾਈ ਨਹੀਂ ਦਿੰਦੀ। ਕੁਲ ਮਿਲਾ ਕੇ ਭਾਜਪਾ ਅਤੇ ਮੋਦੀ ਦੇ ਖ਼ਿਲਾਫ਼ ਪਿਛਲੇ ਦਸ ਸਾਲ ਵਿੱਚ ਜਮ੍ਹਾਂ ਕੁਝ ਨਾਰਾਜ਼ਗੀਆਂ ਜ਼ਰੂਰ ਹਨ, ਪਰ 1977 ਵਰਗੀ ਜ਼ਬਰਦਸਤ ਸਰਕਾਰ ਵਿਰੋਧੀ ਭਾਵਨਾ ਅਜੇ ਦਿਖਾਈ ਨਹੀਂ ਦਿੰਦੀ।

ਜੇਕਰ ਕੱਲ੍ਹ ਦੇ ਐਨ.ਡੀ.ਏ. ਨਾਲ ਤੁਲਨਾ ਕਰੀਏ ਤਾਂ ਕੁਝ ਹੋਰ ਦਿਸਦਾ ਹੈ। ਉਸ ਐਨ.ਡੀ.ਏ. ਨਾਲ ਭਾਜਪਾ ਦੀ ਮਦਦ ਵਿੱਚ ਕਾਂਗਰਸ ਤੋਂ ਨਾਰਾਜ਼ ਖੇਤਰੀ ਸ਼ਕਤੀਆਂ ਸਨ, ਜੋ ਅੱਜ ਦੇ 'ਇੰਡੀਆ' ਅਤੇ ਉਸ ਦੀ ਪ੍ਰਮੁੱਖ ਪਾਰਟੀ ਕਾਂਗਰਸ ਦੇ ਨਾਲ ਹਨ ਅਤੇ ਭਾਜਪਾ ਦਾ ਵਿਰੋਧ ਕਰ ਰਹੀਆਂ ਹਨ। (ਬਾਕੀ ਸਫ਼ਾ 30 'ਤੇ)

# ਮੌਜੂਦਾ ਭਾਰਤੀ ਰਾਜਸੀ ਵਿਵਸਥਾ ਨੇ ਸਮਾਜ ਨੂੰ ਵਹਿਸ਼ੀਪੁਣੇ ਵੱਲ ਪਹੁੰਚਾਇਆ

## ਮੱਧ ਪ੍ਰਦੇਸ਼ ਵਿਖੇ ਬਲਾਤਕਾਰ ਦਾ ਸ਼ਿਕਾਰ ਹੋਈ ਮੰਦਬੁੱਧੀ ਲੜਕੀ ਲਈ ਲੋਕਾਂ ਨੇ ਦਰਵਾਜ਼ੇ ਕੀਤੇ ਬੰਦ

ਇਸ ਹਫ਼ਤੇ ਦੇ ਸ਼ੁਰੂ ਵਿੱਚ ਭਾਰਤ ਦੇ ਦੋ ਰਾਜਾਂ ਵਿੱਚ ਵਾਪਰੀਆਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਰਾਜਸੀ ਵਿਵਸਥਾ ਨੇ ਸਮਾਜ ਨੂੰ ਵਹਿਸ਼ੀਪੁਣੇ ਵੱਲ ਪਹੁੰਚਾ ਦਿੱਤਾ ਹੈ, ਜਿੱਥੇ ਮਨੁੱਖ ਨੈਤਿਕਤਾ ਗੁਆਕੇ ਬੁੱਤ ਹੋ ਚੁੱਕਿਆ ਹੈ।

ਪਹਿਲੀ ਘਟਨਾ ਮੱਧ ਪ੍ਰਦੇਸ਼ ਦੀ ਹੈ, ਜਿਸ ਦੇ ਧਾਰਮਿਕ ਸ਼ਹਿਰ ਦਾ ਲਬਾਦਾ ਪਹਿਨੇ ਹੋਏ ਉਜੈਨ ਵਿੱਚ ਇੱਕ 12 ਸਾਲਾ ਮੰਦਬੁੱਧੀ ਲੜਕੀ ਨਾਲ ਸੜਕ ਕੰਢੇ ਬਲਾਤਕਾਰ ਹੁੰਦਾ ਹੈ। ਅਧਨੰਗੀ ਉਹ ਕੁੜੀ 8 ਕਿਲੋਮੀਟਰ ਤੱਕ ਘਰ-ਘਰ ਮਦਦ ਮੰਗਦੀ ਦੌੜਦੀ ਰਹੀ, ਪਰ ਕਿਸੇ ਨੂੰ ਵੀ ਉਸ 'ਤੇ ਰਹਿਮ ਨਾ ਆਇਆ। ਸਭ ਨੇ ਦਰਵਾਜ਼ੇ ਬੰਦ ਕਰ ਲਏ। ਸ਼ੋਸ਼ਲ ਮੀਡੀਆ ਉਪਰ ਵਾਇਰਲ ਵੀਡੀਓ ਵਿੱਚ ਉਸ ਦੇ ਪ੍ਰਾਈਵੇਟ ਅੰਗ ਵਿੱਚੋਂ ਰਿਸਦਾ ਖ਼ੂਨ ਭਿਆਨਕ ਮੰਜਰ ਪੇਸ਼ ਕਰ ਰਿਹਾ ਸੀ। ਅੰਤ ਇੱਕ ਧਰਮੀ ਨੇ ਉਸ ਦੀ ਮਦਦ ਕੀਤੀ ਅਤੇ ਪੁਲਿਸ ਨੂੰ ਬੁਲਾਇਆ। ਹੁਣ ਉਹ ਹਸਪਤਾਲ ਵਿੱਚ ਹੈ ਤੇ ਉਸ 'ਤੇ ਇਹ ਜ਼ੁਲਮ ਕਰਨ ਵਾਲੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

**ਮੰਦਬੁੱਧੀ 26 ਸਾਲਾ ਮੁਸਲਮਾਨ ਨੌਜਵਾਨ ਦੀ ਫਿਰਕੂ ਭੀੜ ਨੇ ਕੁੱਟ ਕੁੱਟ ਕੇ ਕੀਤੀ ਹੱਤਿਆ**

ਇਸੇ ਤਰ੍ਹਾਂ ਤਿੰਨ ਦਰਿੰਦਿਆਂ ਨੇ ਅਸਾਮ ਵਿੱਚ ਨਾਬਾਲਗ ਕੁੜੀ ਨਾਲ ਸਮੂਹਿਕ ਜਬਰ-ਜਨਾਹ ਕਰ ਕੇ ਉਸ ਨੂੰ ਮਾਰ ਮੁਕਾਇਆ। ਅਪਰਾਧੀ ਗ੍ਰਿਫ਼ਤਾਰ ਕੀਤੇ ਗਏ ਹਨ ਪਰ ਇਹ ਘਟਨਾਵਾਂ ਸਾਡੇ ਸਮਾਜ ਵਿੱਚ ਪਲਦੀ ਘਿਨਾਉਣੀ ਮਾਨਸਿਕਤਾ ਦੀਆਂ ਤਸਵੀਰਾਂ ਹਨ।

ਇਸ ਵੇਲੇ ਜਦੋਂ ਭਾਰਤੀ ਸੰਸਦ ਵਿੱਚ ਔਰਤਾਂ ਲਈ 33 ਫ਼ੀਸਦੀ ਰਾਖਵੇਂਕਰਨ ਦੇ ਰਾਗ ਦੀ ਧੁਨ ਉੱਤੇ ਸੱਤਾ ਪ੍ਰਾਪਤੀ ਦਾ ਸੰਗੀਤ ਗਲੀ ਗਲੀ ਵਿੱਚ ਗੂੰਜ ਰਿਹਾ ਹੈ, ਇੱਕ ਮਾਸੂਮ ਕੁੜੀ ਨਾਲ ਵਾਪਰੀ ਹੈਵਾਨੀਅਤ ਨੇ ਸਮੁੱਚੀ ਵਿਵਸਥਾ ਦੇ ਕੋਹੜ ਤੋਂ ਪਰਦਾ ਚੁੱਕ ਦਿੱਤਾ ਹੈ। ਅਸਲ ਵਿੱਚ 20 ਸਾਲ ਦੇ ਹਿੰਦੂਤਵੀ ਰਾਜ ਨੇ ਉਸ ਸੂਬੇ ਨੂੰ ਜੰਗਲੀ ਸਮਾਜ ਵਿੱਚ ਬਦਲ ਦਿੱਤਾ ਹੈ।

ਸੂਬੇ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਕਦੇ ਕਿਸੇ ਭਾਜਪਾ ਨੇਤਾ ਦਾ ਦਬੰਗ ਹਮੈਤੀ ਕਿਸੇ ਦਲਿਤ ਦੇ ਮੂੰਹ ਉੱਤੇ ਪੇਸ਼ਾਬ ਕਰ ਦਿੰਦਾ ਹੈ ਤੇ ਕਦੇ ਕਿਸੇ ਆਦਿਵਾਸੀ ਨੂੰ ਚੱਪਲਾਂ ਨਾਲ ਕੁੱਟ ਦਿੰਦਾ ਹੈ। ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਵੀ ਇਹ ਸੂਬਾ ਅੱਵਲ ਹੈ। ਹਰ ਰੋਜ਼ ਔਸਤਨ 8 ਬਲਾਤਕਾਰ ਦੀਆਂ ਘਟਨਾਵਾਂ ਹੋ ਰਹੀਆਂ ਹਨ। ਸ਼ਿਵਰਾਜ ਮਾਮੇ ਦੇ ਰਾਜ ਦੌਰਾਨ 58 ਹਜ਼ਾਰ ਬਲਾਤਕਾਰ ਤੇ 68 ਹਜ਼ਾਰ ਔਰਤਾਂ ਅਗਵਾ ਹੋ ਚੁੱਕੀਆਂ ਹਨ। ਸੂਬੇ ਵਿੱਚ ਜਰਵਾਣਿਆਂ ਦਾ ਰਾਜ ਹੈ।

ਦੂਜੀ ਘਟਨਾ ਦੇਸ਼ ਦੀ ਰਾਜਧਾਨੀ ਦਿੱਲੀ ਦੀ ਹੈ, ਜਿਥੇ ਦਿੱਲੀ ਦੇ ਉੱਤਰ-ਪੂਰਬੀ ਇਲਾਕੇ ਵਿੱਚ ਇੱਕ ਮੰਦਬੁੱਧੀ 26 ਸਾਲਾ ਨੌਜਵਾਨ ਦੀ ਕੁੱਟ ਕੁੱਟ ਕੇ ਇਸ ਲਈ ਹੱਤਿਆ ਕਰ ਦਿੱਤੀ ਗਈ ਕਿਉਂਕਿ ਉਸ ਉੱਤੇ ਪ੍ਰਸ਼ਾਦ ਚੋਰੀ ਕਰਕੇ ਖਾਣ ਦਾ ਦੋਸ਼ ਸੀ। ਪੁਲਿਸ ਨੇ ਦੱਸਿਆ ਕਿ 26 ਸਤੰਬਰ ਨੂੰ ਇੱਕ ਮੰਦਰ ਨੇੜੇ ਪ੍ਰਸ਼ਾਦ ਚੋਰੀ ਕਰਨ ਦੇ ਸ਼ੱਕ ਵਿੱਚ 26 ਸਾਲਾ ਮੁਹੰਮਦ ਈਸਾਰ ਨਾਂਅ ਦੇ ਮੰਦਬੁੱਧੀ ਵਿਅਕਤੀ ਦੀ ਹੱਤਿਆ ਕਰ ਦਿੱਤੀ ਗਈ ਸੀ। (ਬਾਕੀ ਸਫ਼ਾ 29 'ਤੇ)

ਹਰੀ ਕ੍ਰਾਂਤੀ ਦੇ ਨਾਇਕ ਦਾ ਵਿਛੋੜਾ

# ਭਾਰਤ 'ਚ ਹਰੀ ਕ੍ਰਾਂਤੀ ਲਿਆਉਣ 'ਚ ਵੱਡਾ ਯੋਗਦਾਨ ਸੀ ਸਵਾਮੀਨਾਥਨ ਦਾ

## ਸਵਾਮੀਨਾਥਨ ਨੇ ਹਰੀ ਕ੍ਰਾਂਤੀ ਲਿਆ ਕੇ ਭਾਰਤ ਨੂੰ ਭੁੱਖਮਰੀ ਤੋਂ ਬਾਹਰ ਕੱਢਿਆ ਸੀ



**ਹਰੀ ਕ੍ਰਾਂਤੀ ਰਾਹੀਂ ਦੇਸ਼ ਨੂੰ ਭੁੱਖਮਰੀ ਤੋਂ ਬਾਹਰ ਕੱਢਣ ਵਾਲੇ ਨਾਇਕ ਐਮ.ਐਸ. ਸਵਾਮੀਨਾਥਨ ਨੇ ਆਈ.ਪੀ.ਐਸ. ਵਿੱਚ ਚੁਣੇ ਜਾਣ ਤੋਂ ਬਾਅਦ ਵੀ ਖੇਤੀਬਾੜੀ ਨੂੰ ਹੀ ਚੁਣਿਆ। ਬੰਗਾਲ ਦੇ ਕਾਲ ਨੇ ਡਾਕਟਰੀ ਦੀ ਪੜ੍ਹਾਈ ਕਰਨ ਦਾ ਮਨ ਬਦਲ ਲਿਆ ਸੀ। ਉਹਨਾਂ ਨੇ ਕਣਕ ਦੀਆਂ ਬੌਣੀ ਕਿਸਮਾਂ ਦੇ ਬੀਜ ਲਿਆਂਦੇ ਅਤੇ ਦੇਸ਼ ਦਾ ਚਿਹਰਾ ਬਦਲ ਦਿੱਤਾ।**

-ਭਾਰਤ ਵਿੱਚ ਹਰੀ ਕ੍ਰਾਂਤੀ ਦੇ ਪਿਤਾਮਾ ਐਮ.ਐਸ. ਸਵਾਮੀਨਾਥਨ ਨਹੀਂ ਰਹੇ। ਪਰ ਇਸ ਹਰੀ ਕ੍ਰਾਂਤੀ ਦੇ ਇਤਿਹਾਸ ਵਿੱਚ ਉਹਨਾਂ ਦਾ ਨਾਮ ਹਮੇਸ਼ਾ ਸੁਨਹਿਰੀ ਅੱਖਰਾਂ ਵਿੱਚ ਦਰਜ ਰਹੇਗਾ। ਜਦੋਂ ਖਾਣ ਦੀ ਗੱਲ ਆਉਂਦੀ ਹੈ ਤਾਂ 'ਰੋਟੀ' ਦੀ ਗੱਲ ਹੁੰਦੀ ਹੈ ਅਤੇ ਜਦੋਂ ਰੋਟੀ ਦੀ ਗੱਲ ਆਉਂਦੀ ਹੈ ਤਾਂ ਕਣਕ ਸਭ ਤੋਂ ਅੱਗੇ ਖੜ੍ਹੀ ਪਾਈ ਜਾਂਦੀ ਹੈ। ਹਰੀ ਕ੍ਰਾਂਤੀ ਦੀ ਸ਼ੁਰੂਆਤ ਕਣਕ ਦੀ ਫ਼ਸਲ ਤੋਂ ਹੀ ਹੋਈ ਸੀ। ਖੇਤੀ ਵਿੱਚ ਇਸ ਕ੍ਰਾਂਤੀ ਤੋਂ ਪਹਿਲਾਂ ਭਾਰਤ ਰੋਟੀ ਲਈ ਅਮਰੀਕਾ ਦੀ ਕਣਕ 'ਤੇ ਨਿਰਭਰ ਸੀ ਪਰ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਨੇ ਆਪਣੀ ਸਿਆਣਪ ਨਾਲ ਨਾ ਸਿਰਫ਼ ਭਾਰਤ ਨੂੰ ਇਸ ਸੰਕਟ ਵਿੱਚੋਂ ਕੱਢਿਆ ਸਗੋਂ ਇਸ ਮਾਮਲੇ ਵਿੱਚ ਸਾਨੂੰ ਆਤਮ ਨਿਰਭਰ ਅਤੇ ਬਰਾਮਦਕਾਰ ਵੀ ਬਣਾਇਆ। ਕਣਕ ਮੰਗਣ ਤੋਂ ਲੈ ਕੇ ਵੰਡਣ ਤੱਕ ਉਹ ਭਾਰਤ ਦੀ ਇਸ ਅੰਨਯਾਤਰਾ ਦਾ ਨਾਇਕ ਹੈ। 7 ਅਗਸਤ 1925 ਨੂੰ ਤਾਮਿਲਨਾਡੂ ਦੇ ਕੁੰਬਕੋਨਮ ਵਿੱਚ ਜਨਮੇ ਸਵਾਮੀਨਾਥਨ ਨੇ 28 ਸਤੰਬਰ 2023 ਨੂੰ ਆਖਰੀ ਸਾਹ ਲਿਆ।

1943 ਦੇ ਬੰਗਾਲ ਦੇ ਅਕਾਲ, ਜਿਸ ਵਿੱਚ ਲਗਭਗ 3 ਮਿਲੀਅਨ ਲੋਕ ਭੁੱਖ ਨਾਲ ਮਰ ਗਏ, ਨੇ ਸਵਾਮੀਨਾਥਨ ਦਾ ਮਨ ਬਦਲ ਦਿੱਤਾ। ਉਸ ਨੇ ਖੇਤੀ ਨੂੰ ਅੱਗੇ ਵਧਾਉਣ ਲਈ ਖੇਤੀਬਾੜੀ ਦੀ ਪੜ੍ਹਾਈ ਸ਼ੁਰੂ ਕੀਤੀ ਕਿਉਂਕਿ ਉਸ ਦੇ ਮਨ ਵਿੱਚ ਭਾਰਤ ਨੂੰ ਅਨਾਜ ਸੰਕਟ ਵਿਚੋਂ ਕੱਢਣ ਅਤੇ ਲੋਕਾਂ ਨੂੰ ਭੁੱਖਮਰੀ ਅਤੇ ਭੁੱਖਮਰੀ ਤੋਂ ਬਚਾਉਣ ਦਾ ਵੱਡਾ ਟੀਚਾ ਸੀ। ਆਪਣੀ ਮਿਹਨਤ ਸਦਕਾ ਉਸ ਨੇ ਖੇਤੀ ਖੇਤਰ ਵਿੱਚ ਕੁਝ ਅਜਿਹਾ ਕੀਤਾ ਕਿ ਦੁਨੀਆਂ ਦੇਖਦੀ ਰਹਿ ਗਈ। ਭਾਰਤ ਵਿੱਚ ਜਿੱਥੇ ਅਕਾਲ ਪੈਣਾ ਆਮ ਗੱਲ ਸੀ, ਉੱਥੇ 'ਹਰੇ ਇਨਕਲਾਬ' ਦੇ ਲਾਗੂ ਹੋਣ ਤੋਂ ਬਾਅਦ ਇੱਕ ਵੀ ਅਕਾਲ ਨਹੀਂ ਪਿਆ।

### ਇਸ ਤਰ੍ਹਾਂ ਵਧੀ ਕਣਕ ਦੀ ਪੈਦਾਵਾਰ

ਭਾਰਤੀਆਂ ਨੇ 1943 ਵਿੱਚ ਬੰਗਾਲ ਦਾ ਕਾਲ ਦੇਖਿਆ ਸੀ ਪਰ, ਦੋ ਦਹਾਕਿਆਂ ਬਾਅਦ ਵੀ, 1964-65 ਦੇ ਆਸ-ਪਾਸ, ਦੇਸ਼ ਵਿੱਚ ਅਨਾਜ ਸੰਕਟ ਜਾਰੀ ਰਿਹਾ। ਮਾਨਸੂਨ ਕਮਜ਼ੋਰ ਹੋ ਗਿਆ ਅਤੇ ਫਿਰ ਅਕਾਲ ਨੇੜੇ ਆਉਣ ਲੱਗਾ। ਇਹ ਉਹ ਦੌਰ ਸੀ ਜਦੋਂ ਭਾਰਤ ਨੂੰ ਅਮਰੀਕਾ ਦੇ ਪੀ.ਐੱਲ.-480 ਸਮਝੌਤੇ ਤਹਿਤ ਮਿਲੀ ਘਟੀਆ ਕੁਆਲਿਟੀ ਦੀ ਲਾਲ ਕਣਕ ਖਾਣ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ 1965 ਵਿੱਚ ਪਾਕਿਸਤਾਨ ਨਾਲ ਜੰਗ ਸ਼ੁਰੂ ਹੋ ਗਈ ਸੀ। ਅਮਰੀਕਾ ਭਾਰਤ ਨੂੰ ਧਮਕੀ ਦੇ ਰਿਹਾ ਸੀ ਕਿ ਜੇਕਰ ਜੰਗ ਨਾ ਰੋਕੀ ਗਈ ਤਾਂ ਕਣਕ ਨਹੀਂ ਮਿਲੇਗੀ। ਭਾਰਤ ਦੇ ਨੇਤਾ ਅਮਰੀਕਾ ਤੋਂ ਕਣਕ ਮੰਗ ਰਹੇ ਸੀ।

ਇਸ ਦਾ ਮਤਲਬ ਇਹ ਨਹੀਂ ਸੀ ਕਿ 1964 ਤੋਂ ਪਹਿਲਾਂ ਭਾਰਤ ਵਿੱਚ ਕਣਕ ਦੀ ਕਾਸ਼ਤ ਨਹੀਂ ਹੁੰਦੀ ਸੀ। ਕਣਕ ਦੀ ਖੇਤੀ ਕੀਤੀ ਗਈ ਪਰ 1950 ਵਿੱਚ ਇਸ ਦਾ ਰਕਬਾ ਸਿਰਫ਼ 97.5 ਲੱਖ ਹੈਕਟੇਅਰ ਤੱਕ ਹੀ ਸੀਮਤ ਸੀ। ਉਤਪਾਦਨ ਸਿਰਫ਼ 64.6 ਲੱਖ ਮੀਟ੍ਰਿਕ ਟਨ ਸੀ, ਜੋ ਸਾਡੇ ਭੋਜਨ ਲਈ ਨਾਕਾਫ਼ੀ ਸੀ। ਸੱਚ ਤਾਂ ਇਹ ਹੈ ਕਿ ਭਾਰਤ ਵਿੱਚ ਕਣਕ ਦੀਆਂ ਕਈ ਕਿਸਮਾਂ ਮੌਜੂਦ ਸਨ। ਪਰ ਇਨ੍ਹਾਂ ਕਿਸਮਾਂ ਦੇ ਤਣੇ ਕਾਫ਼ੀ ਲੰਬੇ ਸਨ ਪਰ ਜਦੋਂ ਬੌਣੀ ਕਿਸਮਾਂ ਆਈਆਂ ਤਾਂ ਸੰਕਟ ਦਾ ਇਹ ਦੌਰ ਬਦਲਣਾ ਸ਼ੁਰੂ ਹੋ ਗਿਆ। ਇਨ੍ਹਾਂ ਬੌਣੀ ਕਿਸਮਾਂ ਨੂੰ ਭਾਰਤ ਦੇ ਖੇਤਾਂ ਵਿੱਚ ਲਿਆ ਕੇ ਹਰੀ ਕ੍ਰਾਂਤੀ ਲਿਆਉਣ ਦਾ ਸਿਹਰਾ ਐਮ.ਐਸ. ਸਵਾਮੀਨਾਥਨ ਨੂੰ ਜਾਂਦਾ ਹੈ।

### ਮੈਕਸੀਕੋ ਤੋਂ ਲਿਆਂਦੀਆਂ ਬੌਣੀਆਂ ਕਿਸਮਾਂ ਦੇ ਬੀਜ

ਖੇਤੀਬਾੜੀ ਮੰਤਰਾਲੇ ਦੇ ਦਸਤਾਵੇਜ਼ ਦੱਸਦੇ ਹਨ ਕਿ 1964 ਤੋਂ ਪਹਿਲਾਂ ਭਾਰਤ ਵਿੱਚ ਮੌਜੂਦ ਕਣਕ ਦੀਆਂ ਕਿਸਮਾਂ ਦਾ ਝਾੜ ਬਹੁਤ ਘੱਟ ਸੀ। ਸਾਲ 1950 ਵਿੱਚ ਪ੍ਰਤੀ ਹੈਕਟੇਅਰ ਸਿਰਫ਼ 663 ਕਿਲੋ ਕਣਕ ਪੈਦਾ ਹੋਈ ਸੀ। ਭਾਰਤ ਦੀ ਆਪਣੀ ਕਿਸਮ ਦੀ ਕਣਕ ਦੇ ਡੰਡੇ 115 ਤੋਂ 130 ਸੈਂਟੀਮੀਟਰ ਲੰਬੇ ਹੁੰਦੇ ਸਨ। ਜਿਸ ਕਾਰਨ ਉਹ ਡਿੱਗ ਜਾਂਦਾ ਸੀ। ਉਨ੍ਹੀਂ ਦਿਨੀਂ ਸਿੰਥੈਟਿਕ ਖਾਦ ਯੂਰੀਆ ਵੀ ਆ ਗਈ ਸੀ। ਅਜਿਹੀ ਸਥਿਤੀ ਵਿੱਚ ਸਾਨੂੰ ਕਣਕ ਦੀ ਪੈਦਾਵਾਰ ਵਧਾਉਣ ਲਈ ਕਣਕ ਦੀ ਬੌਣੀ ਕਿਸਮ ਦੀ ਲੋੜ ਸੀ। ਜੋ ਸਿੰਚਾਈ ਅਤੇ ਯੂਰੀਆ ਨੂੰ ਬਰਦਾਸ਼ਤ ਕਰ ਸਕਦਾ ਹੈ ਅਤੇ ਡਿੱਗਦਾ ਨਹੀਂ ਹੈ।

ਤਤਕਾਲੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਨੇ ਇੱਕ ਬੌਣੀ ਕਿਸਮ ਦੇ ਬੀਜ ਖਰੀਦਣ ਦੀ ਕੋਸ਼ਿਸ਼ ਕੀਤੀ ਸੀ। ਇਹ ਬੌਣੀ ਕਿਸਮ ਦਾ ਬੀਜ ਮੈਕਸੀਕੋ ਦੇ ਇੰਟਰਨੈਸ਼ਨਲ ਮੇਜ਼ ਐਂਡ ਵ੍ਹੀਟ ਇੰਪਰੂਵਮੈਂਟ ਸੈਂਟਰ ਤੋਂ ਭਾਰਤ ਲਿਆਂਦਾ ਗਿਆ ਸੀ। ਉਨ੍ਹੀਂ ਦਿਨੀਂ ਕਮੇਟੀ ਵਿੱਚ ਡਾ: ਨੌਰਮਨ ਬੋਰਲੌਗ ਖੇਤੀਬਾੜੀ ਖੋਜਕਾਰ ਸਨ। ਉੱਥੇ ਉਹ ਮੈਕਸੀਕਨ ਡਵਾਰਫ, ਵੱਧ ਝਾੜ ਦੇਣ ਵਾਲੀ ਅਤੇ ਰੋਗ ਰੋਧਕ ਕਣਕ ਦੀਆਂ ਕਿਸਮਾਂ ਨੂੰ ਵਿਕਸਤ ਕਰਨ ਵਿੱਚ ਰੁੱਝਿਆ ਹੋਇਆ ਸੀ। ਮੈਕਸੀਕੋ ਤੋਂ ਡਾ: ਬੋਰਲੌਗ ਅਤੇ ਭਾਰਤ ਤੋਂ ਡਾ: ਐਮ.ਐਸ. ਸਵਾਮੀਨਾਥਨ ਭਾਰਤ ਦੇ ਖੇਤਾਂ ਵਿੱਚ ਡੌਰਫ ਕਿਸਮਾਂ ਦੇ ਕਣਕ ਦੇ ਬੀਜ ਪਹੁੰਚਾਉਣ ਦਾ ਕੰਮ ਦੇਖ ਰਹੇ ਸਨ। ਇਹ ਬਹੁਤ ਜ਼ਰੂਰੀ ਕੰਮ ਸੀ।

### ਹਰੀ ਕ੍ਰਾਂਤੀ ਦਾ ਬੀਜ ਕਿੱਥੇ ਲਾਇਆ ਸੀ ਸਵਾਮੀਨਾਥਨ ਨੇ ?

ਭਾਰਤ ਨੇ ਮੈਕਸੀਕੋ ਵਿੱਚ ਸਮਿਟ ਤੋਂ ਲੈਰਮਾ ਰੋਜੋ, ਸੋਨਾਰਾ-64, ਸੋਨਾਰਾ-64-ਏ ਅਤੇ ਕੁਝ ਹੋਰ ਕਿਸਮਾਂ ਦੇ 18,000 ਟਨ ਕਣਕ ਦੇ ਬੀਜਾਂ ਦੀ ਦਰਾਮਦ ਕੀਤੀ। ਸਵਾਮੀਨਾਥਨ ਤੋਂ ਬਿਨਾਂ ਇਹ ਕੰਮ ਅਸੰਭਵ ਸੀ। ਉਨ੍ਹਾਂ ਦੀ ਅਗਵਾਈ ਵਿੱਚ ਭਾਰਤੀ ਖੇਤੀ ਖੋਜ ਸੰਸਥਾਨ ਦਿੱਲੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਪੰਤ ਨਗਰ ਖੇਤੀਬਾੜੀ ਯੂਨੀਵਰਸਿਟੀ ਨੇ ਮੈਕਸੀਕੋ ਤੋਂ ਲਿਆਂਦੀਆਂ ਇਨ੍ਹਾਂ ਬੌਣੀ ਕਣਕ ਦੀਆਂ ਕਿਸਮਾਂ ਨੂੰ ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਕਈ ਥਾਵਾਂ 'ਤੇ ਟਰਾਇਲ ਕੀਤਾ। ਦਿੱਲੀ ਦੇ ਜੌਂਤੀ ਪਿੰਡ ਵਿੱਚ ਵੀ ਮੁਕੱਦਮਾ ਚੱਲਿਆ। ਟੈਸਟ ਵਿੱਚ, ਉਹ ਬੌਣੇ ਨਿਕਲੇ ਅਤੇ ਉਤਪਾਦਕਤਾ ਭਾਰਤੀ ਕਿਸਮਾਂ ਨਾਲੋਂ ਬਹੁਤ ਵਧੀਆ ਸੀ।

### ਜਦੋਂ ਸਵਾਮੀਨਾਥਨ ਨੂੰ ਮਿਲੀ ਸਫਲਤਾ

ਫਿਰ 1966 ਦੇ ਆਸ-ਪਾਸ ਇਨ੍ਹਾਂ ਤਿੰਨਾਂ ਸੰਸਥਾਵਾਂ ਨੇ ਇਨ੍ਹਾਂ ਬੌਨੀ ਕਿਸਮਾਂ ਦੀ ਮਦਦ ਨਾਲ ਕਲਿਆਣ ਸੋਨਾ ਨਾਂ ਦੀ ਆਪਣੀ ਨਵੀਂ ਬੌਨੀ ਕਿਸਮ ਵਿਕਸਿਤ ਕੀਤੀ। ਦੂਜੀ ਕਿਸਮ ਸੋਨਾਲੀਕਾ ਸੀ। ਇਹ ਘੱਟ ਸਮੇਂ ਦੀਆਂ ਕਿਸਮਾਂ ਸਨ, ਜੋ ਦੇਰ ਨਾਲ ਬੀਜੀਆਂ ਜਾ ਸਕਦੀਆਂ ਸਨ। ਇਨ੍ਹਾਂ ਦੋ ਕਿਸਮਾਂ ਦੇ ਕਾਰਨ ਭਾਰਤ ਦੀ ਕਣਕ ਦੀ ਪੈਦਾਵਾਰ ਵਿੱਚ ਉਛਾਲ ਆਇਆ। ਇਸੇ ਲਈ ਅਸੀਂ ਇਸ ਘਟਨਾ ਨੂੰ ਹਰੀ ਕ੍ਰਾਂਤੀ ਵਜੋਂ ਵੀ ਜਾਣਦੇ ਹਾਂ। ਜਿਸ ਵਿੱਚ ਐਮਐਸ ਸਵਾਮੀਨਾਥਨ ਦਾ ਸਭ ਤੋਂ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ। ਸਵਾਮੀਨਾਥਨ ਨੇ ਦੁਨੀਆਂ ਵਿੱਚ ਹਰੀ ਕ੍ਰਾਂਤੀ ਦੇ ਪਿਤਾਮਾ ਨਾਰਮਨ ਬੋਰਲੌਗ ਨੂੰ ਵੀ ਦਿੱਲੀ ਦੇ ਖੇਤਾਂ ਵਿੱਚ ਲਿਆਂਦਾ। ਨਵੀਆਂ ਕਿਸਮਾਂ ਦਾ ਪ੍ਰਭਾਵ ਇਹ ਹੋਇਆ ਕਿ ਕਣਕ ਦੀ ਪੈਦਾਵਾਰ 1965 ਵਿੱਚ ਸਿਰਫ਼ 12 ਮਿਲੀਅਨ ਟਨ ਤੋਂ ਵਧ ਕੇ 1968 ਵਿੱਚ 17 ਮਿਲੀਅਨ ਟਨ ਹੋ ਗਈ। ਉਸ ਸਮੇਂ ਸੀ.ਸੁਬਰਾਮਨੀਅਮ ਦੇਸ਼ ਦੇ ਖੇਤੀਬਾੜੀ ਮੰਤਰੀ ਦਾ ਅਹੁਦਾ ਸੰਭਾਲ ਰਹੇ ਸਨ। ਇਸ ਤੋਂ ਬਾਅਦ ਭਾਰਤ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਅੱਜ ਸਾਡੇ ਕੋਲ ਕਣਕ ਦੀਆਂ ਪੰਜ ਸੌ ਕਿਸਮਾਂ ਹਨ। ਅਸੀਂ 108 ਮਿਲੀਅਨ ਟਨ ਕਣਕ ਦਾ ਉਤਪਾਦਨ ਸ਼ੁਰੂ ਕਰ ਦਿੱਤਾ ਹੈ।

### ਸੌਖਾ ਨਹੀਂ ਸੀ ਹਰੀ ਕ੍ਰਾਂਤੀ ਦਾ ਕੰਮ

ਹਰੀ ਕ੍ਰਾਂਤੀ ਅਤੇ ਕਣਕ ਦੀ ਇਸ ਯਾਤਰਾ ਵਿੱਚ ਅਜੇ ਵੀ ਇੱਕ ਕੜੀ ਬਾਕੀ ਹੈ। ਜਿਸ ਦੀਆਂ ਤਾਰਾਂ ਕੋਰੀਆ ਅਤੇ ਜਾਪਾਨ ਨਾਲ ਵੀ ਜੁੜੀਆਂ ਹੋਈਆਂ ਹਨ। ਵਾਸਤਵ ਵਿੱਚ, ਮੈਕਸੀਕੋ ਵਿੱਚ ਵਿਕਸਤ ਕੀਤੀਆਂ ਲਰਮਾ ਰੋਹੋ, ਸੋਨੋਰਾ-64 ਵਰਗੀਆਂ ਕਿਸਮਾਂ ਵਿੱਚ, ਕਣਕ ਦੀ ਨੌਰਿਨ-10 ਕਿਸਮ ਬੌਨੇ ਜੀਨਾਂ ਦੇ ਸਰੋਤ ਵਜੋਂ ਕੰਮ ਕਰਦੀ ਹੈ। ਜਿਸ ਦਾ ਜਰਮਪਲਾਜ਼ਮ ਕੋਰੀਆ ਤੋਂ ਜਾਪਾਨ ਅਤੇ ਫਿਰ ਅਮਰੀਕਾ ਪਹੁੰਚਿਆ। ਨੋਰਿਨ-10 ਦਾ ਜੀਨ ਵੀ ਅੰਤਰਰਾਸ਼ਟਰੀ ਮੱਕੀ ਅਤੇ ਕਣਕ ਸੁਧਾਰ ਕੇਂਦਰ, ਮੈਕਸੀਕੋ ਨੂੰ ਫਸਲੀ ਕਿਸਮ ਸੁਧਾਰ ਪ੍ਰੋਗਰਾਮ ਅਧੀਨ ਦਿੱਤਾ ਗਿਆ ਸੀ।

### ਭਾਰਤ ਦਾ ਅਸਲ 'ਅੰਨਦਾਤਾ'

ਭਾਰਤੀ ਖੇਤੀ ਖੋਜ ਸੰਸਥਾਨ ਤੋਂ ਪੜ੍ਹੇ ਸਵਾਮੀਨਾਥਨ ਨੂੰ ਸੱਚਮੁੱਚ ਭਾਰਤ ਦਾ 'ਅੰਨਦਾਤਾ' ਕਿਹਾ ਜਾ ਸਕਦਾ ਹੈ। ਉਨ੍ਹਾਂ ਦੀ ਮਦਦ ਨਾਲ ਝੋਨੇ ਅਤੇ ਹੋਰ ਫ਼ਸਲਾਂ ਵਿੱਚ ਵੀ ਖੇਤੀ ਕ੍ਰਾਂਤੀ ਦੇ ਬੀਜ ਬੀਜੇ ਗਏ। ਉਸਨੂੰ 1961 ਵਿੱਚ ਜੀਵ ਵਿਗਿਆਨ ਲਈ ਸ਼ਾਂਤੀ ਸਵਰੂਪ ਭਟਨਾਗਰ ਪੁਰਸਕਾਰ ਮਿਲਿਆ। ਉਨ੍ਹਾਂ ਦੇ ਯੋਗਦਾਨ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ 1989 ਵਿੱਚ ਸਵਾਮੀਨਾਥਨ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ। ਉਸ ਨੇ ਇੰਨੇ ਵੱਡੇ ਦੇਸ਼ ਨੂੰ ਭੁੱਖਮਰੀ ਤੋਂ ਬਾਹਰ ਲਿਆਉਣ ਵਿੱਚ ਮਦਦ ਕੀਤੀ। 1971 ਵਿੱਚ, ਉਸਨੇ ਕਮਿਊਨਿਟੀ ਲੀਡਰਸ਼ਿਪ ਲਈ ਰੈਮਨ ਮੈਗਸੇਸੇ ਅਵਾਰਡ ਪ੍ਰਾਪਤ ਕੀਤਾ।

# ਮਾਲਦੀਵ ਦੀਆਂ ਰਾਸ਼ਟਰਪਤੀ ਚੋਣਾਂ 'ਚ ਚੀਨ ਪੱਖੀ ਪ੍ਰੋਗਰੈਸਿਵ ਪਾਰਟੀ ਤੇ ਪੀਪਲਜ਼ ਨੈਸ਼ਨਲ ਕਾਂਗਰਸ ਦੇ ਸਾਂਝੇ ਉਮੀਦਵਾਰ ਦੀ ਜਿੱਤ

ਨਵੀਂ ਦਿੱਲੀ -ਮਾਲਦੀਵ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਪ੍ਰੋਗਰੈਸਿਵ ਪਾਰਟੀ ਤੇ ਪੀਪਲਜ਼ ਨੈਸ਼ਨਲ ਕਾਂਗਰਸ ਦੇ ਸਾਂਝੇ ਉਮੀਦਵਾਰ ਮੁਹੰਮਦ ਮੁਈਜ਼ੂ ਨੇ ਜਿੱਤ ਪ੍ਰਾਪਤ ਕਰ ਲਈ ਹੈ। ਲੱਗਭੱਗ 1800 ਛੋਟੇ-ਵੱਡੇ ਟਾਪੂਆਂ ਵਾਲੇ ਇਸ ਦੇਸ਼ ਦੀ ਭੂਗੋਲਿਕ ਸਥਿਤੀ ਇਸ ਖਿੱਤੇ ਦੇ ਬਾਕੀ ਦੇਸ਼ਾਂ ਲਈ ਮਹੱਤਵਪੂਰਨ ਹੈ। ਖਾੜੀ ਦੇ ਦੇਸ਼ਾਂ ਵਿੱਚੋਂ ਆਉਂਦਾ ਤੇਲ ਇਸੇ ਰਾਹ ਤੋਂ ਹੋ ਕੇ ਗੁਜ਼ਰਦਾ ਹੈ। ਭਾਰਤ ਦੇ ਮਾਲਦੀਵ ਨਾਲ ਪੁਰਾਣੇ ਸੰਬੰਧ ਰਹੇ ਹਨ, ਪਰ ਚੀਨ ਵੀ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਇਸ ਦੇਸ਼ ਵੱਲ ਤਵੱਜੋ ਦਿੰਦਾ ਆ ਰਿਹਾ ਹੈ।

ਮਾਲਦੀਵ ਦੀ ਸਾਰੀ ਚੋਣ ਭਾਰਤ ਦੇ ਨਾਂਅ ਉੱਤੇ ਹੀ ਲੜੀ ਗਈ ਸੀ। ਇੱਕ ਪਾਸੇ ਮਾਲਦੀਵੀਅਨ ਡੈਮੋਕ੍ਰੇਟਿਕ ਪਾਰਟੀ ਦੇ ਮੁਹੰਮਦ ਇਬਰਾਹੀਮ ਸੋਲਿਹ, ਜਿਹੜੇ 2018 ਤੋਂ ਰਾਸ਼ਟਰਪਤੀ ਹਨ, ਦਾ ਨਾਅਰਾ ਸੀ 'ਇੰਡੀਆ ਫਸਟ' ਤੇ ਦੂਜੇ ਪਾਸੇ ਚੋਣ ਜਿੱਤੇ ਮੁਹੰਮਦ ਮੁਈਜ਼ੂ ਦਾ ਨਾਅਰਾ ਸੀ 'ਇੰਡੀਆ ਆਊਟ'।

ਭਾਰਤ ਨੇ ਤਿੰਨ ਦਹਾਕਿਆਂ ਤੱਕ ਡਿਕਟੇਟਰ ਰਾਸ਼ਟਰਪਤੀ ਅਬਦੁਲ ਗਯੂਮ ਨਾਲ ਮਿਲ ਕੇ ਕੰਮ ਕੀਤਾ ਸੀ। 2008 ਵਿੱਚ ਪਹਿਲੇ ਲੋਕਤੰਤਰੀ ਰਾਸ਼ਟਰਪਤੀ ਮੁਹੰਮਦ ਨਸ਼ੀਦ ਤੇ ਫਿਰ 2013 ਵਿੱਚ ਯਾਮੀਨ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਮਾਲਦੀਵ ਨੇ ਚੀਨ ਨਾਲ ਸੰਬੰਧ ਵਧਾ ਲਏ। ਭਾਰਤ ਤੇ ਪੱਛਮੀ ਦੇਸ਼ਾਂ ਨੇ ਯਾਮੀਨ ਉਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਾ ਕੇ ਉਸ ਨੂੰ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਬੀਜਿੰਗ ਦੀ ਰਾਹ ਫੜ ਲਈ, ਜਿਸ ਨੇ ਬਿਨਾਂ ਕਿਸੇ ਸ਼ਰਤ ਦੇ ਕਰਜ਼ੇ ਦੀ ਪੇਸ਼ਕਸ਼ ਕਰ ਦਿੱਤੀ। ਇਸ ਸਹਾਇਤਾ ਨਾਲ ਯਾਮੀਨ ਪ੍ਰਸ਼ਾਸਨ ਨੇ ਰਾਜਧਾਨੀ ਮਾਲੇ ਨੂੰ ਇੱਕ ਹੋਰ ਟਾਪੂ ਉੱਤੇ ਬਣੇ ਹਵਾਈ ਅੱਡੇ ਨਾਲ ਜੋੜਨ ਵਾਲਾ ਪੁਲ 20



ਕਰੋੜ ਡਾਲਰ ਨਾਲ ਉਸਾਰ ਲਿਆ। ਇਸ ਦੇ ਬਦਲੇ ਉਸ ਨੇ ਆਪਣਾ ਇੱਕ ਟਾਪੂ ਚੀਨ ਨੂੰ 50 ਸਾਲਾਂ ਦੇ ਠੇਕੇ ਉੱਤੇ 40 ਲੱਖ ਡਾਲਰ ਵਿੱਚ ਦੇ ਦਿੱਤਾ। ਇਸ ਦੇ ਨਾਲ ਹੀ ਮਾਲਦੀਵ ਚੀਨ ਦੀ ਬਹੁਪੱਖੀ ਯੋਜਨਾ 'ਵਨ ਬੈੱਲਟ, ਵਨ ਰੋਡ' ਦਾ ਹਿੱਸਾ ਬਣ ਗਿਆ।

2018 ਵਿੱਚ ਮੁਹੰਮਦ ਇਬਰਾਹੀਮ ਸੋਲਿਹ ਨੇ ਚੋਣ ਜਿੱਤਣ ਤੋਂ ਬਾਅਦ ਚੀਨ ਦੀ ਥਾਂ ਭਾਰਤ ਨੂੰ ਪਹਿਲ ਦਿੱਤੀ। ਭਾਰਤ ਨੇ ਵੀ ਉਸ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਸੜਕਾਂ, ਭੂਮੀ ਸੁਧਾਰ, ਸਾ਼ਫ ਪਾਣੀ, ਇੱਕ ਬੰਦਰਗਾਹ ਆਦਿ ਯੋਜਨਾਵਾਂ ਵਿੱਚ ਨਿਵੇਸ਼ ਕਰਨ ਤੋਂ ਇਲਾਵਾ ਕੈਂਸਰ ਹਸਪਤਾਲ, ਕ੍ਰਿਕੇਟ ਸਟੇਡੀਅਮ ਤੇ ਇੱਕ ਮਸਜਿਦ ਦਾ ਨਵੀਨੀਕਰਨ ਆਦਿ ਵਿੱਚ ਮਦਦ ਕੀਤੀ। ਅਨੁਮਾਨ ਹੈ ਕਿ 2018 ਤੋਂ 2022 ਤੱਕ ਭਾਰਤ ਨੇ ਮਾਲਦੀਵ ਨੂੰ ਲੱਗਭੱਗ 1100 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਕੀਤੀ ਸੀ।

ਇਸ ਦੇ ਬਾਵਜੂਦ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਏਨੀਆਂ ਤੇਜ਼ ਕਿਉਂ ਹੋ ਗਈਆਂ ਕਿ ਚੋਣਾਂ ਦਾ ਮੁੱਖ ਮੁੱਦਾ ਹੀ 'ਚੀਨ ਅੰਦਰ' ਤੇ 'ਭਾਰਤ ਬਾਹਰ' ਬਣ ਗਿਆ। ਭਾਰਤ ਤੇ ਮਾਲਦੀਵ ਵਿਚਾਲੇ ਪਿਛਲੇ ਸਾਲ 50 ਕਰੋੜ ਦਾ ਵਪਾਰ ਹੋਇਆ ਸੀ, ਜਿਸ ਵਿੱਚੋਂ ਭਾਰਤ ਨੇ 49.5 ਕਰੋੜ ਦਾ ਮਾਲ ਭੇਜਿਆ ਤੇ ਥੋੜ੍ਹੀ ਜਿਹੀ ਦਰਾਮਦ ਕੀਤੀ ਸੀ। ਉਥੋਂ ਦੇ ਲੋਕ ਇਸ ਨੂੰ ਅਸਾਵਾਂ ਵਪਾਰ ਕਹਿੰਦੇ ਹਨ, ਜੋ ਸੱਚ ਵੀ ਹੈ। ਭਾਰਤ ਨੇ ਮਾਲਦੀਵ ਨੂੰ 2010 ਤੇ 2013 ਵਿੱਚ ਦੋ ਹੈਲੀਕਾਪਟਰ ਦਿੱਤੇ ਸਨ। 2020 ਵਿੱਚ ਇੱਕ ਛੋਟਾ ਹਵਾਈ ਜਹਾਜ਼ ਵੀ ਗਿਫਟ ਕਰ ਦਿੱਤਾ ਸੀ। ਇਸ ਦੇ ਨਾਲ ਹੀ ਇਸ ਹਵਾਈ ਜਹਾਜ਼ ਦੇ ਰੱਖ-ਰਖਾਅ ਲਈ 75 ਫ਼ੌਜੀ ਭੇਜ ਦਿੱਤੇ ਸਨ। ਇਸ ਘਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਇਨ੍ਹਾਂ ਫੌਜੀਆਂ ਨੂੰ ਕੱਢਣ ਲਈ 'ਇੰਡੀਆ ਆਊਟ' ਦਾ ਨਾਅਰਾ ਦੇ ਦਿੱਤਾ। ਇਸ ਤੋਂ ਇਲਾਵਾ ਮਾਲਦੀਵ ਲੱਗਭੱਗ ਸੌ ਫੀਸਦੀ ਮੁਸਲਿਮ ਅਬਾਦੀ ਵਾਲਾ ਦੇਸ਼ ਹੈ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿੱਚ ਭਾਰਤ ਅੰਦਰ ਮੁਸਲਮਾਨਾਂ ਵਿਰੁੱਧ ਨਫ਼ਰਤ ਦੀਆਂ ਘਟਨਾਵਾਂ ਦਾ ਅਸਰ ਸਮੁੱਚੇ ਵਿਸ਼ਵ ਵਿਚਲੇ ਮੁਸਲਮਾਨਾਂ ਉੱਤੇ ਪੈਣਾ ਲਾਜ਼ਮੀ ਹੈ। **(ਬਾਕੀ ਸਫ਼ਾ 29 'ਤੇ)**



# ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ’ਤੇ ਕੌਮਾਂਤਰੀ ਵਿਵਾਦ ਅਤੇ ਸਿੱਖ ਕੌਮ ਲਈ ਅਹਿਮ ਮੌਕੇ

ਡਾ. ਜਸਵੀਰ ਸਿੰਘ, ਡੈਨਮਾਰਕ



ਮੱਧ ਕਾਲ ਤੋਂ ਲੈ ਕੇ ਮਾਡਰਨ ਕਾਲ ਤੱਕ ਆਉਣ ਵਾਲੇ ਵੱਡੇ ਬੁਨਿਆਦੀ ਰਾਜਨੀਤਕ ਬਦਲਾਅ ਨੇ ਇੱਕ ਏਕੀਕ੍ਰਿਤ ਅਤੇ ਆਜ਼ਾਦ ਸਮਾਜਕ ਸੰਗਠਨ ਨੂੰ ਜਨਮ ਦਿੱਤਾ ਜਿਸ ਨੂੰ ਪ੍ਰਭੂਸੱਤਾਤਮਿਕ ਰਾਜ ਕਿਹਾ ਗਿਆ। ਰਾਜਨੀਤਕ ਸੱਤਾ ਅਤੇ ਤਾਕਤ ਰਾਜੇ ਅਤੇ ਉਸ ਦੀ ਸਰਕਾਰ ਵਿੱਚ ਕੇਂਦਰਿਤ ਹੋ ਗਈ। ਇਸੇ ਰਾਜਨੀਤਕ ਬਦਲਾਅ ਦੇ ਸਿੱਟੇ ਵਜੋਂ ਆਜ਼ਾਦ ਖੇਤਰੀ ਰਾਜਾਂ ਦੀ ਸਿਰਜਣਾ ਹੋਈ। ਇਨ੍ਹਾਂ ਰਾਜਾਂ ਹੇਠਲੇ ਖੇਤਰ ਇਨ੍ਹਾਂ ਦੀ ਮਲਕੀਅਤ ਬਣ ਗਏ ਅਤੇ ਇਨ੍ਹਾਂ ਖੇਤਰਾਂ ਵਿੱਚ ਵਸਣ ਵਾਲੇ ਲੋਕ ਇਨ੍ਹਾਂ ਖੇਤਰੀ ਰਾਜਾਂ ਦੇ ਨਾਗਰਿਕ ਬਣ ਗਏ। ਇਨ੍ਹਾਂ ਰਾਜਾਂ ਵਿੱਚ ਅਰਧ-ਆਜ਼ਾਦ ਖੇਤਰਾਂ, ਲੋਕਾਂ ਜਾਂ ਸੰਗਠਨਾਂ ਦੀ ਕੋਈ ਹੋਂਦ ਨਹੀਂ ਸੀ। ਇਨ੍ਹਾਂ ਰਾਜਾਂ ਦੀਆਂ ਸੱਤਾ ਅਤੇ ਕਾਨੂੰਨ ਇਨ੍ਹਾਂ ਰਾਜਾਂ ਦੀ ਹੱਦਾਂ ਅੰਦਰ ਰਹਿਣ ਵਾਲੇ ਹਰੇਕ ਮਨੁੱਖ ਤੇ ਸੰਸਥਾ ’ਤੇ ਲਾਗੂ ਸੀ। ਯੂਰਪ ਵਿੱਚ ਵਧੀ-ਫੁੱਲੀ ਇਸ ਰਾਜਨੀਤਕ ਪ੍ਰਣਾਲੀ ਵਿੱਚ ਕੁਝ ਖਾਸ ਗੁਣ ਸਨ, ਜਿਨ੍ਹਾਂ ਵਿੱਚ

(ੳ) ਇਹ ਰਾਜ ਇੱਕ ਦੂਜੇ ਦੀ ਆਜ਼ਾਦੀ ਨੂੰ ਸਾਂਝੀ ਮਾਨਤਾ ਦਿੰਦੇ ਸਨ।

(ਅ) ਇਸ ਰਾਜਸੀ ਵਰਤਾਰੇ ਨੇ ਯੂਰਪੀਨ ਰਾਜ ਪ੍ਰਣਾਲੀ ਨੂੰ ਜਨਮ ਦਿੱਤਾ ਜੋ ਸਿਰਫ਼ ਯੂਰਪ ਤੱਕ ਹੀ ਸੀਮਤ ਸੀ।

(ੲ) ਯੂਰਪ ਤੋਂ ਬਾਹਰਲੇ ਰਾਜਸੀ ਖੇਤਰ ਇਸ ਪ੍ਰਣਾਲੀ ਦਾ ਹਿੱਸਾ ਨਹੀਂ ਸਨ, ਇਨ੍ਹਾਂ ਨੂੰ ਰਾਜਸੀ ਤੌਰ ’ਤੇ ਘਟੀਆ ਸਮਝਿਆ ਜਾਂਦਾ ਸੀ। ਬਾਅਦ ਵਿੱਚ ਇਹ ਗ਼ੈਰ-ਯੂਰਪੀ ਰਾਜਸੀ ਖੇਤਰ ਯੂਰਪੀ ਬਸਤੀਬਾਦੀ ਸਾਮਰਾਜ ਦਾ ਹਿੱਸਾ ਬਣਾ ਲਏ ਗਏ।

(ਸ) ਇਸ ਪ੍ਰਬੰਧ ਵਿੱਚ ਤਾਕਤ ਦਾ ਤਵਾਜ਼ਨ ਸੀ ਜਿਸ ਵਿੱਚ ਇੱਕ ਰਾਜ ਨੂੰ ਵੱਡੀ ਰਾਜਸੀ ਤਾਕਤ ਵਜੋਂ ਦੂਜੇ ਰਾਜਾਂ ਨੂੰ ਦਬਾਉਣ ਜਾਂ ਇਨ੍ਹਾਂ ’ਤੇ ਹਮਲਾ ਕਰਨ ਦੀ ਇਜਾਜ਼ਤ ਨਹੀਂ ਸੀ ਤੇ ਜੇ ਕੋਈ ਰਾਜ ਅਜਿਹਾ ਕਰਦਾ ਸੀ ਤਾਂ ਦੂਜੇ ਰਾਜ ਮਿਲ ਕੇ ਇਸ ਦਾ ਵਿਰੋਧ ਕਰਦੇ ਸਨ।

ਵੀਹਵੀਂ ਸਦੀ ਦੇ ਅੱਧ ਤੱਕ ਬਸਤੀਵਾਦ ਹੇਠਲੇ ਰਾਜਾਂ ਦੇ ਆਜ਼ਾਦ ਹੋਣ ਨਾਲ ਇਹ ਯੂਰਪੀ ਰਾਜ ਪ੍ਰਣਾਲੀ, ਕੌਮਾਂਤਰੀ ਰਾਜ ਪ੍ਰਣਾਲੀ ਵਿੱਚ ਬਦਲ ਗਈ। ਇਸ ਕੌਮਾਂਤਰੀ ਪ੍ਰਣਾਲੀ ਵਿੱਚ ਰਾਜ ਨੂੰ ਦੂਜੇ ਰਾਜਾਂ ਦੇ ਨਾਲ ਸਬੰਧ ਰੱਖਣ ਲਈ ਕਾਨੂੰਨੀ ਸੰਸਥਾ ਵਜੋਂ ਮਾਨਤਾ ਮਿਲੀ। ਇਸ ਪ੍ਰਣਾਲੀ ਵਿੱਚ ਸਿਰਫ਼ ਰਾਜ ਹੀ ਕੌਮਾਂਤਰੀ ਸੰਸਥਾਵਾਂ ਦਾ ਹਿਸਾ ਬਣ ਸਕਦੇ ਹਨ। ਰਾਜਾਂ ਦੀ ਇਹ ਕੌਮਾਂਤਰੀ ਕਾਨੂੰਨੀ ਯੋਗਤਾ ਹੀ ਇਨ੍ਹਾਂ ਦੀ ਬਾਹਰੀ ਪ੍ਰਭੂਸੱਤਾ ਦਾ ਸਰੋਤ ਹੈ। ਇਸ ਪ੍ਰਣਾਲੀ ਨੇ ‘ਰਾਜਨੀਤਕ ਆਜ਼ਾਦੀ’ ਅਤੇ ‘ਪ੍ਰਭੂਸੱਤਾ’ ਵਰਗੇ ਤੱਤਾਂ ਨੂੰ ਅਤਿ ਮਹੱਤਵਪੂਰਨ ਬਣਾ ਦਿੱਤਾ ਹੈ। ਇਸ ਪ੍ਰਣਾਲੀ ਵਿੱਚ ਰਾਜਨੀਤਕ ਆਜ਼ਾਦੀ ਅਤੇ ਪ੍ਰਭੂਸੱਤਾ ਪਾਉਣ ਤੋਂ ਵਾਂਝੇ ਰਹਿਣ ਵਾਲੇ ਰਾਜਸੀ ਖੇਤਰ ‘ਕੌਮੀ ਘੱਟਗਿਣਤੀਆਂ’ ਵਜੋਂ ਜਾਣੇ ਗਏ। ਇਸ ਕੌਮਾਂਤਰੀ ਪ੍ਰਣਾਲੀ ਵਿੱਚ ਇਨ੍ਹਾਂ ‘ਕੌਮੀ ਘੱਟਗਿਣਤੀਆਂ’ ਦੀ ਕੋਈ ਰਾਜਸੀ ਅਤੇ ਕਾਨੂੰਨੀ ਵੁੱਕਤ ਨਹੀਂ ਹੈ। ਕੌਮੀ ਘੱਟਗਿਣਤੀਆਂ ਮੌਜੂਦਾ ਬਹੁਗਿਣਤੀ ਸਮੂਹਾਂ ਵਜੋਂ ਕਬਜ਼ਾ ਕੀਤੇ ਰਾਜਾਂ ਅੰਦਰ ‘ਰਾਜਨੀਤਕ ਬਿਸਾਤ ਦੇ ਮੋਹਰਿਆਂ’ ਤੋਂ ਵੱਧ ਕੇ ਕੁਝ ਵੀ ਨਹੀਂ ਹਨ। ਇਹ ਇਸ ਪ੍ਰਣਾਲੀ ਅੰਦਰ ‘ਮਾਡਰਨ ਰਾਜਸੀ ਗੁਲਾਮ’ ਹਨ।

ਵੀਹਵੀਂ ਸਦੀ ਦੇ ਅੱਧ ਵਿੱਚ ਆਏ ਰਾਜਨੀਤਕ ਬਦਲਾਅ ਨੇ ਭਾਰਤੀ ਹਿੰਦੂ ਬਹੁਗਿਣਤੀ ਆਗੂਆਂ ਨੇ ਭਾਰਤ ਨੂੰ ‘ਰਾਜਨੀਤਕ ਆਜ਼ਾਦੀ ਅਤੇ ਪ੍ਰਭੂਸੱਤਾਤਮਿਕ ਰਾਜ’ ਦਾ ਦਰਜਾ ਦਿਵਾ ਲਿਆ। ਭਾਰਤੀ ਰਾਜ ਨੂੰ ਇਹ ਦਰਜਾ ਦੇਣ ਵਾਲੀ ਰਾਜਸੀ ਸੱਤਾ, ਜਿਸ ਨੂੰ ‘ਕੈਬਨਿਟ ਮਿਸ਼ਨ’ ਕਿਹਾ ਜਾਂਦਾ ਹੈ, ਨੇ ਸਿੱਖਾਂ ਨੂੰ ਵੱਖਰੇ ਰਾਜਨੀਤਕ ਸਮੂਹ ਵਜੋਂ ਮੰਨਣ ਤੋਂ ਇਨਕਾਰ ਕਰ ਦਿੱਤਾ। ਭਾਰਤ ਨੂੰ ਰਾਜਨੀਤਕ ਆਜ਼ਾਦੀ ਅਤੇ ਪ੍ਰਭੂਸੱਤਾ ਦੇਣ ਲਈ ਬਣਾਈ ਗਈ ‘ਸੰਵਿਧਾਨ ਸਭਾ’ ਦਾ ਸਿੱਖਾਂ ਵੱਲੋਂ ਬਾਈਕਾਟ ਕਰ ਦਿੱਤਾ ਗਿਆ। 18 ਜੁਲਾਈ,1946 ਨੂੰ ਇੰਗਲੈਂਡ ਦੇ ਗ੍ਰਹਿ ਮੰਤਰੀ ਨੇ ਇੰਗਲੈਂਡ ਦੀ ਪਾਰਲੀਮੈਂਟ ਦੇ ਉਪਰਲੇ ਸਦਨ ‘ਹਾਊਸ ਆਫ਼ ਲਾਰਡਸ’ ਵਿੱਚ ‘ਸਿੱਖਾਂ ਦੀਆਂ ਮੰਗਾਂ ਉੱਤੇ ਪੂਰਨ ਤੌਰ ’ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ। ਇਸ ਬਿਆਨ ਵਿੱਚ ਉਨ੍ਹਾਂ ਸਿੱਖਾਂ ਨੂੰ ਵੱਖਰੀ ਤੇ ਮਹੱਤਵਪੂਰਨ ਕੌਮ (ਜਾਂ ਭਾਈਚਾਰੇ) ਵਜੋਂ ਮਾਨਤਾ ਦਿੱਤੀ। 9 ਅਗਸਤ, 1946 ਨੂੰ ਕਾਂਗਰਸ ਦੀ ਕਾਰਜਕਾਰੀ ਕਮੇਟੀ ਨੇ ਸਿੱਖਾਂ ਨੂੰ ਉਨ੍ਹਾਂ ਦੀਆਂ ਉਚਿਤ ਮੰਗਾਂ ਮੰਨਣ ਅਤੇ ਬਣਦੀਆਂ ਕਾਨੂੰਨੀ ਰੱਖਿਆਵਾਂ ਦੇਣ ਦਾ ਭਰੋਸਾ ਦਿਵਾਇਆ। ਕਾਂਗਰਸ ਕਾਰਜਕਾਰੀ ਕਮੇਟੀ ਦੇ ਇਸ ਮਤੇ ਦੇ ਸੰਦਰਭ ਵਿੱਚ ਪੰਥਕ ਬੋਰਡ ਦੇ ਸਰਦਾਰ ਉੱਜਲ ਸਿੰਘ ਨੇ ਇਹ ਕਹਿ ਕੇ ‘ਸੰਵਿਧਾਨ ਸਭਾ’ ਵਿੱਚ ਹਿੱਸਾ ਲੈਣ ਦਾ ਐਲਾਨ ਕੀਤਾ, ਮੇਰਾ ਕਾਂਗਰਸ ਦੇ ਆਗੂਆਂ ਵਿੱਚ ਪੂਰਨ ਭਰੋਸਾ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੁਗਾਉਣ ਅਤੇ ‘ਪਵਿੱਤਰ ਸ਼ਬਦਾਂ’ ਨੂੰ ‘ਵਿਹਾਰਕ’ ਰੂਪ ਦੇਣ ਦਾ ਸਮਾਂ ਆ ਗਿਆ ਹੈ। ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਬਿਨ੍ਹਾਂ ਦੇਰੀ ਤੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਸਿਰਫ਼ ਵਾਅਦਿਆਂ ’ਤੇ ਆਧਾਰ ’ਤੇ ਅਤੇ ਬਿਨ੍ਹਾਂ ਕਿਸੇ ‘ਰਾਜਨੀਤਕ ਸਮਝੌਤੇ ਜਾਂ ਸ਼ਰਤਾਂ’ ਤੇ ਭਾਰਤੀ ਰਾਜ ਵਿੱਚ ਸ਼ਾਮਲ ਹੋਣ ਦਾ ਅਤੇ ‘ਪਵਿੱਤਰ ਸ਼ਬਦਾਂ’ ਨੂੰ ‘ਵਿਹਾਰਕ’ ਰੂਪ ਦੇਣ ਦਾ ਪਹਿਲਾ ਤੋਹਫ਼ਾ ਸਿੱਖਾਂ ਨੂੰ ਭਾਰਤੀ ਹਿੰਦੂ ਆਗੂ ‘ਸਰਦਾਰ ਪਟੇਲ’ ਵੱਲੋਂ ‘ਸੰਵਿਧਾਨ ਸਭਾ’ ਵਿੱਚ ਦਿੱਤਾ ਗਿਆ। ਸੰਵਿਧਾਨ ਸਭਾ ਵਿੱਚ ਬੋਲਦਿਆਂ ਸਰਦਾਰ ਪਟੇਲ ਨੇ ਬਿਆਨ ਦਿੱਤਾ, ਅਸੀਂ ਇੱਕ ‘ਕੌਮ’ ਦੀ ਨੀਂਹ ਰੱਖਣ ਜਾ ਰਹੇ ਹਾਂ ਅਤੇ ਜੋ ਇਸ ਨੂੰ ਵੰਡਣਾ ਚਾਹੁੰਦੇ ਹਨ ਤੇ ਇਸ ਦੀ ਬਰਬਾਦੀ ਦੇ ਬੀਜ ਬੀਜਣਾ ਚਾਹੁੰਦੇ ਹਨ, ਉਨ੍ਹਾਂ ਦਾ ਇਸ ਵਿੱਚ ਕੋਈ ਥਾਂ ਨਹੀਂ ਹੈ। ਮੌਜੂਦਾ ਹਾਲਤਾਂ ਵਿੱਚ ਘੱਟ-ਗਿਣਤੀਆਂ ਬਹੁਗਿਣਤੀ ਦੀ ‘ਉਦਾਰਤਾ ਜਾਂ ਦਿਆਲਤਾ ’ਤੇ ਨਿਰਭਰ ਹਨ। ਸਰਦਾਰ ਪਟੇਲ ਦਾ ਇਹ ਬਿਆਨ ‘ਹਿੰਦੂ ਬਹੁਗਿਣਤੀ ਦੇ ਦਾਬੇ’ ਅਤੇ ‘ਭਾਰਤੀ ਪ੍ਰਭੂਸੱਤਾ’ ਦੇ ਇਕਮਿੱਕ ਹੋਣ ਦਾ ਸੰਵਿਧਾਨਕ ਐਲਾਨ-ਨਾਮਾ ਸੀ। ਲੋਕਤੰਤਰ ਅਤੇ ਧਰਮ ਨਿਰਪੱਖਤਾ ਦੇ ਪਰਦੇ ਹੇਠ ਅਤੇ ਪ੍ਰਭੂਸੱਤਾ ਦੇ ਸਿਧਾਂਤ ਦਾ ਸਹਾਰਾ ਲੈ ਕੇ ਭਾਰਤੀ ਰਾਜ ਸਿੱਖ ਕੌਮ ਦੇ ਜਾਇਜ਼ ਰਾਜਸੀ ਤੇ ਸੱਭਿਆਚਾਰਕ ਅਧਿਕਾਰਾਂ ਨੂੰ ਲਿਤਾੜਦਾ ਰਿਹਾ। ਸਿੱਖਾਂ ਨੂੰ ਆਰਥਿਕ ਤੌਰ ’ਤੇ ਕੰਗਾਲ ਕਰ ਦੇਣ ਦੀ ਨੀਤੀ ਲਾਗੂ ਕੀਤੀ ਗਈ। ਸਿੱਖਾਂ ਦੀ ਭਾਸ਼ਾ ਤੇ ਲਿਪੀ ਨੂੰ ਮਾਰਨ ਦੀਆਂ ਸਿੱਧੀਆਂ ਤੇ ਅਸਿੱਧੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ। ਸਿੱਖਾਂ ਦਾ ਸੱਭਿਆਚਾਰਕ-ਘਾਤ ਕਰਨ ਲਈ ਸਿੱਖਾਂ ਵਿਚੋਂ ਅਤੇ ਬਾਹਰੋਂ ਅਕਾਦਮਿਕ ਮਾਹਿਰਾਂ ਦੀ ਵਰਤੋਂ ਕੀਤੀ ਗਈ। ਸਿੱਖਾਂ ਦੇ ਅੰਦਰੂਨੀ ਕੌਮੀ ਏਕੇ ਨੂੰ ਤੋੜ ਦੇਣ ਦਾ ਹਰ ਯਤਨ ਕੀਤਾ ਗਿਆ। ਵੱਡੀਆਂ ਆਰਥਿਕ ਮੰਡੀਆਂ ਦੇ ਲਾਲਚ, ਰਾਜਨੀਤਕ ਆਜ਼ਾਦੀ, ਰਾਜਾਂ ਦੀ ਅੰਦਰੂਨੀ ਤੇ ਬਾਹਰੀ ਦਖਲਅੰਦਾਜੀ ਤੇ ਰੋਕ ਭਾਵ ਪ੍ਰਭੂਸੱਤਾ ’ਤੇ ਅਧਾਰਿਤ ‘ਮੌਜੂਦਾ ਕਾਨੂੰਨ ਅਧਾਰਿਤ’ ਕੌਮਾਂਤਰੀ ਪ੍ਰਬੰਧ ਹੇਠ ਪੱਛਮ ਦੇ ਤਾਕਤਵਰ ਰਾਜ ‘ਕੌਮੀ ਘੱਟਗਿਣਤੀਆਂ’ ਕਹਾਉਂਦੇ ਮਾਡਰਨ ਗੁਲਾਮਾਂ ਉੱਪਰ ਰਾਜਾਂ ਦੀ ਤਾਕਤ ’ਤੇ ਕਾਬਜ਼ ਬਹੁਗਿਣਤੀਆਂ ਦੇ ਫ਼ੌਜੀ, ਸੱਭਿਆਚਾਰਕ ਤੇ ਕਾਨੂੰਨੀ ਜ਼ੁਲਮਾਂ ਨੂੰ ਨਜ਼ਰ ਅੰਦਾਜ਼ ਕਰਦੇ ਰਹੇ।

ਪਰ ਇਸ ਕੌਮਾਂਤਰੀ ਪ੍ਰਬੰਧ ਅੰਦਰ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜੋ ਨਜ਼ਰਅੰਦਾਜ ਹੋਈਆਂ ਕੌਮਾਂ ਨੂੰ ਵੀ ਰਾਜਨੀਤਕ ਲਾਭ ਦੇ ਜਾਂਦੀਆਂ ਹਨ। ਵੱਡੀਆਂ ਤਾਕਤਾਂ ਵਿਚਕਾਰ ਜੰਗ, ਕਿਸੇ ਵੱਡੇ ਰਾਜ ਦੀ ਕੇਂਦਰੀ ਅਰਥ ਪ੍ਰਣਾਲੀ ਦਾ ਢਹਿ ਜਾਣਾ, ਕੌਮਾਂਤਰੀ ਰਾਜਨੀਤਕ ਪ੍ਰਬੰਧ ਵਿੱਚ ਬਦਲਾਅ ਵਰਗੇ ਵਰਤਾਰੇ ਕਈ ਕੌਮਾਂ ਨੂੰ ਆਪਣੇ ਰਾਜ ਸਿਰਜਣ ਦਾ ਮੌਕਾ ਦੇ ਦਿੰਦੇ ਹਨ। ਬਹੁਤੇ ਰਾਜਾਂ ਦੀ ਸਿਰਜਣਾ ਦਾ ਕਾਰਨ ਉੱਪਰਲੇ ਕਾਰਨ ਹੀ ਹਨ। ਇਹੀ ਕਾਰਨ ਹੈ ਕਿ ਬਹੁਗਿਣਤੀ ਦਾਬੇ ਹੇਠ ਰਹਿ ਰਹੀਆਂ ਕੌਮਾਂ ਨੂੰ ਇਨ੍ਹਾਂ ਸਬੰਧੀ ਵਾਪਰਨ ਵਾਲੀ ਹਰੇਕ ਘਟਨਾ ਵਾਰੇ ਜਾਨਣਾ, ਸਮਝਣਾ ਜ਼ਰੂਰੀ ਹੁੰਦਾ ਹੈ। ਕੁਝ ਦਿਨਾਂ ਤੋਂ ਸਿੱਖ ਨੇਸ਼ਨਲਿਸਟ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਨੇ ਕੌਮਾਂਤਰੀ ਰਾਜਨੀਤੀ ਵਿੱਚ ਇੱਕ ਵੱਡੀ ਬਹਿਸ ਨੂੰ ਜਨਮ ਦਿੱਤਾ ਹੈ। ਇਸ ਬਹਿਸ ਦੇ ਵੱਡੇ ਰਾਜਨੀਤਕ ਮਾਇਨੇ ਹਨ,

(ੳ) ਇਸ ਘਟਨਾ ਨੇ ਸਾਬਤ ਕੀਤਾ ਹੈ ਕਿ ਪੱਛਮੀ ਤਾਕਤਾਂ ਦੀ ਮੌਜੂਦਾ ਕੌਮਾਂਤਰੀ ਰਾਜਨੀਤਕ ਪ੍ਰਬੰਧ ’ਤੇ ਮਜ਼ਬੂਤ ਪਕੜ ਹੈ।

(ਅ) ਇਸ ਘਟਨਾ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਯੂਰਪੀ ਰਾਜਨੀਤਕ ਤੇ ਕੌਮਾਂਤਰੀ ਪ੍ਰਬੰਧ ਵਿੱਚ ਪੱਛਮੀ ਤਾਕਤਾਂ ਕਿਸੇ ਵੀ ਰਾਜ ਨੂੰ ਪ੍ਰਭੂਸੱਤਾਤਮਕ ਦਾਬਾ ਪਾਉਣ ਦੀ ਇਜਾਜ਼ਤ ਇੱਕ ਹੱਦ ਤੱਕ ਹੀ ਦਿੰਦੀਆਂ ਹਨ।

(ੲ) ਇਸ ਘਟਨਾ ਨੇ ਏਸ਼ੀਆ ਵਿੱਚ ਚੀਨ ਦੀ ਵਧਦੀ ਫੌਜੀ ਤੇ ਆਰਥਿਕ ਤਾਕਤ ਦੇ ਸੰਦਰਭ ਵਿੱਚ ਭਾਰਤੀ ਰਾਜ ਦੀ ਪੱਛਮੀ ਤਾਕਤਾਂ ਲਈ ਯੁੱਧਨੀਤਕ ਲੋੜ ਦੇ ਪੈਮਾਨੇ ਵੀ ਤੈਅ ਕਰਨੇ ਹਨ।

(ਸ) ਇਸ ਘਟਨਾ ਨੇ ‘ਸਿੱਖ ਭਾਈਚਾਰੇ’ ਦੀ ਮੌਜੂਦਾ ਕੌਮਾਂਤਰੀ ਪ੍ਰਬੰਧ ਵਿੱਚ ਇੱਕ ‘ਨੇਸ਼ਨ’ ਵਜੋਂ ਥਾਂ ਹੋਰ ਪੈਨੀ/ਪੱਕੀ ਕਰ ਦਿੱਤੀ ਹੈ।

ਇਸ ਤਰ੍ਹਾਂ ਇਸ ਘਟਨਾ ਨੇ ਇਹ ਰਾਜਨੀਤਕ ਸੇਧ ਦਿੱਤੀ ਹੈ ਕਿ ਮੌਜੂਦਾ ਰਾਜਨੀਤਕ ਪ੍ਰਬੰਧ ਵਿੱਚ ਪ੍ਰਭੂਸੱਤਾ ਦੀ ਬਾਹਰੀ ਵਰਤੋਂ ਦੀਆਂ ਵੀ ਕੁਝ ਹੱਦਾਂ ਹਨ। ਨਾਲ ਹੀ ਇਸ ਘਟਨਾ ਨੇ ਪਹਿਲੀ ਸੰਸਾਰ ਜੰਗ ਤੋਂ ਬਾਅਦ ਹੋਏ ਪੈਰਿਸ ਸਮਝੌਤੇ ਦੀ ਯਾਦ ਤਾਜ਼ਾ ਕਰ ਦਿੱਤੀ ਹੈ। ਭਾਵੇਂ ਕਿ ਇਹ ਸਮਝੌਤਾ ਲਾਗੂ ਨਹੀਂ ਕੀਤਾ ਗਿਆ ਪਰ ਪੱਛਮੀ ਤਾਕਤਾਂ ਨੇ ਇਸ ਨੂੰ ਕੁਝ ਹਾਲਤਾਂ ਵਿੱਚ ਵਰਤੋਂ ਵਿੱਚ ਲਿਆਂਦਾ ਹੈ। (ਬਾਕੀ ਸਫ਼ਾ 29 ’ਤੇ)








ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

4 ਅਕਤੂਬਰ ਤੋਂ 10 ਅਕਤੂਬਰ, 2023

## ਭਾਈ ਜਿੰਦਾ ਸੁੱਖਾ ਨੂੰ ਯਾਦ ਕਰਦਿਆਂ

ਗੁਰੂ ਖ਼ਾਲਸਾ ਪੰਥ ਲਈ ਮਹਾਨ ਅਤੇ ਅਣਥੱਕ ਸੰਘਰਸ਼ ਕਰਨ ਵਾਲੇ ਸੇਵਾਦਾਰ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਭਾਵੇਂ ਪੰਜਾਬ ਦੇ ਇਲਾਕੇ ਵਿਚੋਂ ਦੂਰ ਦੂਰ ਦੇ ਪਿੰਡਾਂ ਤੋਂ ਸਨ। ਪਰ ਜਦੋਂ ਸੰਘਰਸ਼ ਦੇ ਰਾਹ 'ਤੇ ਚੱਲੇ ਤਾਂ ਗੁਰੂ ਨੇ ਇਹਨਾਂ ਦੋਵਾਂ ਨੂੰ ਮਿਲਾ ਦਿੱਤਾ। ਇਹਨਾਂ ਦੀ ਜੋੜੀ ਨੇ ਜੰਗ ਵਿੱਚ ਵੱਡੀ ਸੇਵਾ ਕੀਤੀ, ਲੋਕ ਅਤੇ ਪਰਲੋਕ ਵਿੱਚ ਆਪਣੀ ਥਾਂ ਬਣਾ ਕੇ ਗੁਰੂ ਚਰਨਾਂ ਵਿੱਚ ਬਿਰਾਜ ਗਏ। ਸਿੱਖ ਮਨਾਂ ਅੰਦਰ ਇਹਨਾਂ ਯੋਧਿਆਂ ਲਈ ਅਥਾਹ ਪ੍ਰੇਮ ਅਤੇ ਇੱਜ਼ਤ ਹੈ। ਅਕਤੂਬਰ ਦੇ ਮਹੀਨੇ ਇਹਨਾਂ ਯੋਧਿਆਂ ਨੂੰ ਇੰਡੀਆ ਦੀ ਸਰਕਾਰ ਵੱਲੋਂ ਪੂਨੇ ਜੇਲ੍ਹ ਅੰਦਰ ਫਾਂਸੀ ਦੇ ਦਿੱਤੀ ਗਈ ਸੀ।

550 ਸਾਲ ਦੇ ਇਤਿਹਾਸ ਅੰਦਰ ਸਿੱਖਾਂ ਨੇ ਅਥਾਹ ਬਿਖੜੇ, ਹਨੇਰੇ ਰਾਹ ਵੇਖੇ ਹਨ। ਇਹਨਾਂ ਹਨੇਰੇ ਰਾਹਾਂ ਨੂੰ ਰੁਸ਼ਨਾਉਣ ਲਈ ਸਿੱਖ ਕੌਮ ਪਾਸ ਅਨੇਕਾਂ ਹੀ ਚਮਕਦੇ ਸੂਰਜ ਹਨ। ਜਿਨ੍ਹਾਂ ਦੀ ਰੌਸ਼ਨੀ ਅੱਜ ਵੀ ਰਾਹ ਰੁਸ਼ਨਾ ਰਹੀ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਦੱਸੇ ਰਾਹ ਅਨੁਸਾਰ ਦਸਮ ਪਾਤਸ਼ਾਹ ਜੀ ਦੇ ਲਾਡਲੇ ਸਪੁੱਤਰਾਂ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ 20ਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ।

ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ ਅਤੇ ਇਹਨਾਂ ਦੇ ਜਥੇ ਦੇ ਸਾਥੀਆਂ ਨੇ ਜੰਗ ਦੀ ਅਣਕਹੀ ਅਗਵਾਈ ਕੀਤੀ। ਇਹਨਾਂ ਨੇ ਗੁਰੂ ਸਾਹਿਬ ਦੀ ਕਿਰਪਾ ਸਦਕਾ ਆਪਣੇ ਆਪ ਨੂੰ ਜਰਨੈਲਾਂ ਦੀ ਹੈਸੀਅਤ ਵਿੱਚ ਰੱਖ ਕੇ ਦੁਸ਼ਮਣ ਫੌਜ ਦੇ ਜਰਨੈਲ ਨੂੰ ਜਾ ਵੰਗਾਰਿਆ। ਇੰਡੀਆ ਦੇ ਰਾਸ਼ਟਰਪਤੀ ਦੇ ਨਾਮ ਲਿਖੀ ਚਿੱਠੀ ਵਿੱਚ ਦੋਵੇਂ ਸਿੰਘ ਲਿਖਦੇ ਹਨ ਕਿ ਉਹਨਾਂ ਨੇ ਨਿਹੱਥੇ ਉਪਰ ਵਾਰ ਨਹੀਂ ਕੀਤਾ। ਵੈਦਿਆ ਉਪਰ ਹਮਲੇ ਸਮੇਂ ਉਸਦੇ ਅੰਗ ਰੱਖਿਅਕ ਉਸ ਦੇ ਨਾਲ ਸਨ ਅਤੇ ਵੈਦਿਆ ਖੁਦ ਵੀ ਹਥਿਆਰਾਂ ਨਾਲ ਲੈਸ ਸੀ। ਵੈਦਿਆ ਉੱਤੇ ਹਮਲਾ ਸੰਘਰਸ਼ੀ ਲੋਕਾਂ ਦੀ ਰਣਨੀਤੀ ਤਹਿਤ ਕੀਤਾ ਗਿਆ, ਜਿਸ ਰਣਨੀਤੀ ਨੂੰ ਕਦੇ ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਲਾਗੂ ਕੀਤਾ ਸੀ। ਇਸ ਲਈ ਉਹਨਾਂ ਦਾ ਵੈਦਿਆ ਨੂੰ ਮਾਰਨ ਦਾ ਤਰੀਕਾ ਅਤੇ ਸਮਾਂ ਜਾਇਜ਼ ਹੈ।

ਭਾਈ ਜਿੰਦਾ, ਭਾਈ ਸੁੱਖਾ ਜਿਹੇ ਸਿੰਘਾਂ ਨੇ ਦਿੱਲੀ ਵਿੱਚ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਲੱਭ ਲੱਭ ਕੇ ਸਜਾਵਾਂ ਦਿੱਤੀਆਂ ਜਿਹੜੇ ਇੰਡੀਆ ਦੀਆਂ ਫੋਰਸਾਂ ਦੇ ਛਾਏ ਹੇਠ ਰਹਿੰਦੇ ਸਨ ਅਤੇ ਸਿੱਖ ਨਿਰਦੋਸ਼ੇ ਲੋਕਾਂ ਨੂੰ ਮਾਰਨ ਲਈ ਜਿੰਮੇਵਾਰ ਸਨ। ਕਤਲੇਆਮ ਦੇ ਸਾਰੇ ਜ਼ਿੰਮੇਵਾਰ ਲੋਕਾਂ ਨੂੰ ਭਾਈ ਜਿੰਦਾ ਹੋਰਾਂ ਦਾ ਜਥਾ ਸੋਧ ਨਹੀਂ ਸਕਿਆ, ਸ਼ਾਇਦ ਇਹ ਗੁਰੂ ਮਹਾਰਾਜ ਦੀ ਮਰਜ਼ੀ ਸੀ ਜਿਨ੍ਹਾਂ ਦੁਨੀਆਂ ਨੂੰ ਦਿਖਾਉਣਾ ਸੀ ਕਿ ਇੰਡੀਆ ਦਾ ਨਿਆਂ ਪ੍ਰਬੰਧ ਵੀ ਮੁਗਲਾਂ ਦੇ ਨਿਆਂ ਪ੍ਰਬੰਧ ਦੀ ਤਰ੍ਹਾਂ ਫਰਜ਼ੀ ਹੈ। ਜਿਥੇ ਗਰੀਬ, ਮਜ਼ਲੂਮ ਦੀ ਕੋਈ ਦਲੀਲ ਨਹੀਂ ਸੁਣੀ ਜਾਂਦੀ, ਬਲਕਿ ਮਜ਼ਲੂਮ ਧਿਰ ਦੇ ਨਾਇਕਾਂ ਵਿਰੁੱਧ ਫ਼ਤਵੇ ਦਿੱਤੇ ਜਾਂਦੇ ਹਨ ਅਤੇ ਜਾਲਮ ਧਿਰ ਦੀ ਪਿੱਠ ਥਾਪੜੀ ਜਾਂਦੀ ਹੈ। ਅੱਜ ਲਗਭੱਗ 40 ਸਾਲ ਬੀਤਣ ਬਾਅਦ ਵੀ ਇੰਡੀਆ ਦਾ ਨਿਆਂ ਪ੍ਰਬੰਧ ਉਹਨਾਂ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦੇ ਸਕਿਆ। ਭਾਈ ਜਿੰਦਾ, ਭਾਈ ਸੁੱਖਾ ਵਰਗੇ ਸਿੰਘ ਉਦੋਂ ਹੀ ਸਪਸ਼ਟ ਸਨ, ਉਹਨਾਂ ਖ਼ਾਲਸਾਈ ਰਵਾਇਤਾਂ ਮੁਤਾਬਿਕ ਦੋਸ਼ੀਆਂ ਨੂੰ ਸਜ਼ਾਵਾਂ ਦੇ ਦਿੱਤੀਆਂ। ਸਿੱਖਾਂ ਵਿਚੋਂ ਗਿਣਤੀ ਕੁ ਦੇ ਉਚੀ ਆਵਾਜ਼ ਵਿੱਚ ਬੋਲਣ ਵਾਲੇ ਉਹਨਾਂ ਹਿੱਸਿਆਂ ਨੂੰ ਅੱਜ ਦਿਖਾਉਣਾ ਚਾਹੀਦਾ ਹੈ ਕਿ 40 ਸਾਲ ਬਾਅਦ ਵੀ ਇੰਡੀਅਨ ਅਦਾਲਤਾਂ ਉਪਰ ਟੇਕ ਰੱਖ ਕੇ ਜਾਂ ਦੁਨੀਆਂ ਨੂੰ ਪੀੜਤਾਂ ਦੀ ਤਰ੍ਹਾਂ ਆਪਣੇ ਜਖਮਾਂ ਦੀ ਨੁਮਾਇਸ਼ ਲਗਾ ਕੇ ਉਨ੍ਹਾਂ ਨੇ ਕੀ ਖੱਟਿਆ ਹੈ? ਜਦਕਿ ਸਿੱਖ ਯੋਧਿਆਂ ਨੇ ਜਿਆਦਾਤਰ ਜਾਲਮਾਂ ਨੂੰ ਕਦੋਂ ਦੀ ਸਜ਼ਾ ਦੇ ਦਿੱਤੀ ਹੈ। ਉਹਨਾਂ ਦੀਆਂ ਕਮਾਈਆਂ ਉਪਰ ਮਾਣ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਦਿੱਲੀ, ਕਾਨਪੁਰ ਦੇ ਸਿੱਖਾਂ ਨੂੰ ਫੇਰ ਤੋਂ ਸਿਰ ਉਠਾ ਕੇ ਚੱਲਣ ਦੇ ਯੋਗ ਬਣਾਇਆ।

ਭਾਈ ਜਿੰਦਾ ਅਤੇ ਇਨ੍ਹਾਂ ਦੇ ਜਥੇ ਨੇ ਦਿੱਲੀ, ਪੰਜਾਬ ਅਤੇ ਹੋਰਨਾਂ ਇਲਾਕਿਆਂ ਵਿੱਚ ਇੰਡੀਅਨ ਸਰਕਾਰ ਦੇ ਖਜਾਨੇ ਭਾਵ ਬੈਂਕਾਂ ਲੁੱਟੀਆਂ। ਇਹ ਸਾਰਾ ਧਨ ਇਨ੍ਹਾਂ ਨੇ ਸੰਘਰਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਿਆ। ਦਿੱਲੀ ਪੁਲਿਸ ਦੇ ਮੁਖੀ ਵੇਦ ਮਰਵਾਹਾ ਨੇ ਆਪਣੀ ਨੌਕਰੀ ਤੋਂ ਬਾਅਦ ਲਿਖੀ ਕਿਤਾਬ ਵਿੱਚ ਲਿਖਿਆ ਹੈ ਕਿ ਜਿੰਦੇ ਨੂੰ ਜਦੋਂ ਇਹ ਜੇਲ੍ਹ ਅੰਦਰ ਮਿਲਿਆ ਤਾਂ ਉਸਨੇ ਸਾਰੀਆਂ ਗੱਲਾਂ ਖੁੱਲ ਕੇ ਦੱਸੀਆਂ ਕਿ ਕਿਵੇਂ ਉਸਨੇ ਰਾਜਧਾਨੀ ਵਿੱਚ ਬੈਂਕਾਂ ਲੁੱਟੀਆਂ ਅਤੇ ਪੁਲਿਸ ਨੂੰ ਮੂਰਖ ਬਣਾਉਂਦਾ ਰਿਹਾ। ਅਜਿਹਾ ਕਹਿੰਦਿਆਂ ਉਸਨੇ ਆਪਣੇ ਆਪ ਨੂੰ ਕਦੇ ਵੀ ਮੁਜ਼ਰਿਮ ਨਹੀਂ ਸਮਝਿਆ। ਵੇਦ ਮਰਵਾਹਾ ਨੂੰ ਉਹ ਤੁਸੀਂ(ਇੰਡੀਆ) ਅਤੇ ਅਸੀਂ (ਖਾੜਕੂ), ਇੱਕ ਬਰਾਬਰ ਦੀ ਧਿਰ ਦੀ ਹੈਸੀਅਤ ਨਾਲ ਗੱਲ ਕਰਦਾ ਸੀ। ਵੇਦ ਮਰਵਾਹਾ ਨੇ ਜਿੰਦੇ ਨੂੰ ਦੋ ਵਾਰ ਗ੍ਰਿਫਤਾਰ ਕੀਤਾ ਸੀ। ਆਪਣੀ ਕਿਤਾਬ ਵਿੱਚ ਮਰਵਾਹਾ ਲਿਖਦੇ ਹਨ ਕਿ ਉਸਨੇ ਸੰਘਰਸ਼ ਵਿੱਚ ਆਪਣੇ ਰੋਲ ਨੂੰ ਬਹੁਤ ਘਟਾ ਕੇ ਦੱਸਿਆ ਪਰ ਪੁਲਿਸ ਤੋਂ ਬਚ ਨਿਕਲਣ ਦੇ ਆਪਣੇ ਕਾਰਨਾਮੇ ਬੜੇ ਸਰੂਰ ਵਿੱਚ ਸੁਣਾਉਂਦਾ ਰਿਹਾ।

ਭਾਈ ਜਿੰਦਾ ਅਤੇ ਭਾਈ ਸੁੱਖਾ ਦੀ ਸਖਸ਼ੀਅਤ ਦੇ ਹੋਰ ਮਹੱਤਵਪੂਰਨ ਪੱਖ ਉਦੋਂ ਦਿਖਾਈ ਦਿੰਦੇ ਹਨ, ਜਦੋਂ ਉਹ ਫਾਂਸੀ ਵਾਲੇ ਦਿਨਾਂ ਦੇ ਨੇੜੇ ਜਾ ਰਹੇ ਹੁੰਦੇ ਹਨ। ਇੰਡੀਆ ਦੇ ਨਿਆਂ ਪ੍ਰਬੰਧ ਉਪਰ ਉਹਨਾਂ ਨੂੰ ਕੋਈ ਭਰੋਸਾ ਨਹੀਂ ਸੀ, ਇਸ ਲਈ ਨਾ ਹੀ ਉਨ੍ਹਾਂ ਨੇ ਕੋਈ ਦਲੀਲਬਾਜ਼ੀ ਕੀਤੀ, ਨਾ ਹੀ ਰਹਿਮ ਦੀ ਅਪੀਲ ਕੀਤੀ। ਅਦਾਲਤ ਵਿੱਚ ਮਾਣ ਨਾਲ ਦੱਸਿਆ ਕਿ ਵੈਦਿਆ ਨੂੰ ਮਾਰਨਾ ਜ਼ਰੂਰੀ ਸੀ, ਉਸਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਵੰਗਾਰਿਆ ਸੀ। ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਜੱਜ ਦਾ ਧੰਨਵਾਦ ਕੀਤਾ ਅਤੇ ਮਠਿਆਈ ਵੰਡੀ। ਅਜਿਹਾ ਉਹੀ ਸਖਸੀਅਤਾਂ ਕਰ ਸਕਦੀਆਂ ਹਨ ਜੋ ਨਿਰਭਉ ਹੋ ਜਾਣ। ਦੂਸਰਾ ਪੱਖ ਉਹਨਾਂ ਵਿਚੋਂ ਨਿਰਵੈਰਤਾ ਦਾ ਗੁਣ ਵੀ ਝਲਕਦਾ ਹੈ, ਜਦੋਂ ਉਹਨਾਂ ਨੇ ਇਸ ਵੇਲੇ ਇੰਡੀਆ ਦੇ ਰਾਸ਼ਟਰਪਤੀ ਨੂੰ ਲਿਖਿਆ ਕਿ ਉਹਨਾਂ ਨੂੰ ਹਿੰਦੁਸਤਾਨ ਦੇ ਮਹਾਨ ਲੋਕਾਂ, ਇਸ ਦੀ ਧਰਤੀ ਨਾਲ ਕੋਈ ਵੈਰ ਵਿਰੋਧ ਜਾਂ ਦੁਸ਼ਮਣੀ ਨਹੀਂ ਹੈ। ਉਨ੍ਹਾਂ ਪ੍ਰਤੀ ਨਫ਼ਰਤ ਦੀ ਭਾਵਨਾ ਦੇ ਉਹ ਨੇੜੇ ਤੇੜੇ ਵੀ ਨਹੀਂ। ਉਹ ਤਾਂ ਧਰਤ-ਅਸਮਾਨ ਨੂੰ ਆਪਣੀ ਗਲਵੱਕੜੀ ਵਿੱਚ ਲੈਣ ਲਈ ਬਿਹਬਲ ਸਨ। ਉਹਨਾਂ ਦੀ ਸ਼ਹਾਦਤ ਬੜੀ ਪਾਕ ਪਵਿਤਰ ਹੈ, ਜਿਸਨੂੰ ਹਰ ਨਿਆਂ ਪਸੰਦ ਵਿਅਕਤੀ ਦਾ ਸਿਰ ਝੁਕਦਾ ਹੈ। ਉਹਨਾਂ ਦੀ ਸ਼ਹਾਦਤ ਸਿੱਖਾਂ ਦੀ ਚੜਦੀਕਲਾ, ਗੁਰੂ ਚਰਨਾਂ ਵਿੱਚ ਪ੍ਰਵਾਨ ਹੋਣ ਅਤੇ ਇੰਡੀਅਨ ਸਰਕਾਰ ਦੇ ਰਸਾਤਲ ਵਿੱਚ ਗਰਕ ਜਾਣ ਦੀ ਗਵਾਹੀ ਭਰਦੀ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਭਾਈ ਨਿੱਝਰ ਦੇ ਕਤਲ ਦਾ ਮਸਲਾ ਕੌਮਾਂਤਰੀ ਚਿੰਤਾ ਦਾ ਵਿਸ਼ਾ



ਦਰਬਾਰਾ ਸਿੰਘ ਕਾਹਲੋਂ



ਕਿਸੇ ਨੂੰ ਚਿੱਤ-ਚੇਤਾ ਨਹੀਂ ਸੀ ਕਿ 18 ਜੂਨ, 2023 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਸਰੀ ਸ਼ਹਿਰ ਦੇ ਗੁਰਦਵਾਰੇ ਦੀ ਕਾਰ ਪਾਰਕਿੰਗ ਵਿੱਚ ਦੋ ਅਣਪਛਾਤੇ ਹਮਲਾਵਰਾਂ ਵੱਲੋਂ ਉਸੇ ਗੁਰਦੁਆਰੇ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਝਰ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਦਾ ਮਸਲਾ ਏਨਾ ਭੜਕ ਜਾਏਗਾ ਕਿ ਜਿਸ ਦੇ ਨਤੀਜੇ ਵਜੋਂ ਦੋਹਾਂ ਦੇਸ਼ਾਂ ਦੇ ਡਿਪਲੋਮੈਟਿਕ, ਵਪਾਰਕ, ਮਾਨਵ ਮਿਲਵਰਤਨ ਅਤੇ ਮਿੱਤਰਤਾ ਪੂਰਵਕ ਸਬੰਧ ਦਾਅ 'ਤੇ ਲੱਗ ਜਾਣਗੇ, ਮਸਲਾ ਕੌਮਾਂਤਰੀ ਚਿੰਤਾ ਦਾ ਵਿਸ਼ਾ ਬਣ ਜਾਵੇਗਾ।

ਇਤਿਹਾਸ ਵਿੱਚ ਸ਼ਾਇਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਚੀਨ ਅਤੇ ਪਾਕਿਸਤਾਨ ਤੋਂ ਇਲਾਵਾ ਕਿਸੇ ਤੀਸਰੇ, ਉਹ ਵੀ ਇੱਕ ਮਿੱਤਰ ਅਤੇ ਮਿਲਵਰਤਨ ਭਰਪੂਰ ਦੇਸ਼ ਨਾਲ ਅਚਾਨਕ ਭਾਰਤ ਦੇ ਸਬੰਧ ਵਿਗੜ ਗਏ ਹੋਣ। ਉਹ ਵੀ ਉਦੋਂ ਜਦੋਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿਸ਼ਵ ਗੁਰੂ ਲੋਕਤੰਤਰ ਵਜੋਂ ਸਥਾਪਿਤ ਹੋ ਰਿਹਾ ਹੋਵੇ। ਪ੍ਰਧਾਨ ਮੰਤਰੀ ਦੀ ਲੋਕਪ੍ਰਿਯਤਾ ਵਿਸ਼ਵ ਭਰ ਵਿੱਚ ਚਰਮ ਸੀਮਾ 'ਤੇ ਪੁੱਜ ਰਹੀ ਹੋਵੇ। ਭਾਰਤ ਜੀ-20 ਮੈਗਾ ਸੰਮੇਲਨ ਸਫਲਤਾਪੂਰਵਕ ਸੰਪੰਨ ਕਰਦਾ ਇਜ਼ਾਜ਼ ਹਾਸਿਲ ਕਰ ਰਿਹਾ ਹੋਵੇ। ਜ਼ਰੂਰ ਕਿਤੇ ਨਾ ਕਿਤੇ ਕੋਈ ਗਲਤੀ ਹੋਈ ਹੈ। ਇਸ ਨਾਲ ਭਾਰਤ ਦੀ ਕੌਮਾਂਤਰੀ ਪੱਧਰ 'ਤੇ ਉੱਭਰ ਰਹੀ ਛਵੀ ਧੁੰਦਲੀ ਹੋਈ ਹੈ। ਹਰਦੀਪ ਸਿੰਘ ਨਿੱਝਰ ਦਾ ਕਤਲ ਕੌਮਾਂਤਰੀ ਪੱਧਰ 'ਤੇ ਚਰਚਾ ਆ ਗਿਆ।

ਹਰਦੀਪ ਸਿੰਘ ਨਿੱਝਰ ਜਲੰਧਰ ਜ਼ਿਲ੍ਹੇ ਦੇ ਭਾਰ ਸਿੰਘ ਪੁਰਾ ਦਾ ਰਹਿਣ ਵਾਲਾ ਸੀ ਜੋ 1996 ਵਿੱਚ ਕੈਨੇਡਾ ਚਲਾ ਗਿਆ ਸੀ। ਉਹ ਉੱਥੇ ਖਾਲਿਸਤਾਨੀ ਗਤੀਵਿਧੀਆਂ ਨਾਲ ਜੁੜਿਆ ਹੋਇਆ ਸੀ। ਐੱਨ.ਆਈ.ਏ. ਵਲੋਂ ਮਿਲੀਟੈਂਟ ਬਾਰੇ ਜਾਰੀ ਲਿਸਟ ਵਿੱਚ ਉਸਦਾ ਨਾਂ ਸ਼ਾਮਲ ਸੀ। ਉਸ ਲਈ ਰੈੱਡ ਕਾਰਨਰ ਨੋਟਿਸ ਅਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ।

ਕੈਨੇਡਾ ਦੀ ਲਿਬਰਲ ਪਾਰਟੀ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੱਸਦੇ ਹਨ ਕਿ ਜੀ-20 ਸੰਮੇਲਨ ਵਿੱਚ ਉਨ੍ਹਾਂ ਨਿੱਝਰ ਕਤਲ ਦਾ ਮਸਲਾ ਭਾਰਤੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਧਿਆਨ ਵਿੱਚ ਲਿਆਂਦਾ ਸੀ। ਲੇਕਿਨ ਭਾਰਤ ਤੋਂ ਵਾਪਸੀ ਬਾਅਦ ਉਨ੍ਹਾਂ ਇਹ ਮਸਲਾ 18 ਸਤੰਬਰ ਨੂੰ ਐਮਰਜੈਂਸੀ ਮੁੱਦੇ ਵਜੋਂ ਕੈਨੇਡਾ ਸੰਸਦ ਵਿੱਚ ਉਠਾਉਂਦੇ ਹੋਏ ਇੱਕ ਸਨਸਨੀਖੇਜ਼ ਬਿਆਨ ਰਾਹੀਂ ਦਾਅਵਾ ਕੀਤਾ, ਸਾਡੇ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਕੋਲ ਪੱਕੀ ਵਿਸ਼ਵਾਸ ਭਰੀ ਜਾਣਕਾਰੀ ਹੈ ਕਿ ਜੂਨ, 2023 ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਖ਼ਾਲਿਸਤਾਨ ਸਮਰਥਕ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਸੀ। ਕੈਨੇਡੀਆਈ ਧਰਤੀ 'ਤੇ ਕਿਸੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿੱਚ ਕਿਸੇ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਸਾਡੀ ਪ੍ਰਭੂਸੱਤਾ ਦਾ ਨਾ-ਮੰਨਣਯੋਗ ਉਲੰਘਣ ਹੈ। ਕੈਨੇਡਾ ਇੱਕ ਕਾਨੂੰਨ ਦਾ ਸਨਮਾਨ ਕਰਨ ਵਾਲਾ ਦੇਸ਼ ਹੈ। ਸਾਡੀ ਪ੍ਰਭੂਸੱਤਾ ਦੀ ਰੱਖਿਆ ਵਿੱਚ ਸਾਡੇ ਨਾਗਰਿਕਾਂ ਦੀ ਸੁਰੱਖਿਆ ਮੌਲਿਕ ਹੈ।

ਪੂਰੀ ਸੰਸਦ, ਕੰਜ਼ਰਵੇਟਿਵ ਪਾਰਟੀ, ਸਬੰਧਿਤ ਵਿਰੋਧੀ ਧਿਰ ਦੇ ਆਗੂ ਪੈਰੇ ਮੋਲੀਵਰ ਅਤੇ ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਆਦਿ ਨੇ ਇਸ ਬਿਆਨ ਦੀ ਪੂਰੀ ਹਮਾਇਤ ਕੀਤੀ। ਕੈਨੇਡੀਅਨ ਪ੍ਰਧਾਨ ਮੰਤਰੀ ਦਾ ਇਹ ਬਿਆਨ ਬਹੁਤ ਹੀ ਚਿੰਤਾਜਨਕ ਹੈ ਜੋ ਭਾਰਤ ਵਰਗੇ ਲੋਕਤੰਤਰੀ ਦੇਸ਼ ਨੂੰ ਦੂਸਰੇ ਦੇਸ਼ਾਂ ਵਿੱਚ ਹਿੰਸਾ ਫੈਲਾਉਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰਦਾ ਹੈ। ਦੂਸਰੇ ਪਾਸੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਪ੍ਰਧਾਨ ਮੰਤਰੀ ਨਾਲ ਬ੍ਰਿਟਿਸ਼ ਨਾਗਰਿਕ ਜੱਗੀ ਜੌਹਲ ਦਾ ਮਸਲਾ ਵੀ ਉਠਾਇਆ, ਜਿਸ ਦੀ ਭਾਰਤੀ ਜੇਲ੍ਹ ਵਿਚੋਂ ਰਿਹਾਈ ਲਈ 70 ਬ੍ਰਿਟਿਸ਼ ਸਾਂਸਦਾਂ ਨੇ ਦਸਤਖ਼ਤ ਕਰਕੇ ਦਿੱਤੇ ਸਨ। ਉਸ ਬਾਰੇ ਦੂਰਅੰਦੇਸ਼ ਡਿਪਲੋਮੈਟ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਚੁੱਪ ਧਾਰੀ ਰੱਖੀ।

ਦਰਅਸਲ ਕੈਨੇਡਾ ਹਮੇਸ਼ਾ ਭਾਰਤ ਦੇ ਮਿੱਤਰ ਦੇਸ਼ਾਂ ਦੀ ਸੂਚੀ ਵਿੱਚ ਰਿਹਾ ਹੈ। ਜਿੱਥੇ ਭਾਰਤ ਵਿਸ਼ਵ ਦੀ ਅਜ਼ੀਮ ਸਭਿਅਤਾ ਵਾਲਾ ਮਹਾਨ ਦੇਸ਼ ਹੈ, ਉੱਥੇ ਕੈਨੇਡਾ ਆਧੁਨਿਕ ਵਿਸ਼ਵ ਦਾ ਇੱਕ ਅਤਿ ਖੂਬਸੂਰਤ ਅਤੇ ਕਿਰਤੀ ਦੇਸ਼ ਹੈ। ਸ਼੍ਰੀ ਨਰੇਂਦਰ ਮੋਦੀ ਦੀ 14 ਤੋਂ 16 ਅਪ੍ਰੈਲ, 2015 ਨੂੰ ਕੈਨੇਡਾ ਯਾਤਰਾ ਬਹੁਤ ਸਫਲ ਰਹੀ ਸੀ। ਤੱਤਕਾਲੀ ਕੰਜ਼ਰਵੇਟਿਵ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲ ਨਿੱਘੀ ਮਿਲਣੀ, ਪ੍ਰੋਟੋਕੋਲ ਤੋੜ ਕੇ ਇਕ ਜਹਾਜ਼ 'ਤੇ ਓਟਵਾ ਤੋਂ ਟਰਾਂਟੋਂ ਆਉਣਾ, ਹਾਰਪਰ ਦੀ ਪਤਨੀ ਨੇ ਸਾੜ੍ਹੀ ਪਹਿਨ ਕੇ ਪ੍ਰਧਾਨ ਮੰਤਰੀ ਦਾ ਸਨਮਾਨ ਕਰਨਾ, ਸ਼੍ਰੀ ਮੋਦੀ ਵੱਲੋਂ ਭਾਰਤੀਆਂ ਦੀ ਰੈਲੀ ਨੂੰ ਸੰਬੋਧਨ ਕਰਨਾ, ਸਭ ਨੂੰ ਯਾਦ ਹੈ। ਪਰ ਲਿਬਰਲ ਪਾਰਟੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਫਰਵਰੀ, 2018 ਵਿੱਚ 8 ਰੋਜ਼ਾ ਭਾਰਤ ਫੇਰੀ ਸਮੇਂ ਵਿਦੇਸ਼ੀ ਪ੍ਰਾਹੁਣਿਆਂ ਦੀ ਆਉ ਭਗਤ ਲਈ ਮਸ਼ਹੂਰ ਭਾਰਤ ਨੇ ਉਨ੍ਹਾਂ ਬਿਲਕੁਲ ਨਜ਼ਰਅੰਦਾਜ਼ ਕੀਤਾ। ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ ਕੋਈ ਅਹਿਮੀਅਤ ਨਾ ਦਿੱਤੀ। ਹੁਣ ਜੀ-20 ਸੰਮੇਲਨ ਵਿੱਚ ਵੀ ਪ੍ਰਧਾਨ ਮੰਤਰੀ ਅਤੇ ਭਾਰਤ ਵੱਲੋਂ ਉਨ੍ਹਾਂ ਨੂੰ ਬਣਦਾ ਸਨਮਾਨ ਨਾ ਦਿੱਤਾ ਗਿਆ। ਸ਼੍ਰੀ ਮੋਦੀ ਨੇ ਉਨ੍ਹਾਂ ਨੂੰ ਕੈਨੇਡਾ ਦੀ ਧਰਤੀ ਤੋਂ 9 ਖ਼ਾਲਿਸਤਾਨ ਪੱਖੀ ਮਿਲੀਟੈਂਟ ਗਰੁੱਪਾਂ ਵੱਲੋਂ ਭਾਰਤ ਵਿਰੋਧੀ ਗਤੀਵਿਧੀਆਂ ਬਾਰੇ ਚਿੰਤਾ ਜ਼ਾਹਿਰ ਕੀਤੀ।

ਸੰਨ 1985 ਵਿੱਚ ਏਅਰ ਇੰਡੀਆ 'ਕਨਿਸ਼ਕ' ਹਵਾਈ ਜਾਹਾਜ਼ ਜੋ ਕੈਨੇਡਾ ਤੋਂ ਦਿੱਲੀ ਆ ਰਿਹਾ ਸੀ, ਰਸਤੇ ਵਿੱਚ ਬੰਬ ਧਮਾਕੇ ਨਾਲ ਉੱਡ ਗਿਆ। ਬੇਗੁਨਾਹ 329 ਯਾਤਰੂ ਮਾਰੇ ਗਏ। ਨਵੀਂ ਦਿੱਲੀ ਇਸ ਨੂੰ ਖ਼ਾਲਿਸਤਾਨੀਆਂ ਦਾ ਕਾਰਾ ਜਦਕਿ ਵਿਰੋਧੀ ਇਸ ਨੂੰ ਖੁਫੀਆ ਏਜੰਸੀਆਂ ਦਾ ਕਾਰਾ ਮੰਨਦੀਆਂ ਸਨ। ਉਸ ਤੋਂ ਬਾਅਦ ਲਗਾਤਾਰ ਕੈਨੇਡਾ ਵਿੱਚ ਰਹਿੰਦੇ ਖਾੜਕੂ ਸਿੱਖ ਅਤੇ ਸਬੰਧਿਤ ਜਥੇਬੰਦੀਆਂ ਭਾਰਤ ਲਈ ਚਿੰਤਾ ਦਾ ਵਿਸ਼ਾ ਬਣੀਆਂ ਰਹੀਆਂ।

ਵਿਰੋਧੀ ਤਾਂ ਹਰ ਪਰਿਵਾਰ, ਸੰਸਥਾ, ਰਾਜਨੀਤਕ ਪਾਰਟੀ ਜਾਂ ਦੇਸ਼ ਵਿੱਚ ਹੁੰਦੇ ਹਨ, ਸਵਾਲ ਇਹ ਹੈ ਕਿ ਉਨ੍ਹਾਂ ਨਾਲ ਅਤਿ ਸੰਜੀਦਗੀ, ਰਾਜਨੀਤਕ, ਡਿਪਲੋਮੈਟਿਕ ਵਾਰਤਾਲਾਪ ਰਾਹੀਂ ਜਾਏ ਨਾ ਕਿ ਉਲਟ ਟਕਰਾਅ ਭਰੀ ਦਿਸ਼ਾ ਦਾ ਪੱਲਾ ਫੜ ਕੇ ਸਥਿਤੀ ਚਿੰਤਾਜਨਕ ਬਣਾ ਦਿੱਤੀ ਜਾਵੇ।

ਭਾਰਤ-ਕੈਨੇਡਾ ਟਕਰਾਅ ਕਰਕੇ ਪੰਜਾਬੀ, ਜਿਨ੍ਹਾਂ ਵਿੱਚ ਸਿੱਖ ਘੱਟ ਗਿਣਤੀ ਸ਼ਾਮਲ ਹੈ, ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸਦੇ ਨਜ਼ਰ ਆ ਰਹੇ ਹਨ। ਮਾਮਲਾ ਡਿਪਲੋਮੈਟਾਂ ਨੂੰ ਇਕ-ਦੂਜੇ ਦੇਸ਼ ਵਿੱਚੋਂ ਕੱਢਣ, ਵਪਾਰ, ਨਿਵੇਸ਼ ਅਤੇ ਆਪਸੀ ਵਾਰਤਾਲਾਪ ਰੋਕਣ ਤੱਕ ਨਹੀਂ ਸੀ ਪੁੱਜਣਾ ਚਾਹੀਦਾ।

ਇਸ ਸਮੇਂ ਵਿਸ਼ਵ ਵਿੱਚ ਤਿੰਨ ਪੰਜਾਬ ਵਸਦੇ ਹਨ। ਇੱਕ ਭਾਰਤ, ਦੂਸਰਾ ਪਾਕਿਸਤਾਨ ਅਤੇ ਤੀਸਰਾ ਕੈਨੇਡਾ ਵਿੱਚ। ਸਿੱਖ ਘੱਟ-ਗਿਣਤੀ ਦੀ ਜੋ ਦੁਰਦਸ਼ਾ ਦੇਸ਼ ਦੀ ਵੰਡ ਵੇਲੇ, ਬਾਅਦ ਵਿੱਚ ਭਾਰਤ ਅਤੇ ਪਾਕਿਸਤਾਨ ਪੰਜਾਬਾਂ ਵਿੱਚ ਹੋਈ, ਵਿਸ਼ਵ ਜਾਣਦਾ ਹੈ। ਇਹ ਉਹ ਕੌਮ ਹੈ ਜਿਸ ਨੇ ਮੁਗਲਾਂ ਤੋਂ ਪੰਜਾਬ ਅਤੇ ਆਸ-ਪਾਸ ਦੇ ਇਲਾਕੇ ਅਜ਼ਾਦ ਕਰਵਾ ਕੇ ਇੱਕ ਅਜ਼ੀਮ ਰਾਜ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਸਥਾਪਿਤ ਕੀਤਾ। ਵਿਸ਼ਵ ਦੇ ਤੀਸਰੇ ਪੰਜਾਬ ਵਿੱਚ, ਜੋ ਕੈਨੇਡਾ ਵਿੱਚ ਵਸਦਾ ਹੈ, ਸਿੱਖ ਕਾਫੀ ਸੁਰੱਖਿਅਤ ਮਹਿਸੂਸ ਕਰਦੇ ਹਨ। ਫੈਡਰਲ ਅਤੇ ਸੂਬਾਈ ਸਰਕਾਰਾਂ ਵਿੱਚ ਮੰਤਰੀ ਹਨ। ਉੱਜਲ ਸਿੰਘ ਦੁਸਾਂਝ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ (ਮੁੱਖ ਮੰਤਰੀ) ਰਹੇ ਹਨ। ਸੰਸਦ ਵਿੱਚ ਐੱਮ.ਪੀ., ਪ੍ਰੋਵਿੰਸ਼ੀਅਲ ਅਸੈਂਬਲੀਆਂ ਵਿੱਚ ਐੱਮ.ਪੀ.ਪੀ. ਹਨ। ਕੈਨੇਡਾ ਵਿੱਚ 2.1 ਪ੍ਰਤੀਸ਼ਤ ਤੋਂ ਵੱਧ ਸਿੱਖ ਹਨ। ਬ੍ਰਿਟਿਸ਼ ਕੋਲੰਬੀਆ ਵਿੱਚ 5.9% ਤੋਂ ਵੱਧ ਹਨ। ਜਗਮੀਤ ਸਿੰਘ ਐੱਨ.ਡੀ.ਪੀ. ਪਾਰਟੀ ਦੇ ਰਾਸ਼ਟਰੀ ਪ੍ਰਧਾਨ ਹਨ। ਇਸ ਸਮੇਂ ਸਿੱਖ ਆਬਾਦੀ 9 ਲੱਖ ਤੋਂ ਵੱਧ ਹੈ। ਇਸ ਦੇਸ਼ ਨੇ ਪਾਰਲੀਮੈਂਟ ਵਿੱਚ ਕਾਮਾਗਾਟਾਮਾਰੂ ਘਟਨਾ ਦੀ ਮੁਆਫੀ ਮੰਗੀ ਹੈ, ਸਿੱਖ ਭਾਈਚਾਰੇ, ਪੰਜਾਬੀਆਂ ਅਤੇ ਭਾਰਤੀਆਂ ਤੋਂ। ਕੀ ਭਾਰਤੀ ਪਾਰਲੀਮੈਂਟ ਨੇ ਨੀਲਾਤਾਰਾ ਅਪਰੇਸ਼ਨ ਅਤੇ ਨਵੰਬਰ 84 ਸਿੱਖ ਕਤਲ-ਏ-ਆਮ ਦੀ ਮੁਆਫੀ ਮੰਗੀ ਹੈ?

ਸਿੱਖ ਭਾਈਚਾਰੇ ਨਾਲ ਕੰਜ਼ਰਵੇਟਿਵ, ਲਿਬਰਲ, ਐੱਨ.ਡੀ.ਪੀ., ਗਰੀਨ ਪਾਰਟੀ ਆਦਿ ਸਭ ਵਧੀਆ ਸਬੰਧ ਰੱਖਦੀਆਂ ਹਨ। ਭਾਰਤ ਨੂੰ ਆਪਣੇ ਇਸ ਭਾਈਚਾਰੇ 'ਤੇ ਮਾਣ ਹੋਣਾ ਚਾਹੀਦਾ ਹੈ।

ਦੋਹਾਂ ਦੇਸ਼ਾਂ ਦੀ ਖਿੱਚੋਤਾਣ ਕਰਕੇ ਆਮ ਮਿਹਨਤਕਸ਼, ਸ਼ਰੀਫ, ਨਿਰਪੱਖ, ਵਿਦਿਆਰਥੀ, ਵਪਾਰੀ, ਪੰਜਾਬੀ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਲੋਕ ਚੱਕੀ ਦੇ ਦੋ ਪੁੜਾਂ ਵਿੱਚ ਪਿਸਦੇ ਮਹਿਸੂਸ ਕਰ ਰਹੇ ਹਨ। ਕੀ ਲੋੜ ਸੀ ਲੋਕਾਂ ਦੀ ਆਵਾਜਾਈ ਸਬੰਧੀ ਦੋਹਾਂ ਦੇਸ਼ਾਂ ਵੱਲੋਂ ਅਡਵਾਈਜ਼ਰੀਆਂ ਜਾਰੀ ਕਰਨ ਦੀ? ਭਾਰਤ ਸਰਕਾਰ ਨੂੰ ਸਖ਼ਤ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਕਿ ਕਿਸੇ ਹਵਾਈ ਅੱਡੇ 'ਤੇ ਕਿਸੇ ਪੰਜਾਬੀ ਜਾਂ ਸਿੱਖ ਯਾਤਰੂ ਨੂੰ ਕਿਸੇ ਤਰ੍ਹਾਂ ਦੀ ਰੋਕ-ਟੋਕ ਦਾ ਸਾਹਮਣਾ ਨਾ ਕਰਨਾ ਪਏ।

ਕੈਨੇਡਾ ਨੇ ਜਿਵੇਂ 'ਪੰਜ ਅੱਖਾਂ' ਸੰਗਠਨ, ਜਿਸ ਵਿੱਚ ਅਮਰੀਕਾ, ਯੂ.ਕੇ., ਅਸਟ੍ਰੇਲੀਆ, ਨਿਊਜ਼ੀਲੈਂਡ ਸ਼ਾਮਲ ਹਨ, ਨਾਲ ਇਹ 'ਨਿੱਝਰ ਕਤਲ' ਸਾਂਝਾ ਕੀਤਾ ਹੈ। ਖੈਰ! ਸਭ ਦੇਸ਼ ਭਾਰਤ ਦੇ ਮਿੱਤਰ ਹੋਣ ਕਰਕੇ ਮਾਮਲਾ ਮਿਲ-ਬੈਠ ਸੁਲਝਾਉਣ ਦਾ ਸੰਕੇਤ ਦੇ ਚੁੱਕੇ ਹਨ। ਇਸ ਮਸਲੇ ਨੇ ਜਿਵੇਂ ਆਪਸੀ ਵਪਾਰ, ਨਿਵੇਸ਼, ਆਰਥਿਕ ਸਬੰਧਾਂ ਵਿੱਚ ਖੜੋਤ ਦਾ ਇਸ਼ਾਰਾ ਕੀਤਾ ਹੈ, ਇਹ ਤੁਰੰਤ ਖਤਮ ਹੋਣਾ ਚਾਹੀਦਾ ਹੈ। ਕੀ ਚੀਨ, ਪਾਕਿਸਤਾਨ ਨਾਲ ਸਾਡੇ ਵਪਾਰਕ, ਨਿਵੇਸ਼, ਆਰਥਿਕ ਸਬੰਧ ਬੰਦ ਹਨ? ਭਾਰਤ-ਕੈਨੇਡਾ ਦਰਮਿਆਨ 8.16 ਬਿਲੀਅਨ ਯੂ.ਐੱਸ. ਡਾਲਰ ਦਾ ਵਪਾਰ ਚਲ ਰਿਹਾ ਹੈ। 200 ਵਿੱਦਿਅਕ ਸੰਸਥਾਵਾਂ ਨਾਲ ਭਾਗੀਦਾਰੀ ਹੈ। 3 ਲੱਖ 19 ਹਜ਼ਾਰ ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਹਨ। ਉਨ੍ਹਾਂ ਦਾ ਕੈਨੇਡੀਅਨ ਬਜਟ ਸੰਨ 2021 ਵਿਚ 4.9 ਬਿਲੀਅਨ ਡਾਲਰ ਦਾ ਯੋਗਦਾਨ ਸੀ।

(ਬਾਕੀ ਸਫ਼ਾ 31 ਤੇ)

# ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਤੱਕ ਵੀ ਪਹੁੰਚ ਸਕਦੈ ਸਿੱਖ ਕੌਮ ਦਾ ਦਰਦ

## ਕਿਉਂ ਨਹੀਂ ਇਕੱਠੇ ਹੋ ਰਹੇ ਸਿੱਖ ਬੁੱਧੀਜੀਵੀ ਤੇ ਸਿੱਖ ਆਗੂ ਇੱਕ ਮੰਚ ਉੱਤੇ ?



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

## ਘੂਰ-ਘੂਰ ਕੇ ਦੇਖ ਰਹੀ ਹੈ ਸਿੱਖਾਂ ਵੱਲ ਚਾਣੱਕਿਆ ਰਣਨੀਤੀ




ਖ਼ਾਲਿਸਤਾਨ ਦੇ ਆਗੂ ਹਰਦੀਪ ਸਿੰਘ ਨਿੱਝਰ ਦਾ ਕਤਲ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਪਾਰਲੀਮੈਂਟ ਵਿੱਚ ਦਿੱਤਾ ਇਹ ਬਿਆਨ ਕਿ ਇਸ ਕਤਲ ਪਿੱਛੇ ਭਾਰਤ ਦਾ ਹੱਥ ਹੈ - ਸਧਾਰਨ ਘਟਨਾ ਨਹੀਂ ਸਗੋਂ ਇੱਕ ਵੱਡਾ ਵਰਤਾਰਾ ਹੈ ਜਿਸ ਦੇ ਅੰਤਰਰਾਸ਼ਟਰੀ ਪਾਸਾਰ ਹਨ। ਸਤਈ ਕਿਸਮ ਦੀ ਸਿੱਖ ਬੌਧਿਕਤਾ ਭਾਵੇਂ ਇਸ ਨੂੰ ਅੰਤਰਰਾਸ਼ਟਰੀ ਤਾਕਤਾਂ ਦੇ ਭੇੜ ਤੱਕ ਹੀ ਸੀਮਤ ਕਰ ਰਹੀ ਹੈ। ਕੁਝ ਵੀ ਕਹੋ, ਪਰ ਸੱਚ ਇਹੋ ਹੈ ਕਿ ਸਿੱਖ ਅਚਾਨਕ ਅੰਤਰਰਾਸ਼ਟਰੀ ਡਿਪਲੋਮੈਟਿਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਏ ਹਨ।

ਦੋਸਤੋ, ਸਿੱਖ ਭਾਵੇਂ ਸਾਰੀ ਦੁਨੀਆ ਵਿੱਚ ਫੈਲੇ ਹੋਏ ਹਨ ਅਤੇ ਕੁਝ ਮੁਲਕਾਂ ਵਿੱਚ ਉੱਚੇ ਰਾਜਨੀਤਿਕ ਅਹੁਦਿਆਂ ’ਤੇ ਵੀ ਬਿਰਾਜਮਾਨ ਹਨ, ਪਰ ਉਹ ਅਸਲ ਵਿੱਚ ਕੌਣ ਹਨ ? ਭਾਰਤ ਦੇ ਅੰਦਰ ਉਹਨਾਂ ਦਾ ਸੰਘਰਸ਼ ਕਿਸ ਗੱਲ ਲਈ ਹੈ ? ਕੀ ਉਹਨਾਂ ਦਾ ਧਰਮ, ਕਲਚਰ, ਰਹੁ- ਰੀਤਾਂ ਅਤੇ ਇਤਿਹਾਸ ਭਾਰਤ ਨਾਲੋਂ ਕੋਈ ਵੱਖਰਾ ਹੈ ? ਕੀ ਉਨ੍ਹਾਂ ਦੀ ਹੋਂਦ, ਉਨ੍ਹਾਂ ਦਾ ਨਿਆਰਾਪਣ ਖਤਮ ਹੋਣ ਦੇ ਕਿਨਾਰੇ ਤੇ ਹੈ ? ਆਜ਼ਾਦ ਮੁਲਕ ਲਈ ਉਨ੍ਹਾਂ ਦੀ ਜੱਦੋ-ਜਹਿਦ ਕਿਸ ਪੜਾਅ ਉੱਤੇ ਖੜੀ ਹੈ ? ਰਾਜਨੀਤਿਕ ਤੌਰ ’ਤੇ ਅਰਥਾਤ ਜੀਉ ਪੋਲੀਟਿਕਸ ਵਿੱਚ ਪੰਜਾਬ ਵਿਸ਼ਵ ਰਾਜਨੀਤੀ ਲਈ ਕੋਈ ਖਾਸ ਮਹੱਤਤਾ ਰੱਖਦਾ ਹੈ ? ਇਹੋ ਜਿਹੇ ਅਣਗਿਣਤ ਸਵਾਲ ਟਰੂਡੋ ਦੇ ‘ਬੰਬ’ ਪਿੱਛੋਂ ਪਹਿਲੀ ਵਾਰ ਕੂਟਨੀਤਕ ਹਲਕਿਆਂ ਲਈ ਸਰਬ ਪੱਖੀ ਖੋਜ ਦਾ ਦਿਲਚਸਪ ਹਿੱਸਾ ਬਣ ਗਏ ਹਨ।

ਖ਼ਬਰਾਂ ਦੱਸ ਰਹੀਆਂ ਹਨ ਕਿ ਵਿਸ਼ਵ ਡਿਪਲੋਮੇਸੀ ਨਾਲ ਜੁੜਿਆ ਅਮਲਾ ਅਚਾਨਕ ਇੰਟਰਨੈਟ ਦੇ ਸਮੁੰਦਰ ਵਿੱਚ ਉਤਰ ਗਿਆ ਹੈ। ਸਿੱਖ ਕੌਮ ਨਾਲ ਸਬੰਧਿਤ ਕਿਤਾਬਾਂ ਦੀ ਮੰਗ ਵੱਧ ਗਈ ਹੈ ਅਤੇ ਰਾਜਨੀਤਕ ਬਹਿਸਾਂ ਦਾ ਮੈਦਾਨ ਬਹੁਤ ਗਰਮ ਹੈ-ਇਨਾ ਗਰਮ ਤੇ ਇਹੋ ਜਿਹਾ ਗਰਮ ਅਤੇ ਸਰਗਰਮ ਪਹਿਲਾਂ ਕਦੇ ਨਹੀਂ ਸੀ ਵੇਖਿਆ ਗਿਆ।

ਪਰ ਕੌਮ ਦਾ ਸਾਂਝਾ ਦੁੱਖ, ਸਾਂਝੀ ਪੀੜ, ਸਾਂਝਾ ਦਰਦ ਇਹ ਹੈ ਕਿ ਸਿੱਖ ਬੁੱਧੀਜੀਵੀ ਅਤੇ ਰਾਜਨੀਤਿਕ ਆਗੂ ਟਰੂਡੋ ਵੱਲੋਂ ਸੁੱਟੇ ਅਚਾਨਕ ਇਸ ਬੰਬ ਨਾਲ ਇੱਕ ਤਰ੍ਹਾਂ ਭਬੰਤਰੇ ਗਏ ਹਨ, ਬੌਂਦਲੇ ਪਏ ਹਨ। ਮਾਹੌਲ ਵਿੱਚ ਹੈਰਾਨੀ ਵੀ ਸਿਖਰ ’ਤੇ ਹੈ,ਖੁਸ਼ੀ ਵੀ ਸਿਖਰ ’ਤੇ ਹੈ,ਦੁਬਿਧਾ ਵੀ ਸਿਖਰ ’ਤੇ ਹੈ ਚਿੰਤਾ ਵੀ ਸਿਖਰ ’ਤੇ ਹੈ, ਖੁਸ਼ੀ ਅਤੇ ਗਮ ਇੱਕ ਤਰ੍ਹਾਂ ਨਾਲ ਗਵਾਂਢੀ ਬਣੇ ਹੋਏ ਹਨ।

ਪਤਾ ਹੀ ਨਹੀਂ ਲੱਗ ਰਿਹਾ ਕਿ ਇਹ ਕੌਮ ਉੱਤੇ ਅਸਮਾਨੋਂ ਕੋਈ ਬਿਜਲੀ ਡਿੱਗੀ ਹੈ ਜਾਂ ਬਿਨਾਂ ਕੋਸ਼ਿਸ਼ ਕੀਤਿਆਂ ਹੀ ਕੋਈ ਵੱਡਾ ਰਾਜਨੀਤਕ ਤੋਹਫ਼ਾ ਸਿੱਖਾਂ ਨੂੰ ਮਿਲ ਗਿਆ ਹੈ ਜਿਸ ਦੀ ਪੂਰਨ ਵਿਆਖਿਆ ਹੀ ਨਹੀਂ ਹੋ ਰਹੀ।

ਹੁਣ ਤੱਕ ਜਿਹੜੀ ਸਿੱਖ ਕੌਮ ਦਾ ਰਾਜਨੀਤਿਕ ਮਾਂਈਡਸੈਟ ਤੇ ਸੋਚ ਸ਼ੰਭੂ ਬਾਰਡਰ ਤੋਂ ਅੱਗੇ ਨਹੀਂ ਸੀ ਜਾਂਦੀ ਅਤੇ ਜਿਸ ਕੌਮ ਦੇ ਰਾਜਨੀਤਿਕ ਆਗੂਆਂ ਦੀ ਦੌੜ, ਰੀਝ ਅਤੇ ਤਮੰਨਾ ਐਮ ਐਲ ਏ ਬਣਨ ਵਿੱਚ ਹੀ ਖਰਚ ਹੋ ਜਾਂਦੀ ਸੀ, ਉਨ੍ਹਾਂ ਦਾ ਧਿਆਨ ਯਕ ਲਖਤ ਦੁਨੀਆਂ ਦੀ ਰਾਜਨੀਤੀ ਵੱਲ ਹੋ ਗਿਆ ਜਾਪਦਾ ਹੈ।

ਕੌਮ ਦਾ ਇੱਕ ਹਿੱਸਾ ਇਸ ਸਮੇਂ ਚੱਕੀ ਦੇ ਦੋ ਪੁੜਾਂ ਵਿੱਚ ਪਿਸ ਰਿਹਾ ਪ੍ਰਤੀਤ ਹੁੰਦਾ ਹੈ। ਮੁਸ਼ਕਿਲ ਇਹ ਬਣੀ ਹੋਈ ਹੈ ਕਿ ਇਹ ਲੋਕ ਦਿੱਲੀ ਦਰਬਾਰ ਅਤੇ ਕੌਮ ਦੇ ਦਰਬਾਰ-ਦੋਵਾਂ ਵਿਚੋਂ ਕਿਸ ਦੀ ਚੋਣ ਕਰਨ ? ਵੈਸੇ ਸਿਆਣਿਆਂ ਨੇ ਤੱਤ ਕੱਢਿਆ ਹੋਇਆ ਕਿ ਦੋ ਊਠਾਂ ਵਿਚਕਾਰ ਦੌੜਨ ਵਾਲਿਆਂ ਨੂੰ ਦੋਹਾਂ ਦੀਆਂ ਦੁਲੱਤੀਆਂ ਖਾਣੀਆਂ ਪੈਂਦੀਆਂ ਹਨ। ਕੁਝ ਇਸ ਤਰ੍ਹਾਂ ਦੀ ਹਾਲਤ ਬਣ ਗਈ ਹੈ ਇਹਨਾਂ ਵੀਰਾਂ ਦੀ ਜਿਨ੍ਹਾਂ ਨੇ ਲੰਮੇ ਅਰਸੇ ਤੋਂ ਦਿੱਲੀ ਦੀ ‘ਦੇਸ਼ ਭਗਤੀ ਦੀ ਪੰਡ ਸਿਰਾਂ ਉੱਤੇ ਚੁੱਕੀ ਹੋਈ ਹੈ ਪਰ ਟਰੂਡੋ ਦਾ ‘ਬੰਬ’ ਇਹ ਪੰਡ ਲਾਉਣ ਲਈ ਹੁਣ ਆਵਾਜ਼ਾਂ ਦੇ ਰਿਹਾ ਹੈ। ਰੱਬ ਨੇ ‘ਖਜੂਰ’ ਉਨ੍ਹਾਂ ਦੇ ਮੂੰਹ ਵੱਲ ਸੁੱਟੀ ਹੈ ਪਰ ਉਹਨਾਂ ਨੇ ਮੂੰਹ ਬੰਦ ਕਰ ਰੱਖੇ ਹਨ।

ਦੋਸਤੋ, ਇੱਕ ਅਫਸੋਸਨਾਕ ਸੱਚ ਇਹ ਵੀ ਹੈ ਕਿ ਸਿੱਖ ਕੌਮ ਡਰੀ ਡਰੀ ਹੋਈ ਲੱਗਦੀ ਹੈ। ਸੁਖਰਹਿਣੇ ਲੀਡਰ ਮੌਜੂਦਾ ਹਾਲਤਾਂ ਵਿੱਚ ਇਹੋ ਨਤੀਜਾ ਕੱਢ ਰਹੇ ਹਨ ਕਿ ਭਾਈ, ਡਰ ਕੇ ਰਹੋਗੇ ਤਾਂ ਸੁਰੱਖਿਅਤ ਰਹੋਗੇ, ਉਮਰ ਲੰਮੀ ਹੋਏਗੀ। ਉਹ ਦਿਨ ਗਏ ਜਦੋਂ ‘ਬਾਜ਼’ ਬਗਲੇ ਦੀਆਂ ਚੀਕਾਂ ਤੋਂ ਨਹੀਂ ਸਨ ਡਰਿਆ ਕਰਦੇ। ਇਸ ਲਈ ਉਹ ਹੁਣ ਫੂਕ ਫੂਕ ਕੇ ਕਦਮ ਰੱਖਦੇ ਹਨ। ਉਹ ਸਿਆਣੇ ਬਣ ਗਏ ਹਨ ਕਿਉਂਕਿ ਚਾਣਕੀਆ-ਰਾਜਨੀਤੀ ਉਹਨਾਂ ਵੱਲ ਘੂਰ ਕੇ ਵੇਖ ਰਹੀ ਹੈ ਕਿ ਉਹ ‘ਕਿੱਧਰ’ ਨੂੰ ਜਾਂਦੇ ਹਨ। ਇਹਨਾਂ ਸਿਆਣੇ ਲੀਡਰਾਂ ਨੂੰ ਪਤਾ ਹੈ ਕਿ ਚਾਣਕੀਆ ਰਣਨੀਤੀ ਤਾਂ ਅੱਜ ਕੱਲ ਇਹ ਵੀ ਵੇਖ ਰਹੀ ਹੈ ਕਿ ਟਰੂਡੋ ਦੇ ਬਿਆਨ ਪਿੱਛੋਂ ਸਿੱਖ ‘ਕਿਹੋ ਜਿਹੇ’ ਸੁਪਨੇ ਲੈ ਰਹੇ ਹਨ ?

ਕਿਹਾ ਜਾਂਦਾ ਹੈ ਕਿ ਕਿਸੇ ਵੀ ‘ਸਟੇਟ’ ਦੀ ਆਪਣੇ ਰਾਜ ਵਿੱਚ ਹਰ ਕਿਸੇ ਤੱਕ ਪਹੁੰਚ ਅਤੇ ਖ਼ਬਰ ਹੁੰਦੀ ਹੈ, ਪਰ ਉਹ ਸੁਪਨਿਆਂ ਤੱਕ ਨਹੀਂ ਪਹੁੰਚ ਸਕਦੀ। ਲੇਕਿਨ ਭਾਰਤੀ ਸਟੇਟ ਦੀ ਚਾਣਕਿਆ ਰਾਜਨੀਤੀ ਸੁਪਨਿਆਂ ਨੂੰ ਵੀ ਵੇਖਣ ਵਾਲੀ ਨਿਗਾਹ ਰੱਖਦੀ ਹੈ। ਇਸੇ ਲਈ ਸ਼੍ਰੋਮਣੀ ਕਮੇਟੀ, ਅਕਾਲ ਤਖਤ, ਡਰੇ ਹੋਏ ਦਾਨਿਸ਼ਵਰ ਅਤੇ ਸਭ ਵੰਨਗੀਆਂ ਦੇ ਰਾਜਨੀਤਕ ਆਗੂ ਇਹੋ ਜਿਹੇ ਅਤੇ ਇਸ ਤਰ੍ਹਾਂ ਦੇ ਹੀ ਬਿਆਨ ਦੇ ਰਹੇ ਹਨ ਜਿਸ ਨਾਲ ਠਾਣੇਦਾਰ ਅਤੇ ਮੁਲਾਜੇਦਾਰ (ਅੱਧੀ ਹਾਂ ਮੈਂ ਥਾਣੇਦਾਰਾ ਤੇਰੀ ਤੇ ਅੱਧੀ ਹਾਂ ਮੁਲਾਜੇਦਾਰ ਦੀ) ਦੋਵਾਂ ਨਾਲ ਹੀ ਉਹਨਾਂ ਦੀ ਬਣੀ ਰਹੇ, ਸਾਡੇ ਆਗੂਆਂ ਨੇ ਦੋਵਾਂ ਨੂੰ ਹੀ ਖੁਸ਼ ਕਰਕੇ ਰੱਖਿਆ ਹੋਇਆ ਹੈ।

ਕਹਿੰਦੇ ਹਨ ਕਿ ਵਿਦਵਾਨ ਕਿਸੇ ਕੌਮ ਦਾ ਖ਼ਜ਼ਾਨਾ ਹੁੰਦੇ ਹਨ ਪਰ ਅੱਜ ਕੱਲ ਇਹ ਖ਼ਜ਼ਾਨਾ ਖਾਲੀ ਖਾਲੀ ਲੱਗਦਾ ਹੈ। ਇਸ ਸਮੇਂ ਇਕ ਬਿਰਤਾਂਤ ਭਾਰਤ ਸਰਕਾਰ ਦਾ ਹੈ, ਪਰ ਮੁਕਾਬਲੇ ਦਾ ਕੋਈ ਬਿਰਤਾਂਤ ਅਰਥਾਤ ਕਾਉਂਟਰਨੈਰੇਟਿਵ ਸਾਡੇ ਕੋਲ ਹੈ ਹੀ ਨਹੀਂ। ਇੱਕ ਦੂਜੇ ਨਾਲ ਜੁੜੀ ਹੋਈ ਇਸ ਦੁਨੀਆਂ ਅਤੇ ਟੈਕਨੌਲੋਜੀ ਰਾਹੀਂ ਚੱਲ ਰਹੀ ਇਸ ਦੁਨੀਆਂ ਵਿੱਚ ਸਿੱਖਾਂ ਨੇ ਅਜੇ ਆਪਣੇ ਵੱਡੇ ਨੈਰੇਟਿਵ ਸਿਰਜਣੇ ਹਨ। ਕੁੱਝ ਦਿਨ ਪਹਿਲਾਂ ਜਲੰਧਰ ਵਿੱਚ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਦੀ ਅਗਵਾਈ ਵਿੱਚ ਹੋਈ ਇੱਕ ਮੀਟਿੰਗ ਅੰਦਰ ਇੱਕ ਦਾਨਿਸ਼ਵਰ ਗੁਰਤੇਜ ਸਿੰਘ ਆਈਏਐਸ ਵੱਲੋਂ ਇਹ ਅਪੀਲ ਕੀਤੀ ਗਈ ਕਿ ਸਾਰੀ ਦੁਨੀਆਂ ਦੇ ਸਿੱਖ ਬੁੱਧੀਜੀਵੀਆਂ ਨੂੰ ਕਿਸੇ ਮੰਚ ਦੀ ਸਿਰਜਣਾ ਕਰਨੀ ਚਾਹੀਦੀ ਹੈ ਜਿਸ ਵਿੱਚ ਸਿੱਖ ਮਸਲੇ ਅਤੇ ਉਨ੍ਹਾਂ ਦੇ ਹੱਲ ਸਾਹਮਣੇ ਲਿਆਂਦੇ ਜਾਣ। ਮੌਜੂਦਾ ਸੰਕਟ ਦੇ ਦਰਪੇਸ਼ ਇਹੋ ਜਿਹਾ ਮੰਚ ਕਾਇਮ ਹੋਣਾ ਬਹੁਤ ਜਰੂਰੀ ਹੈ।

ਹੁਣ ਦੋਸਤੋ ਗੱਲਾਂ ਬਹੁਤਾ ਚਿਰ ਲੁਕੀਆਂ ਨਹੀਂ ਰਹਿਣੀਆਂ। ਟਰੂਡੋ ਵਰਤਾਰੇ ਪਿੱਛੋਂ ਸਿੱਖ ਕੌਮ ਨਾਲ ਹੋ ਰਹੇ ਵਿਤਕਰੇ, ਸਿੱਖ ਕੌਮ ਨਾਲ ਹੋ ਰਹੇ ਅਤੇ ਹੋਏ ਜ਼ੁਲਮ ਦੁਨੀਆਂ ਦੀ ਕਚਹਿਰੀ ਵਿੱਚ ਆ ਗਏ ਹਨ। ਇਨ੍ਹਾਂ ਅੱਤਿਆਚਾਰਾਂ ਅਤੇ ਵਧੀਕੀਆਂ ਦੀਆਂ ਗੱਲਾਂ ਹੁਣ ਘਰ ਘਰ ਹੋਣਗੀਆਂ। ਹੋ ਸਕਦਾ ਸਿੱਖਾਂ ਦੇ ਮਾਮਲੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚ ਵੀ ਚਲੇ ਜਾਣ। **(ਬਾਕੀ ਸਫ਼ਾ 31 ’ਤੇ)**

# ਔਰਤਾਂ ਲਈ ਰਾਖਵਾਂਕਰਨ-ਊਠ ਦਾ ਬੁੱਲ੍ਹ ਆਖ਼ਿਰ ਕਦੋਂ ਡਿੱਗੇਗਾ ?



ਗੁਰਮੀਤ ਸਿੰਘ ਪਲਾਹੀ
9815802070




ਔਰਤਾਂ ਲਈ ਦੇਸ਼ ਦੀ ਲੋਕ ਸਭਾ ਅਤੇ ਦੇਸ਼ ਦੀਆਂ ਵਿਧਾਨ ਸਭਾਵਾਂ ਵਿੱਚ ਰਾਖਵੇਂਕਰਨ ਉੱਤੇ ਪਹਿਲੀ ਵੇਰ 30 ਵਰ੍ਹੇ ਪਹਿਲਾਂ ਵਿਚਾਰ ਚਰਚਾ ਸ਼ੁਰੂ ਹੋਈ, ਪਰ ਰਾਖਵੇਂਕਰਨ ਦਾ ਵਿਚਾਰ ਹਾਲੀ ਤੱਕ ਵੀ ਵਿਚਾਰ ਬਣਿਆ ਹੀ ਨਜ਼ਰ ਆਉਂਦਾ ਹੈ, ਹਾਲਾਂ ਕਿ ਰਾਖਵੇਂਕਰਨ ਸਬੰਧੀ ਬਿੱਲ ਲੋਕ ਸਭਾ, ਰਾਜ ਸਭਾ ਵਿੱਚ ਪਾਸ ਵੀ ਕਰ ਦਿੱਤਾ ਗਿਆ ਹੈ।

ਕੀ ਇਹ ਕਾਨੂੰਨ 2024 ਦੀਆਂ ਚੋਣ ’ਚ ਲਾਗੂ ਹੋ ਜਾਏਗਾ ? ਸਪਸ਼ਟ ਉੱਤਰ ਹੈ, ‘ਨਹੀਂ’। ਸਿਆਸੀ ਮਾਹਿਰਾਂ ਅਨੁਸਾਰ ਸ਼ਾਇਦ ਇਹ 2029 ਦੀਆਂ ਚੋਣਾਂ ਵੇਲੇ ਵੀ ਲਾਗੂ ਨਾ ਹੋ ਸਕੇ। ਤਾਂ ਫਿਰ ਆਖ਼ਿਰ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਸਦਕੇ ਇਹ ਕਾਨੂੰਨ ਬਨਾਉਣ ਦੀ ਐਡੀ ਕਾਹਲੀ ਕਿਉਂ ਕੀਤੀ ਗਈ ?

ਕੀ ਇਹ ਸਿਰਫ਼ ਤੇ ਸਿਰਫ਼ 2024 ’ਚ ਭਾਜਪਾ ਵੱਲੋਂ ਚੋਣ ਜਿੱਤਣ ਲਈ ਔਰਤਾਂ ਦੀ ਹਮਾਇਤ ਪ੍ਰਾਪਤ ਕਰਨ ਲਈ ਇੱਕ ਜੁਮਲਾ ਤਾਂ ਨਹੀਂ ? ਜਿਵੇਂ ਕਿ ਬਹੁਤੇ ਸਿਆਣੇ ਲੋਕਾਂ ਦਾ ਵਿਚਾਰ ਹੈ, ਤਾਂ ਉੱਤਰ ਮਿਲਣਾ ਚਾਹੀਦਾ ਹੈ, ‘ਹਾਂ ਇਹ ਸੱਚ ਹੈ’।

ਜੋ ਐਕਟ ਔਰਤਾਂ ਦੇ ਰਾਖਵੇਂਕਰਨ ਦਾ ਦੋਵਾਂ ਸਦਨਾਂ ’ਚ ਪਾਸ ਹੋਇਆ ਹੈ, ਉਹ ਸੰਵਿਧਾਨ ਵਿੱਚ 128 ਵੀਂ ਸੋਧ ਹੈ ਅਤੇ ਉਸ ਵਿੱਚ ਇੱਕ ਧਾਰਾ 334 ਏ ਜੋੜੀ ਗਈ ਹੈ, ਜਿਸ ਅਨੁਸਾਰ ਹੁਣ ਤੋਂ ਬਾਅਦ ਕੀਤੀ ਜਾਣ ਵਾਲੀ ਮਰਦਮਸ਼ੁਮਾਰੀ ਅਤੇ ਇਸ ਦੇ ਛਾਪੇ ਜਾਣ ਵਾਲੇ ਅੰਕੜਿਆਂ ਤੋਂ ਬਾਅਦ ਇਹ ਐਕਟ ਲਾਗੂ ਹੋਏਗਾ।

ਮਰਦਮਸ਼ੁਮਾਰੀ 2021 ਵਿੱਚ ਹੋਣੀ ਸੀ, ਉਹ ਕਰੋਨਾ ਆਫ਼ਤ ਕਾਰਨ ਹੋ ਨਹੀਂ ਸਕੀ। ਹੁਣ ਇਹ 2026 ’ਚ ਕਰਾਉਣ ਦੀ ਸਰਕਾਰ ਦੀ ਕੱਚੀ-ਪੱਕੀ ਯੋਜਨਾ ਹੈ। ਇਸ ਤੋਂ ਬਾਅਦ ਦੋ ਸਾਲਾਂ ’ਚ ਅੰਕੜੇ ਤਿਆਰ ਹੋਣਗੇ, ਫਿਰ ਅੰਕੜੇ ਪ੍ਰਕਾਸ਼ਤ ਹੋਣਗੇ। ਭਾਵ 2029 ਚੋਣ ਤੋਂ ਪਹਿਲਾਂ ਮਸਾਂ ਹੀ ਇਹ ਬਿੱਲ ਪ੍ਰਭਾਵੀ ਹੋਏਗਾ, ਜੇਕਰ ਇਸ ਵਿੱਚ ਹੋਰ ਕੋਈ ਵਿਘਨ ਨਾ ਪਿਆ।

ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਸਰਕਾਰ ਸੱਚਮੁੱਚ ਇਹ ਰਾਖਵਾਂਕਰਨ ਲਾਗੂ ਕਰਨਾ ਚਾਹੁੰਦੀ ਹੈ ਤਾਂ ਹੁਣੇ ਹੀ ਇਸ ਨੂੰ ਲਾਗੂ ਕਰਨ ਵਿੱਚ ਦਿੱਕਤ ਕੀ ਹੈ ? ਪਹਿਲਾਂ ਹੀ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ ’ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਹੈ। ਇਸ ਸਬੰਧੀ ਵੋਟਰ ਸੂਚੀਆਂ ਤੇ ਰਾਖਵਾਂਕਰਨ ਸੂਚੀਆਂ ਬਣੀਆਂ ਹੋਈਆਂ ਹਨ, ਫਿਰ ਔਰਤਾਂ ਦੇ ਲੋਕ ਸਭਾ ਤੇ ਵਿਧਾਨ ਸਭਾਵਾਂ ’ਚ 33 ਫੀਸਦੀ ਰਾਖਵਾਂਕਰਨ ਲਾਗੂ ਕਰਕੇ ਹੁਣੇ ਤੋਂ 2024 ਲੋਕ ਸਭਾ ਚੋਣਾਂ ਇਸੇ ਅਨੁਸਾਰ ਸੀਟਾਂ ਰਾਖਵੀਆਂ ਕਰਕੇ ਚੋਣ ਕਰਾਉਣ ’ਚ ਕੀ ਰੁਕਾਵਟ ਤਾਂ ਨਹੀਂ ਆਉਣੀ ਚਾਹੀਦੀ। ਲੋਕ ਸਭਾ, ਵਿਧਾਨ ਸਭਾਵਾਂ ’ਚ ਔਰਤਾਂ ਲਈ ਰਾਖਵੇਂਕਰਨ ਲਈ ਕੀਤੇ ਯਤਨਾਂ ਦਾ ਇਤਿਹਾਸ ਵੇਖੋ, ਜਿਹੜਾ ਸਿਆਸੀ ਲੋਕਾਂ ਦੇ ਦੋਹਰੇ ਮਾਪ ਦੰਡ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ।

12 ਦਸੰਬਰ 1996 ਨੂੰ ਪ੍ਰਧਾਨ ਮੰਤਰੀ ਦੇਵਗੌੜਾ ਸਰਕਾਰ ਵੇਲੇ ਸੰਸਦ ’ਚ 81 ਵੀਂ ਸੋਧ ਪੇਸ਼ ਕੀਤੀ ਗਈ, ਜਿਸ ’ਚ ਔਰਤਾਂ ਲਈ ਇੱਕ ਤਿਹਾਈ ਸੀਟਾਂ ਰਾਖਵੀਆਂ ਕਰਨ ਲਈ ਬਿੱਲ ਪੇਸ਼ ਹੋਇਆ। ਫਿਰ 9 ਮਾਰਚ 2010 ਨੂੰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 108 ਵੀਂ ਸੋਧ ਰਾਜ ਸਭਾ ’ਚ ਪੇਸ਼ ਕੀਤੀ, ਜਿਸ ਨੂੰ 108 ਹੱਕ ਵਿੱਚ ਅਤੇ ਇੱਕ ਵਿਰੋਧ ’ਚ ਵੋਟ ਨਾਲ ਪਾਸ ਕੀਤਾ ਗਿਆ। ਉਪਰੰਤ ਲੋਕ ਸਭਾ ’ਚ ਬਿੱਲ ਭੇਜ ਦਿੱਤਾ ਪਰ 15 ਵੀਂ ਲੋਕ ਸਭਾ ਭੰਗ ਹੋ ਗਈ। ਬਿੱਲ ਲਮਕਦਾ ਪਿਆ ਰਿਹਾ ਅਤੇ ਬਾਅਦ ’ਚ ਇਸ ’ਤੇ ਕੋਈ ਕਾਰਵਾਈ ਨਹੀਂ ਹੋਈ। ਫਿਰ ਆਪਣੇ ਰਾਜਕਾਲ ਦੇ 9 ਵਰ੍ਹੇ ਬਾਅਦ 18 ਸਤੰਬਰ 2023 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਔਰਤਾਂ ਲਈ 33 ਫੀਸਦੀ ਸੀਟਾਂ ਦੇ ਰਾਖਵੇਂਕਰਨ ਦਾ ਬਿੱਲ ਲੋਕ ਸਭਾ ਅਤੇ ਫਿਰ ਰਾਜ ਸਭਾ ’ਚ ਪੇਸ਼ ਕੀਤਾ ਅਤੇ ਸਰਬ-ਸੰਮਤੀ ਨਾਲ ਇਹ ਬਿੱਲ ਪਾਸ ਹੋ ਗਿਆ। ਪਰ ਇਸ ਵਿੱਚ ਤਿੰਨ ਸ਼ਰਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿੱਚ ਮਰਦਮਸ਼ੁਮਾਰੀ ਮੁੱਖ ਹੈ, ਜਿਸ ਤੋਂ ਬਾਅਦ ਇਹ ਕਾਨੂੰਨ ਲਾਗੂ ਹੋ ਜਾਏਗਾ।

ਮੋਦੀ ਸਰਕਾਰ ਨੇ ਇਹ ਬਿੱਲ ਪਾਸ ਤਾਂ ਕਰਵਾ ਲਏ, ਪਰ ਇਸ ਵਿੱਚ ਜੋ ਰੁਕਾਵਟਾਂ ਲਾਗੂ ਕਰਨ ਲਈ ਲਾਜ਼ਮੀ ਹਨ, ਉਨ੍ਹਾਂ ਪ੍ਰਤੀ ਚੁੱਪੀ ਵੱਟੀ ਹੋਈ ਹੈ। ਪ੍ਰਧਾਨ ਮੰਤਰੀ ਨੇ ਵਾਹ-ਵਾਹ ਖੱਟਣ ਲਈ ਇਸ ਬਿੱਲ ਦੀ ਵੱਡੀ ਚਰਚਾ ਕੀਤੀ, ਪਰ ਇਹ ਦੱਸਣ ਦਾ ਯਤਨ ਨਹੀਂ ਕੀਤਾ ਕਿ ਮਰਦਮਸ਼ੁਮਾਰੀ ਕਦੋਂ ਹੋਏਗੀ ? ਉਪਰੰਤ ਹੋਰ ਰੁਕਾਵਟਾਂ ਕਦੋਂ ਦੂਰ ਹੋਣਗੀਆਂ। ਭਾਵ ਕੋਈ ਸਮਾਂ ਸੀਮਾ ਤਹਿ ਕਰਨ ਲਈ ਸਰਕਾਰ ਵਲੋਂ ਕੋਈ ਬਚਨ, ਕੋਈ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਇਹ ਕਾਨੂੰਨ ਤੁਰੰਤ ਲਾਗੂ ਕਰਨ ਲਈ ਕੋਈ ਆਪਣੀ ਇੱਛਾ ਸ਼ਕਤੀ ਪ੍ਰਗਟ ਕੀਤੀ ਗਈ ਹੈ।

ਸਥਾਨਕ ਸਰਕਾਰ ਭਾਵ ਪੰਚਾਇਤਾਂ ’ਚ ਔਰਤਾਂ ਦੇ 33 ਫ਼ੀਸਦੀ ਰਾਖਵੇਂਕਰਨ ਲਈ ਪ੍ਰਧਾਨ ਮੰਤਰੀ ਰਜੀਵ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਸਿੰਮਹਾ ਰਾਉ ਨੇ ਬਿੱਲ ਪਾਸ ਕਰਵਾਏ, ਕਾਨੂੰਨ ਬਣਾਏ ਸਨ ਅਤੇ ਇਹ ਤੁਰੰਤ ਲਾਗੂ ਹੋ ਗਏ ਸਨ ਜਿਸ ਦੀ ਬਦੌਲਤ 1,30,000 ਔਰਤਾਂ ਪੰਚਾਇਤਾਂ, ਨਗਰਪਾਲਿਕਾ, ਨਗਰ ਨਿਗਮਾਂ ’ਚ ਰਾਖਵਾਂਕਰਨ ਲੈ ਰਹੀਆਂ ਹਨ।

ਜੇਕਰ ਸੱਚੀ ਮੁਚੀ ਮੌਜੂਦਾ ਸਰਕਾਰ ਔਰਤਾਂ ਦੇ ਹਾਲਾਤ ਸੁਧਾਰਨ ਬਾਰੇ, ਉਨ੍ਹਾਂ ਨੂੰ ਸਿਆਸਤ ਵਿੱਚ ਵੱਡਾ ਭਾਈਵਾਲ ਬਨਾਉਣ ਬਾਰੇ ਚਿੰਤਤ ਹੈ, ਤਾਂ ਰਾਖਵੇਂਕਰਨ ਦੇ ਮਾਮਲੇ ’ਚ ਤੁਰੰਤ ਕਦਮ ਪੁੱਟੇ ਜਾਣ ਦੀ ਲੋੜ ਇਸ ਵੇਲੇ ਹੋਰ ਵੀ ਵਧੇਰੇ ਮਹਿਸੂਸ ਕੀਤੀ ਜਾ ਰਹੀ ਹੈ, ਜਦੋਂ ਕਿ ਉਹਨਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ ਵਿੱਚ ਸਿਆਸੀ ਪਾਰਟੀਆਂ ਵੱਲੋਂ ਸਹੀ ਸਥਾਨ ਦੇਕੇ ਚੋਣਾਂ ਨਹੀਂ ਲੜਾਈਆਂ ਜਾ ਰਹੀਆਂ, ਕਿਉਂਕਿ ਲਗਭਗ ਸਾਰੀਆਂ ਸਿਆਸੀ ਧਿਰਾਂ ਤਾਕਤ ਪ੍ਰਾਪਤੀ ਲਈ ਧਨ ਕੁ ਬੇਰਾਂ ਅਤੇ ਅਪਰਾਧਿਕ ਪਿੱਠ ਭੂਮੀ ਵਾਲੇ ਬਾਹੂਵਲੀ ਲੋਕਾਂ ਨੂੰ ਟਿਕਟਾਂ ਦੇਕੇ (ਇੱਕ ਰਿਪੋਰਟ ਅਨੁਸਾਰ ਇਕੱਲੀ ਭਾਰਤੀ ਲੋਕ ਸਭਾ ਵਿੱਚ 45 ਫੀਸਦੀ ਤੋਂ ਵੱਧ ਮੈਂਬਰ ਪਾਰਲੀਮੈਂਟ ਬੈਠੇ ਹਨ, ਜਿਨ੍ਹਾਂ ਵਿਰੁੱਧ ਅਪਰਾਧਿਕ, ਗੰਭੀਰ ਅਪਰਾਧਿਕ ਮਾਮਲੇ ਦਰਜ਼ ਹਨ) ਚੋਣਾਂ ਜਿੱਤ ਦੀਆਂ ਹਨ। ਇਹ ਚੰਗੀ ਗੱਲ ਹੈ ਕਿ ਅਪਰਾਧਿਕ ਮਾਮਲਿਆਂ ਵਾਲੀ ਪਿਠ-ਭੂਮੀ ਵਾਲੀਆਂ ਔਰਤਾਂ ਇਸ ਗਿਣਤੀ-ਮਿਣਤੀ ਵਿੱਚ ਸ਼ਾਮਲ ਨਹੀਂ ਹਨ।ਔਰਤਾਂ ਲਈ ਰਾਖਵਾਂਕਰਨ ਆਖ਼ਰ ਜ਼ਰੂਰੀ ਕਿਉਂ ਹੈ। ਭਾਰਤੀ ਸਮਾਜ ਵਿੱਚ ਔਰਤਾਂ ਦੀ ਗਿਣਤੀ ਲਗਭਗ ਅੱਧੀ ਹੈ। 75 ਸਾਲਾਂ ਵਿੱਚ 7500 ਮੈਂਬਰ ਪਾਰਲੀਮੈਂਟ ਚੁਣੇ ਗਏ, ਜਿਨ੍ਹਾਂ ਵਿਚੋਂ ਮੌਜੂਦਾ 542 ਲੋਕ ਸਭਾ ਮੈਂਬਰਾਂ ਵਿੱਚ ਸਿਰਫ਼ 78 ਔਰਤਾਂ ਹਨ। ਰਾਜ ਸਭਾ ਵਿੱਚ ਤਾਂ ਸਿਰਫ਼ 24 ਹਨ। ਪਰ ਦੇਸ਼ ਦੀ ਨੀਤੀ ਨਿਰਧਾਰਣ ’ਚ ਉਹਨਾਂ ਦੀ **(ਬਾਕੀ ਸਫ਼ਾ 31 ’ਤੇ)**

# ਕੈਨੇਡਾ ਦੀ ਰਾਜਨੀਤੀ ਵਿੱਚ ਭਾਰਤੀ ਦਖ਼ਲ-ਅੰਦਾਜ਼ੀ ਦਾ ਕੱਚ- ਸੱਚ

## ਭਾਰਤ ਬਾਰੇ ਕੀ ਕਹਿੰਦੀ ਹੈ ਕੈਨੇਡਾ ਦੀ ਰਿਪੋਰਟ ?



ਪਿਛਲੇ ਕੁਝ ਸਮੇਂ ਤੋਂ ਭਾਰਤ ਅਤੇ ਕੈਨੇਡਾ ਵਿਚਾਲੇ ਆਪਸੀ ਸਬੰਧ ਤਨਾਓ ਭਰੇ ਹਨ, ਜਿਸਦੇ ਕਈ ਕਾਰਨ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਦੋਵੇਂ ਦੇਸ਼ ਆਪਸ ਵਿੱਚ ਮਿੱਤਰ ਹਨ, ਜਿਸ ਕਰਕੇ ਉਹ ਇਨ੍ਹਾਂ ਤਨਾਓ ਭਰੇ ਕਾਰਨਾਂ ਨੂੰ ਜਲਦੀ ਹੀ ਦੂਰ ਕਰਨ ਦਾ ਯਤਨ ਕਰਨਗੇ, ਜਿਸ ਲਈ ਯਤਨ ਵੀ ਕੀਤੇ ਜਾ ਰਹੇ ਹਨ।2018 ਵਿੱਚ, ਕੈਨੇਡਾ ਦੀ ਉਸ ਵੇਲੇ ਦੀ ਸੰਸਦ ਮੈਂਬਰਾਂ ਦੀ ਨਵੀਂ ਗਠਿਤ ਰਾਸ਼ਟਰੀ ਸੁਰੱਖਿਆ ਅਤੇ ਖੁਫ਼ੀਆ ਕਮੇਟੀ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਾਲ ਜੁੜੇ ਦੋਸ਼ਾਂ ਦੀ ਸਮੀਖਿਆ ਕੀਤੀ ਪਰ ਸਮੀਖਿਆ ਦੇ ਬਹੁਤ ਸਾਰੇ ਹਿੱਸਿਆਂ ਨੂੰ ਸੋਧਿਆ ਗਿਆ ਕਿਉਂਕਿ ਇਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਸੰਬੰਧਾਂ ਲਈ ਨੁਕਸਾਨਦੇਹ ਮੰਨਿਆ ਗਿਆ ਸੀ।

ਸੋਧੀ ਹੋਈ ਸਮੀਖਿਆ ਇਹ ਵੀ ਸੰਕੇਤ ਕਰਦੀ ਹੈ ਕਿ ਕੈਨੇਡੀਅਨ ਸੁਰੱਖਿਆ ਅਤੇ ਖੁਫ਼ੀਆ ਸੇਵਾਵਾਂ, ਜਿਸ ਦਾ 1980 ਦੇ ਦਹਾਕੇ ਤੋਂ ਭਾਰਤੀ ਖੁਫ਼ੀਆ ਏਜੰਸੀਆਂ ਨਾਲ ਅਵਿਸ਼ਵਾਸ ਦਾ ਇਤਿਹਾਸ ਹੈ, ਨੇ ਫਰਵਰੀ 2018 ਤੋਂ ਠੀਕ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਕੈਨੇਡਾ ਦੀ ਰਾਜਨੀਤੀ ਵਿੱਚ ਕਥਿਤ ਭਾਰਤੀ ਦਖ਼ਲ-ਅੰਦਾਜ਼ੀ ਬਾਰੇ ਸ਼ੱਕ ਪ੍ਰਗਟ ਕੀਤਾ ਸੀ। ਕੈਨੇਡਾ-ਅਧਾਰਤ ਖ਼ਾਲਿਸਤਾਨੀ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤ ਸਰਕਾਰ ਦੇ ਸਬੰਧ ਬਾਰੇ ਪਿਛਲੇ ਹਫਤੇ ਟਰੂਡੋ ਦੇ ਦੋਸ਼ਾਂ ਦੀ ਦੁਨੀਆਂ ਭਰ ਵਿੱਚ ਚਰਚਾ ਹੋਈ, 2018 ਦੀ ਸਮੀਖਿਆ ਤੋਂ ਪਤਾ ਚੱਲਦਾ ਹੈ ਕਿ ਕੈਨੇਡੀਅਨ ਇੰਟੈਲੀਜੈਂਸ ਅਤੇ ਸੁਰੱਖਿਆ ਸੇਵਾ ਭਾਰਤ ਦੀ ਜਾਂਚ ਕਰ ਰਹੀ ਹੈ। ਭਾਰਤ ਨੇ ਟਰੂਡੋ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ, ਪਰ ਕੈਨੇਡੀਅਨ ਨੇਤਾ ਆਪਣੀ ਗੱਲ 'ਤੇ ਅੜੇ ਹੋਏ ਹਨ ਅਤੇ ਇਹ ਦਾਅਵਾ ਕਰਦੇ ਹਨ ਕਿ ਇਸ ਸਬੰਧ ਵਿੱਚ ਸਬੂਤ ਸਾਂਝੇ ਕੀਤੇ ਗਏ ਹਨ। ਓਟਵਾ ਵਿੱਚ ਫਾਈਵ ਆਈਜ਼ ਇੰਟੈਲੀਜੈਂਸ ਅਲਾਇੰਸ - ਅਮਰੀਕੀ ਰਾਜਦੂਤ ਨੇ ਇਸ ਦੀ ਪੁਸ਼ਟੀ ਕੀਤੀ ਹੈ।

**ਦਸਤਾਵੇਜ਼, ਗਵਾਹੀਆਂ ਅਤੇ ਈਮੇਲਾਂ**

ਆਪਣੀ 2018 ਸਮੀਖਿਆ ਲਈ ਐਨ.ਐਸ.ਆਈ.ਸੀ.ਓ.ਪੀ. ਨੇ 2,400 ਪੰਨਿਆਂ ਦੇ ਦਸਤਾਵੇਜ਼ਾਂ ਨੂੰ ਦੇਖਿਆ, ਜਿਸ ਵਿੱਚ ਖੁਫ਼ੀਆ ਮੁਲਾਂਕਣ ਦਸਤਾਵੇਜ਼ ਅਤੇ ਸਰਕਾਰੀ ਵਿਭਾਗਾਂ ਵਿਚਕਾਰ ਈਮੇਲ ਸ਼ਾਮਲ ਹਨ। ਉਨ੍ਹਾਂ ਅਧਿਕਾਰੀਆਂ ਦੀਆਂ ਗਵਾਹੀਆਂ ਵੀ ਸੁਣੀਆਂ। ਖੋਜ ਦੇ ਤਹਿਤ, ਸਾਰੀਆਂ ਛੇ ਐਂਟਰੀਆਂ ਨੂੰ ਸੋਧਿਆ ਗਿਆ ਹੈ, ਭਾਵੇਂ ਕਿ ਰਿਪੋਰਟ ਵਿੱਚ ਹੋਰ ਬਹੁਤ ਕੁਝ ਹੈ।

ਇਸ ਦੌਰਾਨ, 2018 ਦੀ ਸਮੀਖਿਆ ਦੇ ਕੁਝ ਸੋਧੇ ਹੋਏ ਹਿੱਸੇ, ਜੋ ਕਿ 2019 ਵਿੱਚ ਸਰਕਾਰ ਨੂੰ ਸੌਂਪੀ ਗਈ ਸੀ, ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਬਾਰੇ ਇੱਕ ਹੋਰ ਗੁਪਤ ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਸ਼ਾਮਲ ਕੀਤੇ ਗਏ ਸਨ, ਉਹ ਹੁਣ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਇਸ ਹਫਤੇ ਦੇ ਸ਼ੁਰੂ ਵਿੱਚ, ਇੱਕ ਕੈਨੇਡੀਅਨ ਖੋਜੀ ਰਿਪੋਰਟਰ ਦੁਆਰਾ ਚਲਾਈ ਜਾਂਦੀ ਇੱਕ ਨਿਊਜ਼ ਸਾਈਟ ਨੇ ਖੁਲਾਸਾ ਕੀਤਾ ਕਿ ਸੀ.ਐਸ.ਆਈ.ਐਸ ਨੇ 2017 ਵਿੱਚ ਵੈਨਕੂਵਰ ਵਿੱਚ ਤੇਜ਼ੀ ਨਾਲ ਵੱਧ ਰਹੇ ਭਾਰਤੀ ਖੁਫ਼ੀਆ ਨੈੱਟਵਰਕਾਂ ਨੂੰ ਬੰਦ ਕਰਨ ਲਈ ਇੱਕ ਵੱਡੇ ਦਖਲ ਦੀ ਯੋਜਨਾ ਬਣਾਈ ਸੀ ਜੋ ਸਿੱਖ ਭਾਈਚਾਰੇ ਦੀ ਨਿਗਰਾਨੀ ਅਤੇ ਨਿਸ਼ਾਨਾ ਬਣਾ ਰਹੇ ਸਨ।

ਪਰ, ਰਿਪੋਰਟ ਵਿੱਚ ਕਿਹਾ ਗਿਆ ਹੈ, ਓਟਵਾ ਨੇ ਸਿਆਸੀ ਸੰਵੇਦਨਸ਼ੀਲਤਾ ਦੇ ਕਾਰਨ ਸੀ.ਐਸ.ਆਈ.ਐਸ. ਦੀ ਕਾਰਵਾਈ ਨੂੰ ਰੋਕ ਦਿੱਤਾ ਹੈ ਅਤੇ ਡਰ ਹੈ ਕਿ ਇਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਦੀ ਆਗਾਮੀ ਯਾਤਰਾ ਨੂੰ ਪ੍ਰਭਾਵਤ ਕਰੇਗਾ ਅਤੇ ਇਸ ਲਈ, ਸੀ.ਐਸ.ਆਈ.ਐਸ. ਦੁਆਰਾ ਨਿਸ਼ਾਨਾ ਬਣਾਏ ਗਏ ਵੈਨਕੂਵਰ ਵਿੱਚ ਭਾਰਤੀ ਡਿਪਲੋਮੈਟ ਨੇ ਆਪਣਾ ਨੈੱਟਵਰਕ 'ਬੇਰੋਕ' ਚਲਾਉਣਾ ਜਾਰੀ ਰੱਖਿਆ।

ਬਿਊਰੋ ਦੀ ਰਿਪੋਰਟ ਦੇ ਅਨੁਸਾਰ , ਸੀ.ਐਸ.ਆਈ.ਐਸ. ਨੇ ਕੈਨੇਡਾ ਵਿੱਚ ਭਾਰਤੀ ਖੁਫ਼ੀਆ ਸਰਗਰਮੀਆਂ ਦੇ 'ਵਾਧੇ' ਦੀ ਖੋਜ ਕੀਤੀ, ਜਿਸ ਵਿੱਚ ਭਾਰਤ-ਕੈਨੇਡੀਅਨ ਡਾਇਸਪੋਰਾ ਅਤੇ ਸਰਕਾਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਕਿਹਾ ਗਿਆ ਕਿ ਓਟਾਵਾ ਤੇ ਵੈਨਕੂਵਰ ਵਿੱਚ ਦੋ ਖਾਸ ਭਾਰਤੀ ਡਿਪਲੋਮੈਟ ਜ਼ਿੰਮੇਵਾਰ ਸਨ।

ਵਿਦੇਸ਼ੀ ਦਖ਼ਲ-ਅੰਦਾਜ਼ੀ ਦੇ ਸਵਾਲ 'ਤੇ, 2018 ਦੀ ਸਮੀਖਿਆ ਨੇ ਸਿਫਾਰਿਸ਼ ਕੀਤੀ ਕਿ ਕੈਨੇਡਾ ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਅਤੇ ਕੱਟੜਵਾਦ ਦੇ ਖ਼ਤਰਿਆਂ ਬਾਰੇ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰਾਂ ਨੂੰ ਸਹੁੰ ਚੁੱਕਣ ਅਤੇ ਉਸ ਤੋਂ ਬਾਅਦ ਨਿਯਮਿਤ ਤੌਰ 'ਤੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਵਿੱਚ ਇਹ ਵੀ ਸਿਫ਼ਾਰਸ਼ ਕੀਤੀ ਗਈ ਹੈ ਕਿ ਕੈਬਨਿਟ ਮੰਤਰੀ ਨੂੰ ਵਿਵੇਕ ਦੀ ਵਰਤੋਂ ਕਰਨ ਲਈ ਯਾਦ ਕਰਾਇਆ ਜਾਵੇ ਕਿ ਉਹ ਕਿਸ ਨਾਲ ਮਿਲਦੇ ਹਨ ਜਾਂ ਜੁੜੇ ਹੁੰਦੇ ਹਨ ਅਤੇ ਨਿੱਜੀ ਮੀਡੀਆ ਮੈਸੇਜਿੰਗ ਵਿਚਕਾਰ ਸਪਸ਼ਟ ਤੌਰ 'ਤੇ ਫਰਕ ਕਰਦੇ ਹਨ ਅਤੇ ਯਾਦ ਦਿਵਾਇਆ ਜਾਂਦਾ ਹੈ ਕਿ ਹਿੱਤਾਂ ਦੇ ਟਕਰਾਅ ਦੇ ਕਾਨੂੰਨ ਦੇ ਅਨੁਸਾਰ, ਜਨਤਕ ਅਹੁਦੇਦਾਰਾਂ ਨੂੰ ਹਮੇਸ਼ਾ ਜਨਤਾ ਨੂੰ ਰੱਖਣਾ ਚਾਹੀਦਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਕੈਨੇਡੀਅਨ ਪਾਰਲੀਮੈਂਟ ਵਿੱਚ ਪੇਸ਼ ਕੀਤੀ ਗਈ ਐਨ.ਐਸ.ਆਈ.ਸੀ.ਓ.ਪੀ. ਦੀ 2022 ਦੀ ਸਾਲਾਨਾ ਰਿਪੋਰਟ ਕਹਿੰਦੀ ਹੈ ਕਿ 31 ਦਸੰਬਰ, 2022 ਤੱਕ, ਸਰਕਾਰ ਨੇ ਇਹਨਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਬਾਰੇ ਸਟੇਟਸ ਅੱਪਡੇਟ ਨਹੀਂ ਦਿੱਤਾ ਸੀ।

ਜੂਨ ਵਿੱਚ, ਕੈਨੇਡਾ ਦੀ ਐਨ.ਐਸ.ਏ. ਜੋਡੀ ਥਾਮਸ ਨੇ ਭਾਰਤ ਨੂੰ ਕੈਨੇਡੀਅਨ ਰਾਜਨੀਤੀ ਵਿੱਚ ਦਖਲ ਦੇਣ ਵਾਲੇ ਕਈ ਰਾਜ ਅਤੇ ਗੈਰ-ਰਾਜੀ ਪ੍ਰੌਕਸੀਜ਼ ਵਿੱਚੋਂ ਇੱਕ ਦੱਸਿਆ, ਪਰ ਕਿਹਾ ਕਿ ਚੀਨ ਸਭ ਤੋਂ ਭੈੜਾ ਅਪਰਾਧੀ ਹੈ। ਥਾਮਸ ਨੇ ਕੈਨੇਡੀਅਨ ਗਲੋਬਲ ਅਫੇਅਰਜ਼ ਇੰਸਟੀਚਿਊਟ ਵਿਖੇ ਇੱਕ ਕਾਨਫਰੰਸ ਵਿੱਚ ਕਿਹਾ ਕਿ ਜਦੋਂ ਮੈਂ ਵਿਦੇਸ਼ੀ ਦਖ਼ਲ-ਅੰਦਾਜ਼ੀ ਅਤੇ ਆਰਥਿਕ ਸੁਰੱਖਿਆ ਬਾਰੇ ਗੱਲ ਕਰਦਾ ਹਾਂ, ਤਾਂ ਮੈਂ ਹੁਣ ਕਈ ਰਾਜ ਅਦਾਕਾਰਾਂ ਅਤੇ ਗੈਰ-ਰਾਜੀ ਪ੍ਰੌਕਸੀਜ਼ ਬਾਰੇ ਗੱਲ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਇਸ ਵਿੱਚ ਰੂਸ, ਇਰਾਨ, ਭਾਰਤ ਸ਼ਾਮਲ ਹਨ।

**ਸੀ.ਆਈ.ਏ. ਅਤੇ ਮੋਸਾਦ ਦੀ ਦਲੀਲ**

ਟਰੂਡੋ ਦੇ ਦੋਸ਼ਾਂ ਦੇ ਮੱਦੇਨਜ਼ਰ, ਕਈ ਭਾਰਤੀ ਨਾਗਰਿਕਾਂ ਨੇ ਪੱਛਮੀ ਦੋਹਰੇ ਮਾਪਦੰਡਾਂ 'ਤੇ - ਅਧਿਕਾਰਤ ਇਨਕਾਰ ਦੀ ਪਰਵਾਹ ਕੀਤੇ ਬਿਨਾਂ - ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਗੱਲ ਆਉਂਦੀ ਹੈ ਸੀ.ਆਈ.ਏ. ਅਤੇ ਮੋਸਾਦ ਵਿਦੇਸ਼ਾਂ ਵਿੱਚ ਮਨੋਨੀਤ ਵਿਅਕਤੀਆਂ ਦੀਆਂ ਨਿਸ਼ਾਨਾ ਬਣਾ ਕੇ ਹੱਤਿਆਵਾਂ ਨੂੰ ਅੰਜਾਮ ਦਿੰਦੇ ਹਨ, ਤਾਂ ਉਨ੍ਹਾਂ ਦੀ ਦਲੀਲ ਚਲਦੀ ਹੈ, ਕੋਈ ਵੀ ਉਨ੍ਹਾਂ ਵੱਲ ਉਂਗਲ ਨਹੀਂ ਉਠਾਉਂਦਾ, ਜਦੋਂ ਭਾਰਤ ਅਜਿਹਾ ਕਰਦਾ ਹੈ ਤਾਂ ਇਹੀ ਦੇਸ਼ ਦਿੱਲੀ 'ਤੇ ਨਿਯਮਾਂ ਦੀ ਕਿਤਾਬ ਸੁੱਟ ਦਿੰਦੇ ਹਨ।

ਪਰ ਇੱਕ ਨੁਕਤੇ ਨੂੰ ਇਹ ਦਲੀਲ ਨਜ਼ਰਅੰਦਾਜ਼ ਕਰਦੀ ਹੈ ਕਿ ਇਹਨਾਂ ਵਿੱਚੋਂ ਕੋਈ ਵੀ ਦੇਸ਼ ਦੋਸਤਾਂ, ਭਾਈਵਾਲਾਂ ਅਤੇ ਸਹਿਯੋਗੀਆਂ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਕਾਰਵਾਈਆਂ ਨਹੀਂ ਕਰਦਾ ਹੈ। ਉਹ ਕਿਸੇ ਵਿਦੇਸ਼ੀ ਖੁਫ਼ੀਆ ਏਜੰਸੀ ਨੂੰ ਆਪਣੇ ਹੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਨੂੰ ਬਰਦਾਸ਼ਤ ਕਰ ਸਕਦੇ ਹਨ, ਪਰ ਜਦੋਂ ਉਨ੍ਹਾਂ ਦੇ ਆਪਣੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਇੱਕ ਲਕੀਰ ਖਿੱਚਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਉਦਾਹਰਨ ਲਈ, ਭਾਰਤ ਪੱਛਮ ਵਿੱਚ ਬਿਨਾਂ ਕਿਸੇ ਲਹਿਰ ਦੇ ਪਾਕਿਸਤਾਨ ਜਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਸ਼ੱਕੀ ਖ਼ਾਲਿਸਤਾਨੀਆਂ ਜਾਂ ਜੈਸ਼ ਜਾਂ ਲਸ਼ਕਰ ਦੇ ਅੱਤਵਾਦੀਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਪਾਕਿਸਤਾਨ ਇਹ ਦੋਸ਼ ਲਾਉਂਦਾ ਰਿਹਾ ਹੈ ਕਿ ਲਸ਼ਕਰ ਦੇ ਮੁਖੀ ਹਾਫਿਜ਼ ਸਈਦ ਦੇ ਘਰ ਦੇ ਬਾਹਰ ਹੋਏ ਬੰਬ ਧਮਾਕੇ ਪਿੱਛੇ ਭਾਰਤ ਦਾ ਹੱਥ ਸੀ ਪਰ ਉਸ ਨੂੰ ਇਸ ਦਾ ਕੋਈ ਸਮਰਥਕ ਨਹੀਂ ਮਿਲਿਆ ਸੀ ਪਰ ਇਹ ਗੱਲ ਵੱਖਰੀ ਹੈ ਜਦੋਂ ਕੈਨੇਡਾ ਵਿੱਚ ਇੱਕ ਕੈਨੇਡੀਅਨ ਨਾਗਰਿਕ ਦੀ ਹੱਤਿਆ ਨੂੰ ਭਾਰਤੀ ਖੁਫ਼ੀਆ ਏਜੰਸੀ ਨਾਲ ਜੋੜਿਆ ਜਾਂਦਾ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਦੋਸਤ ਦੇਸ਼ ਇੱਕ ਦੂਜੇ ਦੇ ਨਾਗਰਿਕਾਂ ਨੂੰ ਨਿਸ਼ਾਨਾ ਨਹੀਂ ਬਣਾਉਂਦੇ। ਸੀ.ਆਈ.ਏ. ਦੀਆਂ ਨੌਕਰੀਆਂ ਸ਼ੀਤ ਯੁੱਧ ਦੌਰਾਨ ਜਾਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਦੁਸ਼ਮਣ ਦੇ ਖੇਤਰ ਵਿੱਚ ਸਨ ਜਾਂ ਦੇਸ਼ ਵਿੱਚ ਹਥਿਆਰਬੰਦ ਸੰਘਰਸ਼ ਦੀਆਂ ਸਥਿਤੀਆਂ ਵਿੱਚ ਸਨ ਜਿੱਥੇ ਕਾਰਵਾਈਆਂ ਹੋਈਆਂ ਸਨ।

ਸ਼ਾਇਦ ਇੱਕ ਦੋਸਤ ਦੇਸ਼ ਦੇ ਖੇਤਰ ਵਿੱਚ ਇੱਕ ਖੁਫ਼ੀਆ ਕਾਰਵਾਈ ਦਾ ਇੱਕਮਾਤਰ ਜਾਣਿਆ ਜਾਣ ਵਾਲਾ ਮਾਮਲਾ ਜੁਲਾਈ 1985 ਵਿੱਚ ਨਿਊਜ਼ੀਲੈਂਡ ਦੇ ਪਾਣੀਆਂ ਵਿੱਚ ਗ੍ਰੀਨਪੀਸ ਜਹਾਜ਼ ਰੇਨਬੋ ਵਾਰੀਅਰ 'ਤੇ ਬੰਬ ਧਮਾਕਾ ਹੈ। ਹਮਲੇ ਵਿੱਚ ਇੱਕ ਪੁਰਤਗਾਲੀ ਡੱਚ ਫੋਟੋਗ੍ਰਾਫਰ ਮਾਰਿਆ ਗਿਆ ਸੀ।

ਫ੍ਰੈਂਚ ਪੋਲੀਨੇਸ਼ੀਅਨ ਖੇਤਰ ਯੁੱਧ ਤੋਂ ਬਾਅਦ ਦੇ ਸਮੇਂ ਵਿੱਚ ਫਰਾਂਸ, ਸੰਯੁਕਤ ਰਾਜ ਅਤੇ ਯੂਨਾਈਟਿਡ ਕਿੰਗਡਮ ਦੁਆਰਾ ਪ੍ਰਮਾਣੂ ਪ੍ਰੀਖਣਾਂ ਲਈ ਇੱਕ ਸਾਈਟ ਬਣ ਗਿਆ ਸੀ। ਇੱਕ ਅੰਦਾਜ਼ੇ ਅਨੁਸਾਰ ਖੇਤਰ ਵਿੱਚ 300 ਤੋਂ ਵੱਧ ਟੈਸਟ ਕੀਤੇ ਗਏ ਸਨ ਅਤੇ ਨਿਊਜ਼ੀਲੈਂਡ ਖੇਤਰ ਦੇ ਦੇਸ਼ਾਂ ਦੇ ਗਠਜੋੜ ਦਾ ਹਿੱਸਾ ਸੀ ਜਿਸ ਵਿੱਚ ਆਸਟਰੇਲੀਆ, ਫਿਜੀ, ਕਿਰੀਬਾਤੀ, ਨੌਰੂ ਅਤੇ ਹੋਰ ਸ਼ਾਮਲ ਸਨ ਜੋ ਪ੍ਰਸ਼ਾਂਤ ਵਿੱਚ ਟੈਸਟਿੰਗ 'ਤੇ ਪਾਬੰਦੀ ਚਾਹੁੰਦੇ ਸਨ।

ਰੇਨਬੋ ਵਾਰੀਅਰ ਦੋ ਧਮਾਕਿਆਂ ਨਾਲ ਡੁੱਬ ਗਿਆ ਸੀ। ਫਰਾਂਸ ਨੇ ਪਹਿਲਾਂ ਜ਼ਿੰਮੇਵਾਰੀ ਤੋਂ ਇਨਕਾਰ ਕੀਤਾ, ਪਰ ਨਿਊਜ਼ੀਲੈਂਡ ਨੇ ਦੋ ਫ੍ਰੈਂਚ ਏਜੰਟਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਇਸ ਨੇ ਸਵੀਕਾਰ ਕੀਤਾ ਕਿ ਉਸ ਦੇ ਡਾਇਰੈਕਟੋਰੇਟ ਜਨਰਲ ਆਫ਼ ਐਕਸਟਰਨਲ ਸਕਿਓਰਿਟੀ ਨੇ ਡੁੱਬਣ ਨੂੰ ਅੰਜਾਮ ਦਿੱਤਾ ਸੀ, ਜਿਸ ਦਾ ਕੋਡਨੇਮ ਓਪਰੇਸ਼ਨ ਸੈਟਾਨਿਕ ਸੀ। ਨਿਊਜ਼ੀਲੈਂਡ ਨੇ ਫਰਾਂਸ 'ਤੇ ਰਾਜ ਦੀ ਜ਼ਿੰਮੇਵਾਰੀ ਦੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਅਤੇ ਮੀਡੀਆ ਰਿਪੋਰਟਾਂ ਨੇ ਕਿਹਾ ਕਿ ਰਾਸ਼ਟਰਪਤੀ ਮਿਟਰੈਂਡ ਨੇ ਹਿੱਟ ਦਾ ਆਦੇਸ਼ ਦਿੱਤਾ ਸੀ। ਫਰਾਂਸ ਦੇ ਰੱਖਿਆ ਮੰਤਰੀ ਨੂੰ ਅਸਤੀਫਾ ਦੇਣਾ ਪਿਆ। ਡੀਜੀਐਸਈ ਮੁਖੀ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਦੋ ਫਰਾਂਸੀਸੀ ਏਜੰਟਾਂ ਨੇ ਦੋਸ਼ੀ ਮੰਨਿਆ ਅਤੇ ਹਰੇਕ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ, ਪਰ ਦੋਵਾਂ ਨੇ ਆਪਣੀ ਸਜ਼ਾ ਪੂਰੀ ਨਹੀਂ ਕੀਤੀ।

ਫਰਾਂਸ ਨੇ ਗ੍ਰੀਨਪੀਸ, ਫੋਟੋਗ੍ਰਾਫਰ ਦੀ ਪਤਨੀ ਅਤੇ ਦੋ ਬੱਚਿਆਂ ਨੂੰ ਭਾਰੀ ਮੁਆਵਜ਼ਾ ਦਿੱਤਾ ਅਤੇ ਨਿਊਜ਼ੀਲੈਂਡ ਤੋਂ ਰਸਮੀ ਮੁਆਫ਼ੀ ਮੰਗੀ। ਫਰਾਂਸ ਨੇ ਦੋ ਦੋਸ਼ੀ ਫ੍ਰੈਂਚ ਸੀਕ੍ਰੇਟ ਸਰਵਿਸ ਏਜੰਟਾਂ ਨੂੰ ਸਜ਼ਾ ਕੱਟਣ ਦੇ ਯੋਗ ਬਣਾਉਣ ਲਈ ਨਿਊਜ਼ੀਲੈਂਡ ਨੂੰ ਮੁਆਵਜ਼ਾ ਵੀ ਅਦਾ ਕੀਤਾ। ਹਾਲ ਹੀ ਵਿੱਚ 2016 ਵਿੱਚ, ਫਰਾਂਸ ਦੇ ਪ੍ਰੀਮੀਅਰ ਮੈਨੂਅਲ ਵਾਲਸ ਨੇ ਨਿਊਜ਼ੀਲੈਂਡ ਦੇ ਦੌਰੇ ਦੌਰਾਨ ਕਿਹਾ ਕਿ ਇਹ ਘਟਨਾ ਇੱਕ ਗੰਭੀਰ ਗਲਤੀ ਸੀ।

ਕੈਨੇਡਾ ਦੀ ਰਣਨੀਤੀ ਦਾ ਮੁੱਖ ਕੇਂਦਰ ਭਾਰਤ ਹੈ। ਕੈਨੇਡਾ-ਭਾਰਤ ਦਾ ਮਤਭੇਦ ਕੁਝ ਮਹੀਨਿਆਂ ਬਾਅਦ ਆਇਆ ਹੈ ਜਦੋਂ ਟਰੂਡੋ ਦੀ ਲਿਬਰਲ ਪਾਰਟੀ ਨੇ ਚੀਨ ਵਿਰੁੱਧ ਅਸਾਧਾਰਨ ਤੌਰ 'ਤੇ ਸਖ਼ਤ ਭਾਸ਼ਾ ਨਾਲ ਪਿਛਲੇ ਦਸੰਬਰ ਨੂੰ ਜਾਰੀ ਕੀਤੀ ਆਪਣੀ ਇੰਡੋ-ਪੈਸੀਫਿਕ ਰਣਨੀਤੀ ਦੇ ਮੁੱਖ ਕੇਂਦਰ ਵਜੋਂ ਭਾਰਤ 'ਤੇ ਜ਼ੋਰ ਦਿੱਤਾ ਸੀ। ਮਾਰਚ ਵਿੱਚ ਜੀ-20 ਮੰਤਰੀਆਂ ਦੀ ਮੀਟਿੰਗ ਵਿੱਚ ਹਿੱਸਾ ਲੈਣ ਤੋਂ ਪਹਿਲਾਂ, ਇਸ ਸਾਲ ਫਰਵਰੀ ਵਿੱਚ ਕੈਨੇਡੀਅਨ ਵਿਦੇਸ਼ ਮੰਤਰੀ ਦੀ ਫੇਰੀ ਨੂੰ ਦੋਵਾਂ ਧਿਰਾਂ ਦੁਆਰਾ ਇੱਕ ਕੋਸ਼ਿਸ਼ ਵਜੋਂ ਦੇਖਿਆ ਗਿਆ ਸੀ। ਦੁਵੱਲੇ ਸੰਬੰਧਾਂ ਨੂੰ ਮੁੜ ਸੁਰਜੀਤ ਕਰਨਾਇੰਡੋ-ਪੈਸੀਫਿਕ ਗੱਠਜੋੜ ਦੇ ਵਿਆਪਕ ਪੜਾਅ ਦੀ ਵਰਤੋਂ ਕਰਦੇ ਹੋਏ।

ਰਣਨੀਤੀ ਪੇਪਰ ਵਿੱਚ ਭਾਰਤ ਨੂੰ ਇੱਕ ਮਹਾਨ ਰਣਨੀਤਕ ਮਹੱਤਵ ਵਾਲੇ ਦੇਸ਼ ਵਜੋਂ ਪੇਸ਼ ਕੀਤਾ ਗਿਆ ਹੈ, ਜੋ ਸਿਰਫ਼ ਉਦੋਂ ਹੀ ਵਧ ਸਕਦਾ ਹੈ ਜਦੋਂ ਇਸਦੀ ਆਰਥਿਕਤਾ ਵਧਦੀ ਹੈ ਅਤੇ ਇਹ ਦੁਨੀਆਂ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਂਦਾ ਹੈ। ਇਸ ਨੇ ਭਾਰਤ ਦੇ ਨਾਲ ਵਪਾਰਕ ਸੰਬੰਧਾਂ ਦੇ ਵਿਸਤਾਰ, ਸਪਲਾਈ ਚੇਨ ਲਚਕੀਲੇਪਨ ਵਿੱਚ ਨਿਵੇਸ਼ ਕਰਨ ਅਤੇ ਲੋਕਾਂ ਤੋਂ ਲੋਕਾਂ ਦੇ ਵਟਾਂਦਰੇ 'ਤੇ ਜ਼ੋਰ ਦਿੱਤਾ। ਹੁਣ ਇਸ ਸਭ ਨੂੰ ਇੰਤਜ਼ਾਰ ਕਰਨਾ ਪੈ ਸਕਦਾ ਹੈ ਕਿ ਭਾਰਤ-ਕੈਨੇਡਾ ਸੰਬੰਧਾਂ ਵਿੱਚ ਲੰਬੀ ਸਰਦੀ ਦੇ ਖਤਮ ਹੋਣ ਲਈ ਕੀ ਜਾਪਦਾ ਹੈ। ਇਸ ਤਰਾਂ ਕੈਨੇਡਾ ਦੀ ਰਿਪੋਰਟ ਤੋਂ ਸਪਸ਼ਟ ਹੁੰਦਾ ਹੈ ਕਿ ਕੈਨੇਡਾ ਅਤੇ ਭਾਰਤ ਵਿਚਾਲੇ ਹੁਣ ਤਨਾਓ ਪੈਦਾ ਹੋ ਸਕਦਾ ਹੈ, ਜਿਸਦੇ ਕਈ ਕਾਰਨ ਹੋ ਸਕਦੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਦੋਵੇਂ ਦੇਸ਼ ਮਿੱਤਰ ਹਨ, ਇਸ ਕਰਕੇ ਇਹ ਆਪਣੇ ਆਪਸੀ ਵਿਵਾਦ ਮਿੱਤਰਤਾ ਪੂਰਨ ਢੰਗ ਨਾਲ ਹੀ ਹਲ ਕਰਨ ਦੇ ਯਤਨ ਕਰਨਗੇ। ਭਾਵੇਂ ਕਿ ਪਿਛਲੇ ਕੁਝ ਸਮੇਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਕੁੜਤਨ ਪੈਦਾ ਹੋ ਰਹੀ ਹੈ।

# ਭਾਰਤ 'ਚ ਅ.ਫਗਾਨੀ ਦੂਤਘਰ ਨੇ ਕੰਮ-ਕਾਰ ਸਮੇਟਿਆ

## ਤਾਲਿਬਾਨ ਨੇ ਭਾਰਤ 'ਚ ਦੂਤਘਰ ਬੰਦ ਕਰਨ ਪਿੱਛੇ ਦੱਸੇ ਤਿੰਨ ਵੱਡੇ ਕਾਰਨ

### 2001 ਤੋਂ ਕੰਮ ਕਰ ਰਿਹਾ ਸੀ ਇਹ ਦੂਤਘਰ



ਨਵੀਂ ਦਿੱਲੀ/ਏ.ਟੀ.ਨਿਊਜ਼ : ਅਫ਼ਗਾਨਿਸਤਾਨ ਵਿੱਚ ਅਸ਼ਰਫ ਗਨੀ ਸਰਕਾਰ ਦੇ ਪਤਨ ਤੋਂ ਬਾਅਦ ਦੇਸ਼ ਵਿੱਚ ਤਾਲਿਬਾਨੀ ਸ਼ਾਸਨ ਆਉਣ ਦੇ ਬਾਵਜੂਦ ਭਾਰਤ ਵਿੱਚ ਪੁਰਾਣੀ ਸਰਕਾਰ ਦਾ ਦੂਤਾਵਾਸ ਕੰਮ ਕਰ ਰਿਹਾ ਸੀ ਪਰ ਹੁਣ ਅਫ਼ਗਾਨਿਸਤਾਨ ਨੇ ਭਾਰਤ ਵਿੱਚ ਆਪਣਾ ਦੂਤਾਵਾਸ ਬੰਦ ਕਰ ਦਿੱਤਾ ਹੈ। ਤਾਲਿਬਾਨ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਹੈ ਕਿ ਅਫ਼ਗਾਨਿਸਤਾਨ ਦੇ ਇਸਲਾਮਿਕ ਗਣਰਾਜ ਦੇ ਦੂਤਾਵਾਸ ਨੇ 1 ਅਕਤੂਬਰ ਤੋਂ ਭਾਰਤ ਵਿੱਚ ਆਪਣਾ ਕੰਮਕਾਜ ਬੰਦ ਕਰ ਦਿੱਤਾ ਹੈ। ਤਾਲਿਬਾਨ ਵੱਲੋਂ ਜਾਰੀ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ, ਬਹੁਤ ਦੁੱਖ, ਅਫਸੋਸ ਅਤੇ ਨਿਰਾਸ਼ਾ ਦੇ ਨਾਲ, ਨਵੀਂ ਦਿੱਲੀ ਵਿੱਚ ਅਫ਼ਗਾਨਿਸਤਾਨ ਦੇ ਦੂਤਾਵਾਸ ਨੇ ਆਪਣੇ ਸੰਚਾਲਨ ਨੂੰ ਬੰਦ ਕਰਨ ਦੇ ਇਸ ਫੈਸਲੇ ਦਾ ਐਲਾਨ ਕੀਤਾ ਹੈ। ਅਫ਼ਗਾਨਿਸਤਾਨ ਨੇ ਭਾਰਤ 'ਚ ਦੂਤਘਰ ਬੰਦ ਕਰਨ ਪਿੱਛੇ ਤਿੰਨ ਵੱਡੇ ਕਾਰਨ ਦੱਸੇ ਹਨ।

**ਭਾਰਤ ਤੋਂ ਸਮਰਥਨ ਦੀ ਘਾਟ**

ਅਫ਼ਗਾਨਿਸਤਾਨ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ, 'ਦੂਤਘਰ ਨੇ ਭਾਰਤ ਵਿੱਚ ਕੂਟਨੀਤਕ ਸਮਰਥਨ ਦੀ ਘਾਟ ਦਾ ਅਨੁਭਵ ਕੀਤਾ ਹੈ, ਜੋ ਅਫ਼ਗਾਨਿਸਤਾਨ ਦੇ ਸਰਵੋਤਮ ਹਿੱਤਾਂ ਦੀ ਸੇਵਾ ਕਰਨ ਦੇ ਆਪਣੇ ਫਰਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਦਾ ਹੈ।' ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਇਹ ਫੈਸਲਾ ਅਫ਼ਗਾਨਿਸਤਾਨ ਅਤੇ ਭਾਰਤ ਦਰਮਿਆਨ ਇਤਿਹਾਸਕ ਸਬੰਧਾਂ ਅਤੇ ਲੰਬੇ ਸਮੇਂ ਦੀ ਸਾਂਝੇਦਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਵਧਾਨੀ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਗਿਆ ਹੈ।

**ਭਾਰਤ ਵਿੱਚ ਸਟਾਫ ਦੀ ਕਮੀ**

ਦੂਤਾਵਾਸ ਨੂੰ ਬੰਦ ਕਰਨ ਦਾ ਦੂਜਾ ਕਾਰਨ ਸਟਾਫ਼ ਦੀ ਘਾਟ ਦੱਸਿਆ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਡਿਪਲੋਮੈਟਾਂ ਲਈ ਵੀਜ਼ਾ ਨਵਿਆਉਣ ਲਈ ਸਮੇਂ ਸਿਰ ਅਤੇ ਲੋੜੀਂਦੀ ਸਹਾਇਤਾ ਦੀ ਘਾਟ ਸਮੇਤ ਸਟਾਫ ਅਤੇ ਸਰੋਤਾਂ ਵਿੱਚ ਕਮੀ ਕਾਰਨ ਕੰਮ ਜਾਰੀ ਰੱਖਣਾ ਚੁਣੌਤੀਪੂਰਨ ਹੈ।

**ਡਿਪਲੋਮੈਟਾਂ ਵਿਚਕਾਰ ਸੰਭਾਵੀ ਝਗੜਾ**

ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ

(ਬਾਕੀ ਸਫ਼ਾ 29 'ਤੇ)



# ਪੰਜਾਬੀ ਸੱਭਿਆਚਾਰ ਦਾ ਪੱਛਮੀਕਰਨ

ਭਾਰਤ ਕਈ ਚਿਰ ਤੱਕ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ ਪਰ ਉਸ ਵੇਲੇ ਭਾਰਤੀਆਂ ਉੱਤੇ ਉਨ੍ਹਾਂ ਦੀ ਰਹਿਣੀ-ਬਹਿਣੀ ਅਤੇ ਪਹਿਰਾਵੇ ਦਾ ਅਸਰ ਬਿਲਕੁਲ ਨਾ-ਮਾਤਰ ਹੀ ਸੀ। ਉਹ ਵੀ ਕਿਸੇ-ਕਿਸੇ ਭਾਰਤੀ 'ਤੇ, ਜੋ ਅੰਗਰੇਜ਼ ਸਰਕਾਰ ਦੇ ਅਫ਼ਸਰ ਜਾਂ ਕੋਈ ਕਰਮਚਾਰੀ ਸਨ। ਆਮ ਲੋਕ ਉਹਨਾਂ ਦੀ ਰਹਿਣੀ-ਬਹਿਣੀ ਤੇ ਪਹਿਰਾਵੇ ਤੋਂ ਇਸ ਲਈ ਅਭਿੱਜ ਸਨ ਕਿਉਂਕਿ ਇੱਕ ਤਾਂ ਉਹ ਉਨ੍ਹਾਂ ਨਾਲ ਨਫ਼ਰਤ ਕਰਦੇ ਸਨ ਦੂਜਾ ਉਹ ਮਹਿੰਗੀ ਸੀ ਜੋ ਕਿ ਭਾਰਤੀਆਂ ਦੀ ਸਮਰੱਥਾ ਵਿੱਚ ਨਹੀਂ ਸੀ ਆ ਸਕਦੀ। ਭਾਰਤੀਆਂ ਦਾ ਆਪਣੀ ਸੰਸਕ੍ਰਿਤੀ, ਆਪਣੀਆਂ ਚੀਜ਼ਾਂ ਨਾਲ ਮੋਹ ਜ਼ਿਆਦਾ ਸੀ।



ਪਰ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਅਜ਼ਾਦੀ ਤੋਂ ਬਾਅਦ ਸਾਡੇ ਲੋਕਾਂ ਵਿੱਚ ਧੜਾ-ਧੜ ਪੱਛਮੀ ਰਹਿਣੀ-ਬਹਿਣੀ ਨੂੰ ਅਪਣਾਉਣ ਦੀ ਰੁਚੀ ਏਨੀ ਪ੍ਰਬਲ ਕਿਉਂ ਹੋ ਗਈ ? ਅੱਜ ਪੰਜਾਬ ਵਿੱਚ ਉਸ ਰਹਿਣੀ - ਬਹਿਣੀ ਨੂੰ ਬੜੀ ਤੀਬਰਤਾ ਨਾਲ ਵੇਖਿਆ ਜਾ ਸਕਦਾ ਹੈ। ਸਾਡੇ ਜੀਵਨ ਅਤੇ ਸਭਿਆਚਾਰ ਦੇ ਹਰ ਪੱਖ ਉੱਤੇ ਪੱਛਮੀ ਸੱਭਿਆਚਾਰ ਦਾ ਰੰਗ ਚੜ੍ਹ ਰਿਹਾ ਹੈ ਤੇ ਦਿਨੋਂ-ਦਿਨ ਹੋਰ ਗੂੜ੍ਹਾ ਹੁੰਦਾ ਜਾ ਰਿਹਾ ਹੈ।

**ਭਾਰਤੀ ਤੇ ਪੱਛਮੀ ਜੀਵਨ** : ਸਭ ਤੋਂ ਪਹਿਲਾਂ ਮੋਹ - ਮਾਇਆ ਤੇ ਪਦਾਰਥਕ ਰੁਚੀਆਂ ਵੱਲ ਝਾਤੀ ਮਾਰਦੇ ਹਾਂ। ਸਾਰੇ ਧਰਮਾਂ ਵਿੱਚ ਇਹੋ ਸਿੱਖਿਆ ਦਿੱਤੀ ਗਈ ਹੈ ਕਿ ਸੰਸਾਰਕ ਪਦਾਰਥਕ ਮੋਹ-ਮਾਇਆ ਤਿਆਗ ਦਿਓ, ਕਿਉਂਕਿ ਇਹ ਮਨੁੱਖ ਨੂੰ ਭਟਕਣਾ ਵਿੱਚ ਪਾਉਂਦੀਤੇ ਪਰਮਾਤਮਾ ਦੇ ਸਿਮਰਨ ਤੋਂ ਮੋੜਦੀ ਹੈ। ਭਾਵ ਕਿ ਪਦਾਰਥਕ ਸੁੱਖਾਂ ਦਾ ਤਿਆਗ ਤੇ ਸੇਵਾ ਸਿਮਰਨ 'ਤੇ ਜ਼ੋਰ ਦਿੱਤਾ ਗਿਆ ਹੈ ਜਦਕਿ ਪੱਛਮੀ ਸੱਭਿਆਚਾਰ ਵਿੱਚ ਸਰੀਰਕ ਸੁੱਖ ਉੱਤੇ ਜ਼ੋਰ ਦਿੱਤਾ ਗਿਆ ਹੈ। ਪੱਛਮ ਵਾਲਿਆਂ ਨੇ ਵਿਗਿਆਨ ਦੇ ਖੇਤਰ ਵਿੱਚ ਬੇਹਿਸਾਬੀ ਤਰੱਕੀ ਕਰਕੇ ਮਨੁੱਖ ਨੂੰ ਬੇਅੰਤ ਸੁੱਖ-ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਭਾਰਤੀਆਂ ਵੱਲੋਂ ਵਿਦੇਸ਼ਾਂ ਵਿੱਚ ਜਾਣ - ਆਉਣ ਕਰਕੇ ਪਦਾਰਥਕ ਖੁਸ਼ਹਾਲੀ ਦਾ ਲੋਭ ਜਾਗਣ ਲੱਗਾ। ਇਹ ਲੋਭ ਹੀ ਏਨਾ ਵਿਆਪਕ ਹੋ ਗਿਆ ਹੈ ਕਿ ਕੇਵਲ ਧਨ ਅਤੇ ਪਦਾਰਥਕ ਵਸਤਾਂ ਦੀ ਚਾਹਤ ਵਿੱਚ ਹੀ ਦਿਨ-ਰਾਤ ਜੁਟੇ ਰਹਿੰਦੇ ਹਨ। ਧਨ ਪ੍ਰਾਪਤੀ ਲਈ ਉਹਨਾਂ ਸ਼ਿਸ਼ਟਾਚਾਰ ਵੀ ਭੁਲਾ ਦਿੱਤਾ ਹੈ। ਅਜਿਹੀ ਸੋਚ ਕਾਰਨ ਹੀ ਸਮਾਜ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਗਿਆ ਹੈ।

**ਬਦਲਦੀ ਜੀਵਨ ਜਾਚ** : ਸਰੀਰਕ ਸੁੱਖ-ਸਹੂਲਤਾਂ ਦੀ ਇੱਛਾ ਨੇ ਸਾਡਾ ਆਚਰਨ ਵੀ ਪਤਿਤ ਤੇ ਦਾਗ਼ਦਾਰ ਕਰ ਦਿੱਤਾ ਹੈ। ਆਚਰਨ ਦੀ ਪਵਿੱਤਰਤਾ ਅਲੋਪ ਹੋ ਗਈ ਹੈ। ਪਾਕ ਪਰਿਵਾਰਕ ਜੀਵਨ ਦੀ ਥਾਂ ਹੋਟਲਾਂ ਤੇ ਕਲੱਬਾਂ ਦੇ ਵਾਸ਼ਨਾ ਭਰਪੂਰ ਜੀਵਨ ਨੇ ਲੈ ਲਈ ਹੈ। ਮਰਦਾਂ ਵਿੱਚ ਤਾਂ ਕੀ ਅੱਜ ਤਾਂ ਔਰਤਾਂ ਵਿੱਚ ਵੀ ਨਸ਼ੇ ਦੀ ਪ੍ਰਵਿਰਤੀ ਵਧ ਗਈ ਹੈ। ਉਹ ਸ਼ਰੇਆਮ ਸ਼ਰਾਬ ਪੀਂਦੀਆਂ, ਸਿਗਰਟ ਦੇ ਕਸ਼ ਲਾਉਂਦੀਆਂ,ਕਲੱਬਾਂ ਵਿੱਚ ਬੇਹੂਦਾ ਡਾਂਸ ਕਰਦੀਆਂ, ਪਤੀ ਨੂੰ ਚਿੱਟ ਜਾਣਦੀਆਂ ਹਨ।

**ਪੁਰਾਤਨ ਪੰਜਾਬੀ ਪਹਿਰਾਵਾ** : ਪੁਰਾਣੇ ਪੰਜਾਬ ਵਿੱਚ ਪਹਿਰਾਵਾ ਸਾਦਗੀ ਭਰਪੂਰ ਹੁੰਦਾ ਸੀ। ਔਰਤਾਂ ਸਲਵਾਰ ਕਮੀਜ਼ ਪਾਉਂਦੀਆਂ ਤੇ ਸਿਰ 'ਤੇ ਦੁਪੱਟੇ ਦੀ ਬੁੱਕਲ ਮਾਰਦੀਆਂ, ਅੱਖਾਂ ਵਿੱਚ ਸ਼ਰਮ, ਹਯਾ ਦਾ ਪਰਦਾ ਸੀ ਜਦਕਿ ਅੱਜ ਪੱਛਮ ਦੇ ਵੇਖਾ - ਵੇਖੀ ਨੰਗੇਜ ਵਾਲਾ ਤੇ ਤੰਗ ਪਹਿਰਾਵਾ ਆ ਗਿਆ ਹੈ। ਔਰਤਾਂ ਵਿੱਚੋਂ ਲੱਜਿਆ ਤੇ ਸ਼ਰਮ ਵਾਲੇ ਗੁਣ ਅਲੋਪ ਹੋ ਗਏ ਹਨ। ਕੁੜੀਆਂ ਤੰਗ ਜੀਨਾਂ ਤੇ ਤੰਗ ਬਲਾਊਜ਼ ਪਾਉਂਦੀਆਂ ਹਨ। ਚੁੰਨੀ ਸਿਰ ਤੋਂ ਕੀ ਉਂਝ ਵੀ ਗਾਇਬ ਹੋ ਗਈ ਹੈ। ਪਹਿਲਾਂ ਲੰਮੇ ਵਾਲ ਸੁੰਦਰਤਾ ਦੀ ਨਿਸ਼ਾਨੀ ਸਮਝੇ ਜਾਂਦੇ ਸਨ ਪਰ ਹੁਣ ਕੱਟੇ ਵਾਲ ਫੈਸ਼ਨ ਬਣ ਗਿਆ ਹੈ।

**ਪੁਰਾਤਨ ਖਾਣ-ਪੀਣ** : ਪਹਿਲਾਂ ਪੁਰਾਣੇ ਪੰਜਾਬ ਵਿੱਚ ਸਾਦੀ, ਨਰੋਈ, ਸੰਤੁਲਿਤ ਤੇ ਪੌਸ਼ਟਿਕ ਖ਼ੁਰਾਕ ਖਾਧੀ ਜਾਂਦੀ ਸੀ। ਖ਼ੁਰਾਕ ਜ਼ਿਆਦਾ ਤੇ ਮਿਹਨਤ ਵੀ ਜ਼ਿਆਦਾ ਕੀਤੀ ਜਾਂਦੀ ਸੀ ਜਦਕਿ ਅੱਜ ਤਲੀਆਂ 'ਤੇ ਚਟਪਟੀਆਂ ਚੀਜ਼ਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਬਰਗਰ, ਨੂਡਲਜ਼, ਪੇਸਟਰੀ ਆਦਿ ਖਾਧੇ ਜਾਂਦੇ ਹਨ। ਦੁੱਧ, ਦਹੀਂ, ਲੱਸੀ, ਮੱਖਣ, ਘਿਓ ਆਦਿ ਗ਼ਾਇਬ ਹੋ ਚੁੱਕੇ ਹਨ। ਇਹਨਾਂ ਦੀ ਥਾਂ ਚਾਹ, ਕੌਫੀ ਤੇ ਡੱਬੇ-ਬੰਦ ਖ਼ੁਰਾਕਾਂ ਆ ਗਈਆਂ ਹਨ। ਅੱਜ ਕੱਲ੍ਹ ਸਰੀਰਕ ਮਿਹਨਤ ਘੱਟ ਤੇ ਦਿਮਾਗ਼ੀ ਮਿਹਨਤ ਵਧ ਗਈ ਹੈ। ਇਸ ਲਈ ਘੱਟ ਖਾਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਚਿਪਸ, ਕੁਰਕੁਰੇ ਆਦਿ ਖਾ ਕੇ ਵਕਤ ਟਪਾਇਆ ਜਾਂਦਾ ਹੈ।





**ਕਿਰਤ ਕਰਨੀ ਛੱਡੀ** : ਐਸ਼ੋ-ਅਰਾਮ ਦੇ ਸਾਧਨਾਂ ਵਿੱਚ ਬਹੁਲਤਾ ਆ ਜਾਣ ਨਾਲ ਬਿਮਾਰੀਆਂ ਵਧ ਗਈਆਂ ਹਨ। ਟੀ. ਵੀ., ਫ਼ਰਿਜ, ਏ. ਸੀ., ਵਾਸ਼ਿੰਗ ਮਸ਼ੀਨਾਂ, ਬਿਜਲਈ ਮਸ਼ੀਨਰੀ ਨੇ ਮਨੁੱਖ ਦੀਆਂ ਸੁੱਖ ਸਹੂਲਤਾਂ ਵਿੱਚ ਵਾਧਾ ਤਾਂ ਕੀਤਾ ਹੈ ਨਾਲ ਹੀ ਮਨੁੱਖ ਨੂੰ ਹੱਡ - ਹਰਾਮੀ ਵੀ ਬਣਾ ਦਿੱਤਾ ਹੈ। ਕੋਈ ਵਿਅਕਤੀ ਹੱਥੀਂ ਕੰਮ ਕਰਕੇ ਰਾਜ਼ੀ ਨਹੀਂ। ਟੀ. ਵੀ. ਸੀਰੀਅਲ ਵੇਖਣ, ਨੈੱਟ 'ਤੇ ਚੈਟਿੰਗ ਕਰਨੀ, ਫੇਸਬੁੱਕ 'ਤੇ ਲੱਗੇ ਰਹਿਣਾ, ਮੋਬਾਇਲ ਦੀ ਪਾਗਲਾਂ ਵਾਂਗ ਬੇਤਹਾਸ਼ਾ ਵਰਤੋਂ ਕਰਨੀ ਅੱਜ ਦੇ ਮਨੁੱਖ ਦਾ ਸ਼ੁਗਲ ਬਣ ਗਿਆ ਹੈ। ਇੰਜ ਪੰਜਾਬੀ ਕਿਰਤ ਵੱਲੋਂ ਮੁੱਖ ਮੋੜ ਰਹੇ ਹਨ।

**ਵੱਡਿਆਂ ਦਾ ਸਤਿਕਾਰ ਨਾ ਕਰਨਾ** : ਪੁਰਾਣੇ ਪੰਜਾਬੀ ਸਭਿਆਚਾਰ ਵਿੱਚ ਸਾਂਝੇ ਪਰਿਵਾਰ ਹੁੰਦੇ ਹਨ। ਇੱਕ ਘਰ ਵਿੱਚ ਕਈ ਪੀੜ੍ਹੀਆਂ ਇਕੱਠੀਆਂ ਰਹਿੰਦੀਆਂ ਸਨ। ਸਾਰਿਆਂ ਦੇ ਦੁੱਖ-ਸੁੱਖ ਸਾਂਝੇ ਹੁੰਦੇ ਸਨ ਤੇ ਰਿਸ਼ਤਿਆਂ 'ਚ ਨਿੱਘਾ ਮੋਹ ਪਿਆਰ ਹੁੰਦਾ ਸੀ। ਹੁਣ ਇਕਹਿਰੇ ਪਰਿਵਾਰਾਂ ਕਾਰਨ ਮਾਪਿਆਂ ਦਾ ਸਤਿਕਾਰ ਖ਼ਤਮ ਹੋ ਗਿਆ ਹੈ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਕੋਈ ਕਿਸੇ ਨਾਲ ਬੋਲ ਕੇ ਰਾਜ਼ੀ ਨਹੀਂ। ਹਰ ਇੱਕ ਨੂੰ ਆਪੋ-ਧਾਪੀ ਪਈ ਹੈ। ਹਰ ਕੋਈ ਪੈਸੇ ਦਾ ਪੁਜਾਰੀ ਬਣ ਗਿਆ ਹੈ। ਰਿਸ਼ਤਿਆਂ ਵਿੱਚ ਤ੍ਰੇੜਾਂ ਆ ਗਈਆਂ ਹਨ।

**ਖੇਡਾਂ ਦੇ ਬਦਲਦੇ ਸ਼ੌਕ** : ਬੱਚਿਆਂ ਦੀਆਂ ਖੇਡਾਂ ਬਦਲ ਗਈਆਂ ਹਨ। ਉਹ ਹਰ ਵੇਲੇ ਨੈੱਟ 'ਤੇ ਕੰਪਿਊਟਰ ਤੇ ਗੇਮਾਂ ਖੇਡ-ਖੇਡ ਕੇ ਚਿੜਚਿੜੇ ਸੁਭਾਅ ਦੇ ਹੋ ਗਏ ਹਨ। ਸਰੀਰ ਨੂੰ ਰਿਸ਼ਟ-ਪੁਸ਼ਟ ਕਰਨ ਵਾਲੀਆਂ ਖੇਡਾਂ, ਜਿਵੇਂ ਕੁਸ਼ਤੀ, ਕਬੱਡੀ ਨਾਲੋਂ ਹਾਕੀ, ਕ੍ਰਿਕਟ, ਟੇਬਲ ਟੈਨਿਸ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਅਸੀਂ ਪਦਾਰਥਕ ਉੱਨਤੀ ਦੇ ਵਿਰੋਧੀ ਨਹੀਂ ਹਾਂ ਪਰ ਪੱਛਮੀ ਦੇਸ਼ਾਂ ਦੀ ਨਕਲ ਕਰਦੇ ਹੋਏ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲ ਜਾਈਏ ਇਹ ਜਾਇਜ਼ ਨਹੀਂ ਹੈ। ਅਸੀਂ ਆਪਣੀ ਬੋਲੀ ਭੁੱਲ ਗਏ ਹਾਂ। ਪੰਜਾਬੀ ਨਾਲ ਨਫ਼ਰਤ ਕਰਕੇ ਦੂਜੀਆਂ ਭਾਸ਼ਾਵਾਂ ਬੋਲਣ, ਪੜ੍ਹਨ ਨੂੰ ਹੀ ਤਰਜੀਹ ਦੇ ਰਹੇ ਹਾਂ। ਸੰਗੀਤ ਵਿੱਚ ਲੱਚਰਤਾ ਭਾਰੂ ਹੋ ਗਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਆਓ ਸਾਰੇ ਪ੍ਰਣ ਕਰੀਏ ਕਿ ਅਸੀਂ ਆਪਣੇ ਸੱਭਿਆਚਾਰ ਨੂੰ ਪੰਜਾਬੀ ਹੀ ਰਹਿਣ ਦੇਈਏ। ਇਸ ਉੱਤੇ ਪੱਛਮੀ ਰੰਗ ਨਾ ਚੜ੍ਹਨ ਦੇਈਏ। ਇਸੇ ਵਿੱਚ ਹੀ ਇਸ ਦਾ ਭਲਾ ਹੈ।





# ਸ਼ਗਨਾਂ ਦਾ ਚੂੜਾ

## ਫ਼ੁਲਕਾਰੀ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ ਚੂੜੇ ਦਾ ਇਤਿਹਾਸ




ਅੱਸੂ ਮਹੀਨੇ ਨੂੰ ਵਿਆਹਾਂ ਦੀ ਰੁੱਤ ਵੀ ਕਿਹਾ ਜਾਂਦਾ ਹੈ, ਸ਼ਾਇਦ ਇਸੇ ਕਾਰਨ ਇਸ ਮਹੀਨੇ ਕਾਫ਼ੀ ਵਿਆਹ ਹੁੰਦੇ ਹਨ। ਇਸ ਸਮੇਂ ਹਰ ਦਿਨ ਹਰ ਪਾਸੇ ਬਾਰਾਤ ਅਤੇ ਡੋਲੀ ਵਾਲੀਆਂ ਕਾਰਾਂ ਹੀ ਦਿਖਾਈ ਦਿੰਦੀਆਂ ਹਨ, ਜਿਸ ਕਾਰਨ ਕੁੰਵਾਰੇ ਵੀ ਆਪਣੇ ਵਿਆਹ ਦਾ ਸੁਪਨਾ ਵੇਖਣ ਲੱਗਦੇ ਹਨ। ਹਰ ਪਾਸੇ ਹੁੰਦੇ ਵਿਆਹਾਂ ਨੂੰ ਵੇਖ ਕੇ ਲੇਖਕਾਂ/ਕਾਲਮ ਨਵੀਸਾਂ ਦਾ ਮਨ ਵੀ ਵਿਆਹਾਂ ਬਾਰੇ ਜਾਂ ਦੁਲਹਨ ਬਾਰੇ ਜਾਂ ਗਹਿਣਿਆਂ ਬਾਰੇ ਲਿਖਣ ਨੂੰ ਕਰ ਆਉਂਦਾ ਹੈ।

ਜਦੋਂ ਕਿਸੇ ਮੁਟਿਆਰ ਦਾ ਵਿਆਹ ਹੁੰਦਾ ਹੈ ਤਾਂ ਵਿਆਹ ਤੋਂ ਇੱਕ ਦਿਨ ਪਹਿਲਾਂ ਉਸ ਦੇ ਹੱਥਾਂ ਉਪਰ ਮਹਿੰਦੀ ਲਗਾਉਣ ਦੇ ਨਾਲ ਹੀ ਬਾਂਹਾਂ ਵਿੱਚ ਚੂੜਾ ਵੀ ਪਾਇਆ ਜਾਂਦਾ ਹੈ। ਚੂੜਾ ਮੁਟਿਆਰ ਦੇ ਸੁਹਾਗ ਦੀ ਨਿਸ਼ਾਨੀ ਕਿਹਾ ਜਾਂਦਾ ਹੈ, ਇਸੇ ਲਈ ਹੀ ਚੂੜੇ ਨੂੰ ਸੁਹਾਗ ਚੂੜਾ ਵੀ ਕਿਹਾ ਜਾਂਦਾ ਹੈ। ਗੋਰੀਆਂ ਬਾਂਹਾਂ ਵਿੱਚ ਚੂੜਾ ਪਾਉਣ ਤੋਂ ਬਾਅਦ ਦੁਲਹਨ ਦੀ ਸੁੰਦਰਤਾ ਹੋਰ ਵੀ ਵੱਧ ਜਾਂਦੀ ਹੈ। ਹੱਥਾਂ ਨੂੰ ਲਾਈ ਮਹਿੰਦੀ ਵੀ ਹੋਰ ਗੂੜ੍ਹੀ ਗੂੜ੍ਹੀ ਲੱਗਣ ਲੱਗ ਜਾਂਦੀ ਹੈ।

ਅਸਲ ਵਿੱਚ ਵਿਆਹ ਮੌਕੇ ਲਾਲ ਤੇ ਹਰੇ ਰੰਗ ਦੀਆਂ ਕੱਚ ਦੀਆਂ ਚੂੜੀਆਂ ਪਾਉਣਾ ਸ਼ਗਨ ਮੰਨਿਆ ਜਾਂਦਾ ਹੈ ਪਰ ਪੰਜਾਬੀ ਵਿਆਹਾਂ ਵਿੱਚ ਲਾੜੀ ਦੇ ਚੂੜਾ ਹੀ ਪਾਇਆ ਜਾਂਦਾ ਹੈ, ਹੁਣ ਤਾਂ ਚੂੜੇ ਦਾ ਫੈਸ਼ਨ ਸਾਰੇ ਭਾਰਤ ਸਮੇਤ ਵਿਦੇਸ਼ਾਂ ਤਕ ਵੀ ਪ੍ਰਚਲਿਤ ਹੋ ਗਿਆ ਹੈ। ਵਿਆਹ ਮੌਕੇ ਚੂੜੇ ਦੇ ਨਾਲ ਹੀ ਸ਼ਗਨਾਂ ਦੇ ਕਲੀਰ੍ਹੇ ਵੀ ਲਾੜੀ ਨੂੰ ਬੰਨੇ ਜਾਂਦੇ ਹਨ।

ਚੂੜੇ ਦਾ ਇਤਿਹਾਸ ਵੀ ਫੁਲਕਾਰੀ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਪੰਜਾਬੀ ਤੇ ਉੱਤਰੀ ਭਾਰਤ ਵਿਚ ਤਾਂ ਚੂੜਾ ਬਹੁਤ

### ਹਾਥੀ ਦੰਦ ਦਾ ਵੀ ਬਣਾਇਆ ਜਾਂਦੈ ਚੂੜਾ

ਜਿਆਦਾ ਪ੍ਰਚਲਿਤ ਹੈ। ਬਾਜ਼ਾਰ ਵਿੱਚ ਇਸ ਸਮੇਂ 100 ਰੁਪਏ ਤੋਂ ਲੈ ਕੇ 20 ਹਜ਼ਾਰ ਤੱਕ ਦੇ ਚੂੜੇ ਮਿਲਦੇ ਹਨ।

ਪਹਿਲਾਂ ਚੂੜਾ ਹਾਥੀ ਦੰਦ ਦਾ ਬਣਾਇਆ ਜਾਂਦਾ ਸੀ ਪਰ ਹੁਣ ਨਕਲੀ ਹਾਥੀ ਦੰਦ, ਲਾਖ, ਪਲਾਸਟਿਕ ਤੇ ਹੋਰ ਸਮਾਨ ਦਾ ਬਣਾਇਆ ਜਾਂਦਾ ਹੈ। ਪੰਜਾਬ ਵਿਚ ਸੀਪਾਂ ਦਾ ਚੂੜਾ ਵੀ ਕਾਫ਼ੀ ਪ੍ਰਚਲਿਤ ਹੈ, ਜਦੋਂ ਕਿ ਰਾਜਸਥਾਨ ਵਿੱਚ ਲਾਖ ਦਾ ਚੂੜਾ ਬਣਾਇਆ ਜਾਂਦਾ ਹੈ। ਇਸੇ ਤਰਾਂ ਮੱਧ ਪ੍ਰਦੇਸ ਦੇ ਇੰਦੌਰ ਤੇ ਰਤਲਾਮ ਵਰਗੇ ਪ੍ਰਸਿੱਧ ਸ਼ਹਿਰਾਂ ਵਿੱਚ ਵੀ



ਚੂੜਾ ਕਾਫ਼ੀ ਪ੍ਰਚਲਿਤ ਹੈ, ਭਾਵੇਂ ਕਿ ਉਥੇ ਮਿਲਦੇ ਚੂੜੇ ਤੇ ਪੰਜਾਬ ਦੇ ਵਿੱਚ ਮਿਲਦੇ ਚੂੜੇ ਵਿੱਚ ਕੁੱਝ ਫਰਕ ਹੁੰਦਾ ਹੈ। ਜ਼ਿਆਦਾਤਰ ਚੂੜਾ ਕੱਚ ਦਾ ਵੀ ਬਣਾਇਆ ਜਾਂਦਾ ਹੈ। ਅੱਜ ਕੱਲ ਵੱਖ-ਵੱਖ ਚੀਜ਼ਾਂ ਨੂੰ ਮਿਲਾ ਕੇ ਬਣਾਏ ਚੂੜੇ ਵੀ ਪ੍ਰਚਲਿਤ ਹਨ। ਚੂੜੇ ਵਿੱਚ ਆਮ ਤੌਰ 'ਤੇ 21 ਚੂੜੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਲਾਲ ਹੁੰਦੀਆਂ ਹਨ। ਚੂੜੇ ਵਿਚ ਕਈ ਵਾਰ ਚੂੜੀਆਂ ਦੀ ਗਿਣਤੀ ਘੱਟ ਵੱਧ ਵੀ ਹੁੰਦੀ ਹੈ। ਹੁਣ ਤਾਂ ਵੱਖ ਵੱਖ ਰੰਗਾਂ ਦੇ ਚੂੜੇ ਪ੍ਰਚਲਿਤ ਹਨ।

ਵਿਆਹ ਮੌਕੇ ਦੁਲਹਨ ਨੂੰ ਚੂੜਾ ਉਸ ਦੇ ਮਾਮਿਆਂ ਵੱਲੋਂ ਪਾਇਆ ਜਾਂਦਾ ਹੈ। ਕਈ ਇਲਾਕਿਆਂ ਵਿੱਚ ਰਿਵਾਜ ਹੈ ਕਿ ਮਾਮਾ ਭਾਣਜੀ ਨੂੰ ਉਸ ਦੇ ਵਿਆਹ ਮੌਕੇ ਚੂੜਾ ਪਾਉਣ ਤੋਂ ਪਹਿਲਾਂ ਕੱਚੇ ਦੁੱਧ ਵਿੱਚ ਧੋਂਦਾ ਹੈ। ਕਈ ਇਲਾਕਿਆਂ ਵਿੱਚ ਚ ੜਾ ਰਾਤ ਸਮੇਂ ਕੱਚੇ ਦੁੱਧ ਵਿੱਚ ਭਿਊਂ ਕੇ ਰੱਖ ਦਿੰਦੇ ਹਨ ਅਤੇ ਫਿਰ ਸਵੇਰੇ ਅੰਮ੍ਰਿਤ ਵੇਲੇ ਲਾੜੀ ਦੇ ਮਾਮੇ ਵਲੋਂ ਲਾੜੀ ਦੀਆਂ ਗੋਰੀਆਂ ਬਾਂਹਾਂ ਵਿੱਚ ਲਾਲ ਤੇ ਚਿੱਟੀਆਂ ਚੂੜੀਆਂ ਵਾਲਾ ਚੂੜਾ ਪਾ ਦਿੱਤਾ ਜਾਂਦਾ ਹੈ। ਫਿਰ ਚੂੜਾ ਪਾਉਣ ਮੌਕੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ ਤੇ ਸ਼ਗਨ ਵੀ ਦਿੱਤਾ ਜਾਂਦਾ ਹੈ।

ਚੂੜੇ ਦੀ ਰਸਮ ਸਬੰਧੀ ਵਿਲੱਖਣ ਗਲ ਇਹ ਹੈ ਕਿ ਇਹ ਲਾੜੀ ਦੀਆਂ ਬਾਂਹਾਂ ਵਿੱਚ ਪਾਇਆ ਲਾੜੀ ਦੇ ਮਾਮੇ ਵੱਲੋਂ ਜਾਂਦਾ ਹੈ ਪਰ ਵਿਆਹ ਤੋਂ ਬਾਅਦ ਲਾੜੀ ਦੀਆਂ ਬਾਂਹਾਂ ਵਿਚੋਂ ਉਤਾਰਿਆ ਲਾੜੀ ਦੀ ਸੱਸ ਵੱਲੋਂ ਜਾਂਦਾ ਹੈ। ਕਈ ਵਾਰ ਚੂੜਾ ਸਵਾ ਮਹੀਨੇ ਬਾਅਦ , ਕਈ ਵਾਰ 6 ਮਹੀਨੇ ਜਾਂ ਇੱਕ ਸਾਲ ਬਾਅਦ ਵੀ ਚੂੜਾ ਉਤਾਰਿਆ ਜਾਂਦਾ ਹੈ। ਚੂੜਾ ਉਤਾਰਨ ਨੂੰ ਚੂੜਾ ਵਧਾਉਣਾ ਕਿਹਾ ਜਾਂਦਾ ਹੈ। ਹਰ ਸੁਹਾਗਣ ਹੀ ਚੂੜੇ ਨੂੰ ਸਾਂਭ ਸਾਂਭ ਰੱਖਦੀ ਹੈ। ਚੂੜਾ ਉਤਾਰਨ ਤੋਂ ਬਾਅਦ ਚੂੜੇ ਨੂੰ ਜਾਂ ਤਾਂ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ,ਕਈ ਵਾਰ ਉਸ ਨੂੰ ਅੱਗ ਵਿਚ ਸਾੜ ਦਿੱਤਾ ਜਾਂਦਾ ਹੈ ਜਾਂ ਉਸ ਨੂੰ ਪੇਟੀ ਵਿਚ ਸਾਂਭ ਲਿਆ ਜਾਂਦਾ ਹੈ।

ਕਈ ਇਲਾਕਿਆਂ ਵਿੱਚ ਲਾੜੀ ਦੇ ਵਿਆਹ ਤੋਂ ਸਵਾ ਮਹੀਨੇ ਜਾਂ ਸਵਾ ਸਾਲ ਬਾਅਦ ਕਿਸੇ ਨਦੀ ਜਾਂ ਨਹਿਰ ਦੇ ਕਿਨਾਰੇ ਇੱਕ ਵਿਸ਼ੇਸ਼ ਪੂਜਾ ਕਰਕੇ ਲਾੜੀ ਦੀਆਂ ਬਾਂਹਾਂ ਵਿਚੋਂ ਚੂੜਾ ਉਤਾਰਿਆ ਜਾਂਦਾ ਹੈ ਅਤੇ ਫਿਰ ਇਸ ਚੂੜੇ ਨੂੰ ਨਦੀ ਜਾਂ ਨਹਿਰ ਦੇ ਪਾਣੀ ਵਿੱਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ।

### ਹਰ ਮੁਟਿਆਰ ਦੇ ਸੁਹਾਗ ਦੀ ਨਿਸ਼ਾਨੀ ਹੁੰਦੈ ਚੂੜਾ



ਚੂੜਾ ਸੁਹਾਗਣ ਭਾਵ ਨਵਵਿਆਹੁਤਾ ਹੋਣ ਦੀ ਵੀ ਨਿਸ਼ਾਨੀ ਹੁੰਦਾ ਹੈ, ਚੂੜਾ ਕੰਤ ਦੀ ਭਲਾਈ ਲਈ ਪਾਇਆ ਜਾਂਦਾ ਦੱਸਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਚੂੜਾ ਪਹਿਨਣ ਨਾਲ ਲਾੜੀ ਦੇ ਨਵੇਂ ਵਸਾਏ ਜਾ ਰਹੇ ਘਰ ਵਿੱਚ ਸੁਖ ਸ਼ਾਂਤੀ, ਤਰੱਕੀ ਅਤੇ ਪਰਿਵਾਰ ਵਿੱਚ ਵਾਧਾ ਹੁੰਦਾ ਹੈ।

ਪੰਜਾਬ ਵਿੱਚ ਤਾਂ ਚੂੜਾ ਏਨਾ ਜਿਆਦਾ ਹਰਮਨ-ਪਿਆਰਾ ਹੈ ਕਿ ਕਈ ਸ਼ੌਕੀਨ ਲੋਕ ਆਪਣੀਆਂ ਗੱਡੀਆਂ ਨੂੰ ਵੀ ਚੂੜਾ ਪਾ ਦਿੰਦੇ ਹਨ ਭਾਵ ਗੱਡੀ ਵਿੱਚ ਸ਼ੀਸ਼ੇ ਕੋਲ ਲਮਕਾ ਦਿੰਦੇ ਹਨ। ਜਦੋਂ ਕੋਈ ਨਵੀਂ ਨਕੋਰ ਬੱਸ ਜਾਂ ਕਾਰ ਸੜਕ ਉਪਰ ਆਉਂਦੀ ਹੈ ਤਾਂ ਪਹਿਲੇ ਗੇੜੇ ਮੌਕੇ ਉਸ ਨੂੰ ਦੁਲਹਨ ਵਾਂਗ ਸ਼ਿੰਗਾਰਿਆ ਹੁੰਦਾ ਹੈ ਤੇ ਕਈ ਵਾਰ ਬੱਸ ਤੇ ਕਾਰ ਵਿੱਚ ਨਵਾਂ ਚੂੜਾ ਵੀ ਟੰਗਿਆ ਹੁੰਦਾ ਹੈ,ਹੁਣ ਤਾਂ ਕਈ ਨਵੀਆਂ ਕੋਠੀਆਂ ਵਿੱਚ ਵੀ ਚੂੜਾ ਛੱਤ ਨਾਲ ਜਾਂ ਕਿਸੇ ਹੋਰ ਥਾਂ ਕਿਸੇ ਸ਼ੋਅ ਪੀਸ ਵਾਂਗ ਟੰਗਿਆ ਵੇਖਿਆ ਜਾਂਦਾ ਹੈ, ਜੋ ਕਿ ਚੂੜੇ ਦੀ ਹਰਮਨ-ਪਿਆਰਾ ਵਿੱਚ ਵਾਧਾ ਕਰਦਾ ਹੈ।

ਇਹ ਪੰਜਾਬਣਾਂ ਹੀ ਹਨ, ਜਿਨ੍ਹਾਂ ਨੇ ਪੰਜਾਬ ਦੇ ਪੁਰਾਤਨ ਗੀਤ ਰਿਵਾਜਾਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਇਸੇ ਕਰਕੇ ਤਾਂ ਪੰਜਾਬਣਾਂ ਨੂੰ ਪੰਜਾਬ ਦੀ ਸ਼ਾਨ ਕਿਹਾ ਜਾਂਦਾ ਹੈ। ਆਪਣੇ ਇਤਿਹਾਸਕ ਵਿਰਸੇ ਨੂੰ ਕਾਇਮ ਰੱਖਣਾ ਪੰਜਾਬਣਾਂ ਦੀ ਵੱਡੀ ਵਡਿਆਈ ਹੈ।









# ਵਿੱਦਿਅਕ ਢਾਂਚੇ ਵਿੱਚ ਕੀ ਬਦਲਾਵ ਹੋਣਾ ਜ਼ਰੂਰੀ?



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ



ਜਦੋਂ ਅਸੀਂ ਮੌਜੂਦਾ ਵਿੱਦਿਅਕ ਢਾਂਚੇ ਦੀ ਅਲੋਚਨਾ ਪੇਸ਼ ਕਰਦੇ ਹਾਂ ਤਾਂ ਅਕਸਰ ਇਹ ਸਵਾਲ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ ਕਿ ਫਿਰ ਇਸ ਦਾ ਬਦਲ ਕੀ ਹੋਵੇ ? ਇਸ ਦੇ ਜੁਆਬ ਵਿੱਚ ਬਦਲਵੇਂ ਵਿੱਦਿਅਕ ਢਾਂਚੇ ਦੀ ਸੰਖੇਪ ਰੂਪ ਜੋ ਇੱਕ ਨਰੋਏ, ਖੁਸ਼ਹਾਲ ਤੇ ਉੱਨਤ ਸਮਾਜ ਲਈ ਜ਼ਰੂਰੀ ਹੈ।

ਬਦਲਵੀਂ ਵਿੱਦਿਅਕ ਪ੍ਰਣਾਲੀ ਦੇ ਦੋ ਪੱਖ ਹਨ। ਪਹਿਲਾ ਇਹ ਕਿ ਸਿੱਖਿਆ ਕਿਵੇਂ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ, ਭਾਵ ਪੂਰੇ ਵਿੱਦਿਅਕ ਢਾਂਚੇ ਦਾ ਰੂਪ ਕੀ ਹੋਣਾ ਚਾਹੀਦਾ ਹੈ। ਦੂਜਾ ਪੱਖ ਹੈ ਦਿੱਤੀ ਜਾਣ ਵਾਲ਼ੀ ਸਿੱਖਿਆ ਦਾ ਤੱਤ- ਭਾਵ ਦਿੱਤੀ ਜਾਣ ਵਾਲ਼ੀ ਸਿੱਖਿਆ ਕਿਹੋ ਜਿਹੀ ਹੋਵੇ, ਉਸ ਦਾ ਮਕਸਦ, ਟੀਚੇ ਕੀ ਹੋਣ।

### ਵਿੱਦਿਅਕ ਢਾਂਚੇ ਦਾ ਰੂਪ

1.) ਮੁਫ਼ਤ ਤੇ ਲਾਜ਼ਮੀ ਸਿੱਖਿਆ: ਰੋਟੀ, ਕੱਪੜਾ, ਮਕਾਨ ਤੋਂ ਬਾਅਦ ਅੱਜ ਸਿੱਖਿਆ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਸਿੱਖਿਆ ਸਮਾਜ ਲਈ ਨੀਂਹ ਦਾ ਕੰਮ ਕਰਦੀ ਹੈ ਤੇ ਇਸ ਨੀਂਹ ਦੀ ਸੁਚੱਜੀ ਉਸਾਰੀ ਸਰਕਾਰ ਦੇ ਮੁੱਢਲੇ ਫਰਜ਼ਾਂ ਵਿੱਚੋਂ ਇੱਕ ਹੈ। ਇਸ ਫਰਜ਼ ਦੀ ਪੂਰਤੀ ਲਈ ਸਰਕਾਰ ਸਮਾਜ ਤੋਂ ਟੈਕਸ ਇਕੱਠਾ ਕਰਦੀ ਹੈ ਜਿਸ ਨਾਲ਼ ਇਹ ਸਭ ਨੂੰ ਸਿੱਖਿਆ ਦੇਣ ਦਾ ਖਰਚਾ ਚੱਕ ਸਕਦੀ ਹੈ। ਇਸ ਲਈ ਸਭ ਨੂੰ ਸਰਕਾਰ ਵੱਲੋਂ ਮੁਫ਼ਤ ਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਕੋਈ ਵੀ ਇਸ ਹੱਕ ਤੋਂ ਵਾਂਝਾ ਨਾ ਰਹੇ ਤੇ ਨਾ ਹੀ ਕਿਸੇ ਤਰ੍ਹਾਂ ਦੇ ਰਾਖਵੇਂਕਰਨ ਜਾਂ ਵਿਸ਼ੇਸ਼ ਹੱਕਾਂ ਦੀ ਕੋਈ ਜ਼ਰੂਰਤ ਪਵੇ।

2.) **ਦੂਹਰੀ ਵਿੱਦਿਅਕ ਪ੍ਰਣਾਲੀ ਦੀ ਥਾਂ ਇਕਸਾਰ ਸਿੱਖਿਆ:** ਦੂਹਰੀ ਵਿੱਦਿਅਕ ਪ੍ਰਣਾਲੀ ਤੋਂ ਭਾਵ ਹੈ ਜ਼ਮੀਨ-ਅਸਮਾਨ ਦੇ ਫਰਕ ਵਾਲ਼ੀਆਂ ਵਿੱਦਿਅਕ ਸੰਸਥਾਵਾਂ ਤੇ ਸਹੂਲਤਾਂ ਵਾਲ਼ੀ ਸਿੱਖਿਆ। ਇੱਕ ਪਾਸੇ ਗਰੀਬਾਂ ਲਈ ਮਾੜੇ, ਘੱਟ ਸਹੂਲਤਾਂ ਵਾਲ਼ੇ ਸਕੂਲ, ਕਾਲਜ ਹਨ ਜਿੱਥੇ ਅਧਿਆਪਕਾਂ, ਕਮਰਿਆਂ, ਬੈਂਚ, ਸਾਫ਼ ਪਾਣੀ ਤੇ ਪਖ਼ਾਨੇ ਵਰਗੀਆਂ ਸਹੂਲਤਾਂ ਵੀ ਢੰਗ ਨਾਲ਼ ਉਪਲਬਧ ਨਹੀਂ ਹਨ ਤੇ ਦੂਜੇ ਪਾਸੇ ਅਮੀਰਾਂ ਲਈ ਅਜਿਹੇ ਸਕੂਲ ਹਨ ਜਿੱਥੇ ਵਿਦਿਆਰਥੀ ਆਧੁਨਿਕ ਸਮਾਜ ਦੀਆਂ ਸਭ ਸਹੂਲਤਾਂ ਮਾਣਦੇ ਹਨ। ਭਾਰਤ ਵਿੱਚ ਇੱਕ ਪਾਸੇ ਅਜਿਹੇ ਸਕੂਲ ਵੀ ਹਨ ਜਿੱਥੇ ਵਿਦਿਆਰਥੀਆਂ ਲਈ ਪੂਰੇ ਕਮਰੇ ਵੀ ਨਹੀਂ ਹਨ ਤੇ ਦੂਜੇ ਪਾਸੇ ਅਜਿਹੇ ਸਕੂਲ ਵੀ ਹਨ ਜਿਹੜੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਘੁਮਾਉਣ ਲਿਜਾਂਦੇ ਹਨ। ਇਹ ਦੂਹਰੇ ਮਿਆਰ ਵਾਲ਼ੀ ਸਿੱਖਿਆ ਖਤਮ ਹੋਣੀ ਚਾਹੀਦੀ ਹੈ ਤੇ ਸਭ ਨੂੰ ਇਕਸਾਰ, ਮਿਆਰੀ ਤੇ ਚੰਗੀਆਂ ਸਹੂਲਤਾਂ ਵਾਲ਼ੀ ਸਿੱਖਿਆ ਮਿਲਣੀ ਚਾਹੀਦੀ ਹੈ।

3.) **ਸਿੱਖਿਆ ਦਾ ਨਿੱਜੀਕਰਨ, ਵਪਾਰੀਕਰਨ ਬੰਦ ਹੋਵੇ:** ਸਿੱਖਿਆ ਨੂੰ ਇੱਕ ਜਿਣਸ ਵਾਂਗ ਵੇਚਣਾ, ਖ਼ਰੀਦਣਾ ਤੇ ਇਸ ਰਾਹੀਂ ਮੁਨਾਫ਼ਾ ਕਮਾਉਣਾ ਬੰਦ ਹੋਣਾ ਚਾਹੀਦਾ ਹੈ ਤੇ ਸਰਕਾਰ ਨੂੰ ਸਿੱਖਿਆ ਦਾ ਪੂਰਾ ਖ਼ਰਚਾ ਚੁੱਕਣਾ ਚਾਹੀਦਾ ਹੈ। ਪੂਰਾ ਵਿੱਦਿਅਕ ਢਾਂਚਾ ਸਰਕਾਰੀ ਹੋਣਾ ਚਾਹੀਦਾ ਹੈ ਤੇ ਕੋਈ ਵੀ ਪ੍ਰਾਈਵੇਟ ਸਕੂਲ, ਕਾਲਜ, ਯੂਨੀਵਰਸਿਟੀ ਆਦਿ ਨਹੀਂ ਹੋਣੀ ਚਾਹੀਦੀ। ਸਿੱਖਿਆ ਦਾ ਨਿੱਜੀਕਰਨ ਦੂਹਰੇ ਮਿਆਰ ਵਾਲ਼ੀ ਵਿੱਦਿਅਕ ਪ੍ਰਣਾਲੀ ਨੂੰ ਜਨਮ ਦਿੰਦਾ ਹੈ ਤੇ ਸਮਾਜ ਦੇ ਇੱਕ ਹਿੱਸੇ ਤੋਂ ਸਿੱਖਿਆ ਦਾ ਹੱਕ ਖੋਹ ਲੈਂਦਾ ਹੈ। ਇਹ ਸਮਾਜ ਵਿਚਲੀ ਗੈਰ-ਬਰਾਬਰੀ ਨੂੰ ਖਤਮ ਕਰਨ ਦੀ ਥਾਂ ਇਸ ਗੈਰ-ਬਰਾਬਰੀ ਆਸਰੇ ਪਲ਼ਦਾ ਤੇ ਉਸ ਨੂੰ ਵਧਾਉਂਦਾ ਹੈ।

4.) **ਸਿੱਖਿਆ ਸੰਸਥਾਵਾਂ ਦਾ ਜਮਹੂਰੀਕਰਨ:** ਮੌਜੂਦਾ ਵਿੱਦਿਅਕ ਢਾਂਚੇ ਵਿੱਚ ਸਿੱਖਿਆ ਸਬੰਧੀ ਫ਼ੈਸਲੇ ਵਿਦਿਆਰਥੀਆਂ ਉੱਪਰ ਬਿਨ੍ਹਾਂ ਉਹਨਾਂ ਦੀ ਸਲਾਹ ਲਏ ਥੋਪੇ ਜਾਂਦੇ ਹਨ। ਹੋਣਾ ਇਹ ਚਾਹੀਦਾ ਹੈ ਕਿ ਵਿੱਦਿਅਕ ਸੰਸਥਾਵਾਂ ਤੇ ਸਿੱਖਿਆ ਨੀਤੀ ਵਿੱਚ ਵਿਦਿਆਰਥੀਆਂ ਦੀ ਨਾ ਸਿਰਫ਼ ਰਾਇ ਲਈ ਜਾਵੇ ਸਗੋਂ ਉਹਨਾਂ ਨੂੰ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਵੀ ਹਿੱਸਾ ਦਿੱਤਾ ਜਾਵੇ। ਇਸ ਤੋਂ ਇਲਾਵਾ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਆਪਣੀ ਸਿਆਸੀ, ਸਮਾਜਿਕ, ਸੱਭਿਆਚਾਰਕ ਸਰਗਰਮੀਆਂ ਕਰਨ ਦਾ ਜਮਹੂਰੀ ਹੱਕ ਹੋਣਾ ਚਾਹੀਦਾ ਹੈ।

### ਸਿੱਖਿਆ ਦਾ ਤੱਤ

1) ਸਿੱਖਿਆ ਦਾ ਮਾਧਿਅਮ ਮਾਂ-ਬੋਲੀ ਹੋਵੇ: ਵਿਗਿਆਨਕ ਤੇ ਪ੍ਰਮਾਣਿਤ ਸਿਧਾਂਤਾਂ ਮੁਤਾਬਕ ਸਿੱਖਿਆ ਦਾ ਮਾਧਿਅਮ ਸਿਰਫ਼ ਵਿਦਿਆਰਥੀ ਦੀ ਮਾਂ-ਬੋਲੀ ਹੀ ਹੋਣਾ ਚਾਹੀਦਾ ਹੈ ਕਿਉਂਕਿ ਮਾਂ-ਬੋਲੀ ਹੀ ਸਮਝਣ, ਸਿੱਖਣ, ਸੋਚਣ, ਕਲਪਨਾ ਕਰਨ ਤੇ ਕੁੱਝ ਨਵਾਂ ਖੋਜਣ ਦਾ ਸਭ ਤੋਂ ਵਧੀਆ ਸਾਧਨ ਹੈ। ਦੂਜੀਆਂ ਜਾਂ ਵਿਦੇਸ਼ੀ ਭਾਸ਼ਾਵਾਂ ਨੂੰ ਇੱਕ ਖਾਸ ਉਮਰ ਤੋਂ ਬਾਅਦ ਸਿਰਫ਼ ਇੱਕ ਚੋਣਵੇਂ ਵਿਸ਼ੇ ਵਜੋਂ ਹੀ ਪੜ੍ਹਾਇਆ ਜਾਣਾ ਚਾਹੀਦਾ ਹੈ। ਚੋਣਵੇਂ ਵਿਸ਼ੇ ਤੋਂ ਭਾਵ ਹੈ ਕਿ ਹੋਰ ਕਿਹੜੀ ਭਾਸ਼ਾ ਸਿੱਖਣੀ ਹੈ, ਜਾਂ ਕੋਈ ਹੋਰ ਭਾਸ਼ਾ ਨਹੀਂ ਵੀ ਸਿੱਖਣੀ, ਇਹ ਫੈਸਲਾ ਪੂਰੀ ਤਰ੍ਹਾਂ ਵਿਦਿਆਰਥੀਆਂ ਦਾ ਹੋਣਾ ਚਾਹੀਦਾ ਹੈ।

2) **ਵਿਗਿਆਨਕ, ਜਮਹੂਰੀ ਤੇ ਸਮਾਜਵਾਦੀ ਕਦਰਾਂ ਵਾਲ਼ੀ ਸਿੱਖਿਆ:** ਸਿੱਖਿਆ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਹਰ ਤਰ੍ਹਾਂ ਦੀਆਂ ਗੈਰ ਵਿਗਿਆਨਕ, ਗੈਰ-ਜਮਹੂਰੀ, ਰੂੜ੍ਹੀਵਾਦੀ ਧਾਰਨਾਵਾਂ ਨੂੰ ਖਤਮ ਕਰਕੇ ਵਿਗਿਆਨਕ, ਜਮਹੂਰੀ ਤੇ ਸਮਾਜਵਾਦੀ ਕਦਰਾਂ ਸਥਾਪਿਤ ਕਰੇ। ਇਹ ਵਿਦਿਆਰਥੀਆਂ 'ਚੋਂ ਜਾਤ-ਪਾਤ, ਔਰਤਾਂ ਵਿਰੋਧੀ ਮਾਨਸਿਕਤਾ ਖਤਮ ਕਰੇ; ਉਹਨਾਂ ਨੂੰ ਹਰ ਤਰ੍ਹਾਂ ਦੇ ਜਮਾਤੀ, ਧਾਰਮਿਕ, ਕੌਮੀ, ਨਸਲੀ, ਖੇਤਰੀ ਤੇ ਭਾਸ਼ਾਈ ਆਦਿ ਲੁੱਟ, ਜਬਰ ਤੇ ਬੇਇਨਸਾਫ਼ੀ ਖ਼ਿਲਾਫ਼ ਜੂਝਣ ਲਈ ਪ੍ਰੇਰਿਤ ਕਰੇ; ਉਹਨਾਂ ਵਿੱਚ ਖ਼ੁਦਗਰਜ਼ੀ, ਮੁਨਾਫ਼ੇਖ਼ੋਰੀ, ਸੰਵੇਦਨ ਹੀਣਤਾ ਦੀਆਂ ਸਰਮਾਏਦਾਰਾਂ ਕਦਰਾਂ ਦੀ ਥਾਂ ਬਰਾਬਰੀ, ਭਾਈਚਾਰੇ ਤੇ ਸੰਵੇਦਨਸ਼ੀਲਤਾ ਜਿਹੀਆਂ ਸਮਾਜਵਾਦੀ ਕਦਰਾਂ ਭਰੇ।

3) **ਸਿੱਖਿਆ ਧਰਮ-ਨਿਰਲੇਪ ਹੋਵੇ:** ਧਰਮ ਹਰ ਨਾਗਰਿਕ ਦਾ ਨਿੱਜੀ ਮਸਲਾ ਹੈ ਤੇ ਹਰ ਨਾਗਰਿਕ ਨੂੰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਹੱਕ ਹੋਣਾ ਚਾਹੀਦਾ ਹੈ ਪਰ ਸਿੱਖਿਆ ਇੱਕ ਸਮਾਜਿਕ ਮਸਲਾ ਹੈ ਤੇ ਇਸ ਨੂੰ ਧਰਮ ਨਾਲ਼ੋਂ ਅਲੱਗ ਰੱਖਣਾ ਚਾਹੀਦਾ ਹੈ। ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਧਰਮ ਦੇ ਹੋਂਦ 'ਚ ਆਉਣ, ਇਸ ਦੇ ਪੈਦਾ ਹੋਣ ਦੇ ਸਮਾਜਿਕ ਕਾਰਨਾਂ ਨੂੰ ਸਮਝਣਾ, ਧਰਮ ਦੀ ਇਤਿਹਾਸਕ ਭੂਮਿਕਾ ਅਤੇ ਸੰਭਾਵੀ ਭਵਿੱਖ ਆਦਿ ਨੂੰ ਵਿਗਿਆਨਕ ਨਜ਼ਰੀਏ ਨਾਲ਼ ਸਮਝਣਾ ਤਾਂ ਸਿੱਖਿਆ ਦਾ ਹਿੱਸਾ ਬਣ ਸਕਦਾ ਹੈ। ਪਰ ਕਿਸੇ ਵੀ ਵਿਸ਼ੇਸ਼ ਧਰਮ ਦੀਆਂ ਮਾਨਤਾਵਾਂ, ਨਜ਼ਰੀਏ ਨੂੰ ਸਿੱਖਿਆ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਤੇ ਧਾਰਮਿਕ ਰਸਮਾਂ ਨੂੰ ਵੀ ਵਿੱਦਿਅਕ ਅਦਾਰਿਆਂ ਤੋਂ ਪਾਸੇ ਰੱਖਣਾ ਚਾਹੀਦਾ ਹੈ। ਇਸ ਨਾਲ਼ ਸਿੱਖਿਆ ਦੇ ਭਗਵੇਂਕਰਨ ਆਦਿ ਦਾ ਰਾਹ ਖੁੱਲ੍ਹਦਾ ਹੈ। ਕਿਸੇ ਵਿਸ਼ੇਸ਼ ਧਰਮ ਨੂੰ ਸਿੱਖਿਆ ਦਾ ਹਿੱਸਾ ਬਣਾਉਣਾ ਹੋਰ ਧਰਮਾਂ ਨੂੰ ਮੰਨਣ ਵਾਲ਼ਿਆਂ ਜਾਂ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲ਼ਿਆਂ ਨਾਲ਼ ਬੇਇਨਸਾਫ਼ੀ ਹੈ। ਇੱਛਿਤ ਵਿਅਕਤੀ ਨੂੰ ਆਪਣੇ ਧਰਮ ਦੀ ਸਿੱਖਿਆ ਧਰਮ ਨਾਲ਼ ਸਬੰਧਿਤ ਸੰਸਥਾਵਾਂ ਵਿੱਚ ਹੀ ਮਿਲਣੀ ਚਾਹੀਦੀ ਹੈ।

4) ਬੱਚੇ ਦਾ ਸਰਬਪੱਖੀ ਵਿਕਾਸ ਸਿੱਖਿਆ ਦਾ ਕੇਂਦਰ ਹੋਵੇ: ਸਿੱਖਿਆ ਦਾ ਮਕਸਦ ਬੱਚਿਆਂ ਦਾ ਸਰਬਪੱਖੀ ਵਿਕਾਸ ਕਰਨਾ ਹੋਣਾ ਚਾਹੀਦਾ ਹੈ। ਸਰਬਪੱਖੀ ਵਿਕਾਸ ਤੋਂ ਭਾਵ ਹੈ ਕਿ ਹਰ ਬੱਚੇ ਨੂੰ ਗਿਆਨ ਦੇਣ ਦੇ ਨਾਲ਼ ਉਸ ਅੰਦਰਲੀਆਂ ਸੰਭਾਵਨਾਵਾਂ, ਸਮਰੱਥਾਵਾਂ ਨੂੰ ਵਿਕਸਤ ਕਰਨਾ ਤੇ ਉਸ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਪ੍ਰਫੁੱਲਿਤ ਕਰਨਾ। ਸਿੱਖਿਆ ਨਾ ਸਿਰਫ਼ ਬੱਚਿਆਂ ਨੂੰ ਗਿਆਨਵਾਨ, ਚਿੰਤਨਸ਼ੀਲ ਬਣਾਵੇ ਸਗੋਂ ਉਹਨਾਂ ਅੰਦਰ ਹਮਦਰਦੀ, ਸੰਵੇਦਨਸ਼ੀਲਤਾ ਤੇ ਭਾਈਚਾਰੇ ਵਰਗੇ ਗੁਣਾਂ ਦਾ ਵਿਕਾਸ ਕਰੇ ਤੇ ਉਹਨਾਂ ਦੀਆਂ ਵਿਸ਼ੇਸ਼ ਰੁਚੀਆਂ, ਸਮਰੱਥਾਵਾਂ ਨੂੰ ਉਜਾਗਰ ਕਰੇ। ਇਹ ਉਹਨਾਂ ਨੂੰ ਸਮਾਜ ਵਿਚਲੀ ਆਪਣੀ ਭੂਮਿਕਾ ਤੇ ਸਮਾਜ ਪ੍ਰਤੀ ਉਹਨਾਂ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਜਾਣੂ ਕਰਵਾਏ।

5) **ਮੁਕਾਬਲੇਬਾਜ਼ੀ ਤੇ ਘੋਟਾ ਲਾਊ ਪ੍ਰਣਾਲੀ ਨੂੰ ਖ਼ਤਮ ਕਰਨਾ:** ਮੌਜੂਦਾ ਸਿੱਖਿਆ ਸਿਰਫ਼ ਰੁਜ਼ਗਾਰ ਹਾਸਲ ਕਰਨ ਦਾ ਵਸੀਲਾ ਹੈ। ਰੁਜ਼ਗਾਰ ਸੀਮਤ ਹੋਣ ਕਾਰਨ ਸ਼ੁਰੂ ਤੋਂ ਹੀ ਵਿਦਿਆਰਥੀ ਵੱਧ ਨੰਬਰਾਂ ਦੀ ਮੁਕਾਬਲੇਬਾਜ਼ੀ ਵਿੱਚ ਪੈਣ ਲਈ ਮਜਬੂਰ ਹੋ ਜਾਂਦੇ ਹਨ। ਇਸ ਕਰਕੇ ਮੌਜੂਦਾ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਸੰਵੇਦਨਸ਼ੀਲ, ਸੂਝਵਾਨ, ਚਿੰਤਨਸ਼ੀਲ ਬਣਾਉਣ, ਉਹਨਾਂ ਦੀਆਂ ਸਮਰੱਥਾਵਾਂ ਨੂੰ ਉਘਾੜਨ, ਉਹਨਾਂ ਦੀ ਸ਼ਖ਼ਸੀਅਤ ਦਾ ਵਿਕਾਸ (**ਬਾਕੀ ਸਫ਼ਾ 31 'ਤੇ**)

## ਰੈਗਿੰਗ ਬਣੀ ਸਰਾਪ

# ਬੱਚਿਆਂ ਨੂੰ ਜਾਨਲੇਵਾ ਰੈਗਿੰਗ ਤੋਂ ਬਚਾਉਣ ਦੀ ਲੋੜ

ਜੇਕਰ ਤੁਹਾਡੇ ਬੱਚੇ ਵੀ ਕਾਲਜ ਜਾ ਰਹੇ ਹਨ ਤਾਂ ਤੁਹਾਨੂੰ ਚੌਕਸ ਰਹਿਣਾ ਪਵੇਗਾ। ਕਾਲਜ ਸ਼ੁਰੂ ਹੁੰਦੇ ਹੀ ਰੈਗਿੰਗ ਸ਼ੁਰੂ ਹੋ ਜਾਂਦੀ ਹੈ। ਫਰੈਸ਼ਰਾਂ ਨੂੰ ਰੈਗਿੰਗ ਵਿੱਚੋਂ ਲੰਘਣਾ ਪੈਂਦਾ ਹੈ, ਜਿਸ ਵਿੱਚ ਕਾਲਜ ਦੇ ਸੀਨੀਅਰਜ਼ ਫਰੈਸ਼ਰਾਂ ਨਾਲ ਮੋਢੇ ਨਾਲ ਮੋਢਾ ਜੋੜਦੇ ਹਨ। ਸਹੀ ਅਰਥਾਂ ਵਿੱਚ ਰੈਗਿੰਗ ਦਾ ਮਤਲਬ ਹੈ ਸੀਨੀਅਰ ਵਿਦਿਆਰਥੀਆਂ ਅਤੇ ਪੁਰਾਣੇ ਵਿਦਿਆਰਥੀਆਂ ਵਿਚਕਾਰ ਗੈਰ ਰਸਮੀ ਮੁਲਾਕਾਤ ਤਾਂ ਜੋ ਉਹ ਇਕ ਦੂਜੇ ਨੂੰ ਜਾਣ ਸਕਣ ਪਰ ਪਿਛਲੇ ਕੁਝ ਸਾਲਾਂ ਵਿੱਚ ਰੈਗਿੰਗ ਦਾ ਇਕ ਨਵਾਂ ਰੂਪ ਸਾਹਮਣੇ ਆਇਆ ਹੈ।

ਰੈਗਿੰਗ ਦੇ ਨਾਂ 'ਤੇ ਨਵੇਂ ਬੱਚਿਆਂ ਨਾਲ ਤਸ਼ੱਦਦ ਹੁੰਦਾ ਹੈ। ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਮਾਨਸਿਕ ਅਤੇ ਸਰੀਰਕ ਪੀੜ ਦੇਣ ਲੱਗ ਜਾਂਦੇ ਹਨ। ਉਨ੍ਹਾਂ ਨਾਲ ਉਹ ਕੰਮ ਕਰਨ ਲੱਗ ਜਾਂਦੇ ਹਨ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਨਵੇਂ ਵਿਦਿਆਰਥੀ ਬਹੁਤ ਸਾਰੀਆਂ ਉਮੀਦਾਂ ਨਾਲ ਕਾਲਜ ਜਾਂਦੇ ਹਨ ਪਰ ਜਦੋਂ ਰੈਗਿੰਗ ਦੇ ਨਾਂ 'ਤੇ ਉਨ੍ਹਾਂ ਦਾ ਸ਼ੋਸ਼ਣ ਹੁੰਦਾ ਹੈ ਤਾਂ ਇਹ ਉਨ੍ਹਾਂ ਦੇ ਦਿਲਾਂ-ਦਿਮਾਗ਼ਾਂ 'ਤੇ ਬਹੁਤ ਬੁਰਾ ਅਸਰ ਪਾਉਂਦਾ ਹੈ। ਨਵੇਂ ਕਾਲਜ ਬਾਰੇ ਨਵੇਂ ਸੁਪਨੇ ਬੁਣ ਰਹੇ ਬੱਚੇ ਇਸ ਰੈਗਿੰਗ ਕਾਰਨ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ ਅਤੇ ਕਈ ਵਾਰ ਖੁਦਕੁਸ਼ੀ ਵਰਗੇ ਮਾਮਲੇ ਸਾਹਮਣੇ ਆਉਣ ਲੱਗ ਪੈਂਦੇ ਹਨ।

ਪਿਛਲੇ ਦਿਨੀਂ ਕੋਲਕਾਤਾ 'ਚ ਰੈਗਿੰਗ ਕਾਰਨ ਇਕ ਵਿਦਿਆਰਥੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਪੱਛਮੀ ਬੰਗਾਲ ਦੀ ਜਾਦਵਪੁਰ ਯੂਨੀਵਰਸਿਟੀ ਦਾ ਹੈ। ਪਹਿਲੇ ਸਾਲ ਦੇ ਵਿਦਿਆਰਥੀ ਦੀ ਦੂਜੀ ਮੰਜ਼ਿਲ ਤੋਂ ਡਿੱਗ ਕੇ ਮੌਤ ਹੋ ਗਈ। ਜਦੋਂ ਜਾਂਚ ਸ਼ੁਰੂ ਕੀਤੀ ਗਈ ਤਾਂ ਪਤਾ ਲੱਗਾ ਕਿ ਇਸ ਵਿਦਿਆਰਥੀ ਨਾਲ ਰੈਗਿੰਗ ਹੋਈ ਸੀ। ਸਵਪਨਦੀਪ ਸਿਰਫ 18 ਸਾਲ ਦਾ ਸੀ। ਉਸ ਨੇ ਇਸ ਕਾਲਜ ਵਿੱਚ ਦਾਖ਼ਲਾ ਲਿਆ, ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਨਵੀਂ ਉਡਾਣ ਭਰੀ, ਪਰ ਰੈਗਿੰਗ ਨੇ ਉਸ



ਦੀ ਜੀਵਨ ਲੀਲਾ ਸਮਾਪਤ ਕਰ ਲਈ। ਖ਼ਬਰਾਂ ਆ ਰਹੀਆਂ ਹਨ ਕਿ ਸਵਪਨਦੀਪ ਨਾਲ ਦੋ ਘੰਟੇ ਤੱਕ ਰੈਗਿੰਗ ਕੀਤੀ ਗਈ ਜਿਸ ਵਿੱਚ ਉਸ ਨਾਲ ਇਤਰਾਜ਼ ਯੋਗ ਗੱਲਾਂ ਕਹੀਆਂ ਗਈਆਂ। ਉਸ ਨੂੰ ਆਪਣੇ ਵਾਲ ਕੱਟਣ ਲਈ ਮਜਬੂਰ ਕੀਤਾ ਗਿਆ। ਇਸ ਮਾਮਲੇ 'ਚ 2 ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਾਂ ਜਿਨ੍ਹਾਂ ਨੇ ਉਸ ਨਾਲ ਰੈਗਿੰਗ ਕੀਤੀ ਸੀ। ਅਜੇ ਤੱਕ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਖੁਦਕੁਸ਼ੀ ਹੈ ਜਾਂ ਕਤਲ।

ਰਾਜਸਥਾਨ ਦੇ ਸੀਕਰ ਵਿੱਚ ਇੱਕ ਮੈਡੀਕਲ ਸਟੂਡੈਂਟ ਨਾਲ ਰੈਗਿੰਗ ਹੋਣ ਦੀ ਖ਼ਬਰ ਹੈ। ਸ੍ਰੀ ਕਲਿਆਣ ਮੈਡੀਕਲ ਕਾਲਜ ਵਿੱਚ ਪਹਿਲੇ ਸਾਲ ਦੇ ਵਿਦਿਆਰਥੀ ਹਨੀਮੇਸ਼ ਦੀ ਮੌਤ ਹੋ ਗਈ ਸੀ। ਪਰਿਵਾਰਕ ਮੈਂਬਰਾਂ ਨੇ ਇਸ ਨੂੰ ਰੈਗਿੰਗ ਕਾਰਨ ਹੋਇਆ ਕਤਲ ਦੱਸਿਆ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੀਨੀਅਰ ਵਿਦਿਆਰਥੀ ਉਨ੍ਹਾਂ ਦੇ ਲੜਕੇ ਨੂੰ ਆਪਣੇ ਕਮਰੇ ਵਿੱਚ ਸ਼ਰਾਬ, ਕੰਡੋਮ ਅਤੇ ਹੋਰ ਇਤਰਾਜ਼ ਯੋਗ ਚੀਜ਼ਾਂ ਰੱਖਣ ਲਈ ਮਜਬੂਰ ਕਰਦੇ ਸਨ। ਉਹ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ ਸਨ।

ਰੈਗਿੰਗ ਦੀਆਂ ਅਜਿਹੀਆਂ ਕਈ ਡਰਾਉਣੀਆਂ ਕਹਾਣੀਆਂ ਹਾਸੇ ਨਾਲ ਖੇਡਦੇ ਬੱਚਿਆਂ ਦੀ ਜ਼ਿੰਦਗੀ ਬਰਬਾਦ ਕਰ ਦਿੰਦੀਆਂ ਹਨ। ਕਈ ਬੱਚੇ ਡਿਪ੍ਰੈਸ਼ਨ ਵਿੱਚ ਚਲੇ ਜਾਂਦੇ ਹਨ, ਜਦੋਂ ਕਿ ਕਈ ਮੌਤ ਨੂੰ ਗਲੇ ਲਗਾ ਲੈਂਦੇ ਹਨ। ਪਹਿਲਾ ਸਾਲ ਕਾਲਜ ਦਾ ਪਹਿਲਾ ਕਦਮ ਹੁੰਦਾ ਹੈ ਅਤੇ ਜਦੋਂ ਉਨ੍ਹਾਂ ਨੂੰ ਪਹਿਲੇ ਕਦਮ 'ਤੇ ਹੀ ਅਜਿਹੀਆਂ ਚੀਜ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਹ ਉਨ੍ਹਾਂ ਦੇ ਦਿਮਾਗ ਨੂੰ ਨਕਾਰਾਤਮਕਤਾ ਨਾਲ ਭਰ ਦਿੰਦਾ ਹੈ। ਜੇਕਰ ਤੁਹਾਡੇ ਬੱਚੇ ਨੇ ਕਾਲਜ ਜਾਣਾ ਸ਼ੁਰੂ ਕੀਤਾ ਹੈ ਤਾਂ ਇਨ੍ਹਾਂ ਗੱਲਾਂ ਵੱਲ ਧਿਆਨ ਦਿਓ ਅਤੇ ਆਪਣੇ ਬੱਚੇ ਨੂੰ ਰੈਗਿੰਗ ਦੇ ਜ਼ਹਿਰ ਤੋਂ ਬਚਾਓ।

1. ਜੇਕਰ ਤੁਹਾਡਾ ਬੱਚਾ ਹੋਸਟਲ ਵਿੱਚ ਰਹਿ ਰਿਹਾ ਹੈ, ਤਾਂ ਉਸ ਨਾਲ ਨਿਯਮਿਤ ਤੌਰ 'ਤੇ ਫ਼ੋਨ 'ਤੇ ਗੱਲ ਕਰੋ, ਸੰਭਵ ਤੌਰ 'ਤੇ ਸ਼ੁਰੂਆਤੀ ਘੰਟਿਆਂ ਵਿੱਚ ਉਸ ਨੂੰ ਮਿਲਦੇ ਰਹੋ।
2. ਬੱਚੇ ਦੇ ਵਿਵਹਾਰ 'ਤੇ ਧਿਆਨ ਦਿਓ, ਜੇਕਰ ਤੁਹਾਨੂੰ ਲੱਗਦਾ ਹੈ ਕਿ ਬੱਚਾ ਚੁੱਪ ਰਹਿਣ ਲੱਗ ਪਿਆ ਹੈ ਤਾਂ ਇਸ ਨੂੰ ਗੰਭੀਰਤਾ ਨਾਲ ਲਓ।
3. ਬੱਚੇ ਨੂੰ ਹਮੇਸ਼ਾ ਅਧਿਆਪਕਾਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰੋ ਤਾਂ ਜੋ ਉਸ ਨੂੰ ਕੋਈ ਸਮੱਸਿਆ ਹੋਵੇ ਤਾਂ ਉਹ ਅਧਿਆਪਕਾਂ ਨੂੰ ਦੱਸ ਸਕੇ।
4. ਆਪਣੇ ਬੱਚੇ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਅਤੇ ਹੋ ਸਕੇ ਤਾਂ ਉਨ੍ਹਾਂ ਨਾਲ ਵੀ ਗੱਲ ਕਰਦੇ ਰਹੋ।
5. ਉਨ੍ਹਾਂ ਨੂੰ ਰੈਗਿੰਗ ਲਈ ਪਹਿਲਾਂ ਤੋਂ ਤਿਆਰ ਕਰੋ ਅਤੇ ਦੱਸੋ ਕਿ ਜੇਕਰ ਕੋਈ ਗਲਤ ਰੈਗਿੰਗ ਕਰਦਾ ਹੈ ਤਾਂ ਇਸ ਬਾਰੇ ਅਧਿਆਪਕਾਂ ਨੂੰ ਸੂਚਿਤ ਕਰੋ।

# ਵਿਦਿਆਰਥੀਆਂ ਦੇ ਪਰਵਾਸ ਦਾ ਪੰਜਾਬ ’ਤੇ ਕੀ ਪਵੇਗਾ ਪ੍ਰਭਾਵ?





ਸੁੱਚਾ ਸਿੰਘ ਗਿੱਲ

ਕਿਹਾ ਜਾਂਦਾ ਹੈ ਕਿ ‘ਤਬਦੀਲੀ ਕੁਦਰਤ ਦਾ ਨਿਯਮ ਹੈ’, ਇਸ ਪ੍ਰਸੰਗ ਵਿੱਚ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਪੰਜਾਬ ’ਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਬਣਦਾ ਹੈ।

ਪੰਜਾਬ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਇਹ ਮੁੱਖ ਤੌਰ ’ਤੇ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ ਆਦਿ ਪੱਛਮੀ ਦੇਸ਼ਾਂ ਦੇ ਕਾਲਜਾਂ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਂਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਇਨ੍ਹਾਂ ਵਿਦਿਆਰਥੀਆਂ ਨੂੰ ਪਹਿਲਾਂ ਦੇ ਮੁਕਾਬਲੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ, ਪਰਿਵਾਰਾਂ, ਆਰਥਿਕਤਾ, ਪ੍ਰਸ਼ਾਸਨ ਅਤੇ ਸਭਿਆਚਾਰ ’ਤੇ ਪ੍ਰਭਾਵ ਪੈ ਰਿਹਾ ਹੈ। ਇਨ੍ਹਾਂ ਮਸਲਿਆਂ ਬਾਰੇ ਵਿਚਾਰਾਂ ਨੂੰ ਸਰਲਤਾ ਵਾਸਤੇ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਭਾਗ ਵਿਦਿਆਰਥੀਆਂ ਦੀ ਵਿਦੇਸ਼ਾਂ ਵਿੱਚ ਬਦਲਦੀ ਪ੍ਰੋਫਾਈਲ ਨੂੰ ਸਮਰਪਿਤ ਹੈ। ਦੂਜੇ ਭਾਗ ਵਿੱਚ ਅੱਜ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਹੈ। ਤੀਜੇ ਭਾਗ ਵਿੱਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੇ ਵਿਦਿਅਕ ਸੰਸਥਾਵਾਂ, ਸੂਬੇ ਦੀ ਆਰਥਿਕਤਾ, ਪ੍ਰਸ਼ਾਸਨ ਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਚਰਚਾ ਹੈ। ਅਖੀਰਲੇ ਹਿੱਸੇ ਵਿੱਚ ਕੁਝ ਵਿਚਾਰਨ ਵਾਲੇ ਨੁਕਤੇ ਪੇਸ਼ ਕੀਤੇ ਹਨ।

**ਵਿਦੇਸ਼ਾਂ ਵਿੱਚ ਪੰਜਾਬੀ ਵਿਦਿਆਰਥੀਆਂ ਦੀ ਬਦਲਦੀ ਪ੍ਰੋਫਾਈਲ**

ਪੰਜਾਬ ਤੋਂ ਵਿਦੇਸ਼ਾਂ ਵਿੱਚ ਵਿਦਿਆਰਥੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਲੈ ਕੇ ਪੜ੍ਹਨ ਜਾ ਰਹੇ ਹਨ। ਗ਼ਦਰ ਲਹਿਰ ਦੇ ਮੋਢੀਆਂ ਵਿਚੋਂ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿੱਚ ਪੜ੍ਹਾਈ ਲਈ ਦਾਖਲਾ ਲਿਆ ਸੀ। ਉਸ ਸਮੇਂ ਭਾਰਤ ਬਰਤਾਨੀਆ ਦੀ ਕਾਲੋਨੀ ਸੀ ਅਤੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਦਾ ਪ੍ਰਬੰਧ ਆਪ ਕਰਨਾ ਪੈਂਦਾ ਸੀ। ਇਸ ਕਰ ਕੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਗਿਣਤੀ ਦੇ ਵਿਦਿਆਰਥੀ ਹੀ ਪਹੁੰਚ ਸਕਦੇ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਨੂੰ ਬਤੌਰ ਆਜ਼ਾਦ ਦੇਸ਼, ਬਰਤਾਨੀਆ ਨੇ ਕਾਮਨਵੈਲਥ ਦੇਸ਼ਾਂ ਦੇ ਸੰਗਠਨ ਵਿੱਚ ਸ਼ਾਮਲ ਕੀਤਾ ਤਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਾਸਤੇ ਕਾਮਨਵੈਲਥ ਵਜ਼ੀਫ਼ੇ ਕਾਇਮ ਕੀਤੇ ਗਏ। ਇਹ ਵਜ਼ੀਫ਼ੇ ਆਮ ਤੌਰ ’ਤੇ ਯੋਗਤਾ ਦੇ ਆਧਾਰ ’ਤੇ ਦਿੱਤੇ ਜਾਂਦੇ ਸਨ। ਬਰਤਾਨੀਆ ਕਾਮਨਵੈਲਥ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਵਜ਼ੀਫ਼ੇ ਲਈ ਚੁਣੇ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਸ਼ਨ/ਪੀਐੱਚਡੀ ਲਈ ਦਾਖਲਾ ਦਿੱਤਾ ਜਾਂਦਾ ਸੀ। ਇਹ ਵਿਦਿਆਰਥੀ ਬਾਂਡ ਭਰ ਕੇ ਵਿਦੇਸ਼ ਜਾਂਦੇ ਸਨ ਅਤੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਾਰਤ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿੱਚ ਪੜ੍ਹਾਉਣ ਅਤੇ ਖੋਜ ਦਾ ਕੰਮ ਕਰਦੇ ਸਨ। 1960ਵਿਆਂ ਵਿੱਚ ਅਮਰੀਕਾ ਦੀ ਫੋਰਡ ਫਾਊਂਡੇਸ਼ਨ ਅਤੇ ਰਾਕਫੈਲਰ ਫਾਊਂਡੇਸ਼ਨ ਦੇ ਅਜਿਹੇ ਵਜ਼ੀਫਿਆਂ ਦਾ ਇੰਤਜ਼ਾਮ ਭਾਰਤੀ ਵਿਦਿਆਰਥੀਆਂ ਵਾਸਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿੱਚ ਕੀਤਾ ਗਿਆ ਸੀ।

ਆਜ਼ਾਦੀ ਤੋਂ ਬਾਅਦ ਪਹਿਲੀ ਪੀੜ੍ਹੀ ਦੇ ਭਾਰਤੀ ਯੂਨੀਵਰਸਿਟੀਆਂ ਦੇ ਬਹੁਤੇ ਪ੍ਰੋਫੈਸਰਾਂ ਕੋਲ ਬਾਹਰ ਦੀਆਂ ਯੂਨੀਵਰਸਿਟੀਆਂ ਵਾਲੀਆਂ ਉੱਚ ਡਿਗਰੀਆਂ ਸਨ। ਇਹ ਵਰਤਾਰਾ 1970ਵੀਆਂ ਦੇ ਅਖੀਰ ਤੱਕ ਚਲਦਾ ਰਿਹਾ ਪਰ 1980ਵਿਆਂ ਤੋਂ ਬਾਅਦ ਇਨ੍ਹਾਂ ਦੇਸ਼ਾਂ ਵਿੱਚ ਨਵ-ਉਦਾਰਵਾਦੀ ਨੀਤੀਆਂ ਤੋਂ ਬਾਅਦ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਾਫ਼ੀ ਵਾਧਾ ਕੀਤਾ ਗਿਆ ਜਿਸ ਕਾਰਨ ਪੁਰਾਣੇ ਵਜ਼ੀਫ਼ੇ ਨਿਗੂਣੇ ਹੋ ਗਏ। ਇਸ ਨਾਲ ਭਾਰਤ ਵਿਚੋਂ ਉੱਚ ਵਿੱਦਿਆ ਲਈ ਵਿਦਿਆਰਥੀਆਂ ਦਾ ਵਹਾਅ ਘਟ ਗਿਆ। 1990ਵਿਆਂ ਦੇ ਮੱਧ ਤੋਂ ਬਾਅਦ ਭਾਰਤ ਵਿਚੋਂ ਤਕਨਾਲੋਜੀ ਦੇ ਗਰੈਜੂਏਟਾਂ ਨੇ ਬਾਹਰ ਵੱਲ, ਖਾਸ ਕਰ ਕੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵੱਲ ਵਹੀਰਾਂ ਘੱਤੀਆਂ। ਇਨ੍ਹਾਂ ਵਲੋਂ ਇੰਟਰਨੈੱਟ ਤਕਨਾਲੋਜੀ ਵਿਚ ਗਿਣਨਯੋਗ ਰੋਲ ਸਿਲੀਕੌਨ ਘਾਟੀ ਵਿਚ ਅਦਾ ਕੀਤਾ ਗਿਆ।




ਇਸ ਤੋਂ ਬਾਅਦ ਭਾਰਤ, ਖਾਸ ਕਰ ਕੇ ਪੰਜਾਬ ਵਿੱਚ ਵਿਦਿਆਰਥੀਆਂ ਦਾ ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਦਾ ਰੁਝਾਨ ਕਾਫ਼ੀ ਵਧ ਗਿਆ। ਸੂਬੇ ਦੇ ਹਰ ਸ਼ਹਿਰ ਅਤੇ ਕਸਬੇ ਵਿੱਚ ਆਈਲੈਟਸ ਅਤੇ ਟੌਅਫਲ ਦੀ ਟ੍ਰੇਨਿੰਗ ਦੇ ਪ੍ਰਾਈਵੇਟ ਕੇਂਦਰ ਖੁੱਲ੍ਹ ਗਏ। ਇਸ ਦੇ ਨਾਲ ਹੀ ਟਰੈਵਲ ਏਜੰਟਾਂ ਦਾ ਜਾਲ਼ ਵੀ ਸੂਬੇ ਵਿੱਚ ਫੈਲ ਗਿਆ। ਹੁਣ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਵਿੱਚ ਸਿਫਤੀ ਤਬਦੀਲੀ ਆਈ ਹੈ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀਆਂ ਦੀ ਉਮਰ ਛੋਟੀ ਹੈ ਅਤੇ ਉਹ ਬਾਹਰਵੀਂ ਜਮਾਤ (10+2) ਤੋਂ ਬਾਅਦ ਆਈਲੈਟਸ ਦਾ ਇਮਤਿਹਾਨ ਪਾਸ ਕਰ ਕੇ ਬਾਹਰ ਜਾ ਰਹੇ ਹਨ। ਇਨ੍ਹਾਂ ਨੇ ਅਜੇ ਤੱਕ ਸਪੈਸ਼ਲਿਸਟਾਂ ਵਾਲੀ ਕੋਈ ਲਾਈਨ ਵੀ ਨਹੀਂ ਚੁਣੀ ਹੁੰਦੀ। ਜਿਸ ਡਿਗਰੀ ਜਾਂ ਡਿਪਲੋਮਾ ਵਿਚ ਦਾਖਲਾ ਮਿਲਦਾ ਹੈ ਅਤੇ ਜਿਸ ਕਾਲਜ ਜਾਂ ਯੂਨੀਵਰਸਿਟੀ ਵਿਚ ਮਿਲਦਾ ਹੈ, ਲੈ ਲੈਂਦੇ ਹਨ। ਇਨ੍ਹਾਂ ਕੋਲ ਕੋਈ ਵਜ਼ੀਫਾ ਜਾਂ ਸਰਕਾਰੀ ਮਦਦ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਸ਼ੁਰੂ ਵਿੱਚ ਇਹ ਵੀਜ਼ਾ ਲੱਗਣ ਤੋਂ ਬਾਅਦ ਹਵਾਈ ਜਹਾਜ਼ ਦੀ ਟਿਕਟ, ਛੇ ਮਹੀਨਿਆਂ ਦੀ ਫੀਸ ਅਤੇ ਰਹਿਣ ਦੇ ਖਰਚੇ ਦਾ ਇੰਤਜ਼ਾਮ ਕਰ ਕੇ ਬਾਹਰ ਵਿਦੇਸ਼ ਜਾਂਦੇ ਹਨ। ਇਸ ਕਰ ਕੇ ਇਹ ਬਹੁਤ ਗਰੀਬ ਵਰਗ ਨਾਲ ਸਬੰਧਿਤ ਨਹੀਂ। ਇਹ ਵਿਦਿਆਰਥੀ ਮੱਧ ਵਰਗ ਅਤੇ ਇਸ ਤੋਂ ਉਪਰ ਦੇ ਵਰਗਾਂ ਨਾਲ ਸਬੰਧਿਤ ਹਨ। ਕਾਫ਼ੀ ਗਿਣਤੀ ਵਿਦਿਆਰਥੀ ਕਿਸਾਨਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਕਾਫ਼ੀ ਕਿਸਾਨ ਪਰਿਵਾਰ ਆਪਣੀਆਂ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਮੰਤਵ ਕੁਝ ਵਿਦਿਆ ਪ੍ਰਾਪਤ ਕਰ ਕੇ ਵਿਦੇਸ਼ਾਂ ਵਿਚ ਪੱਕੇ ਪੈਰੀਂ ਰਹਿਣ ਦਾ ਹੁੰਦਾ ਹੈ। ਇਹ ਪੰਜਾਬ ਵਾਪਸ ਨਹੀਂ ਜਾਣਾ ਚਾਹੁੰਦੇ।

**ਵਿਦੇਸ਼ਾਂ ਵਿੱਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ**

ਵਿਦੇਸ਼ ਪਹੁੰਚ ਕੇ ਇਨ੍ਹਾਂ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਨਵੇਂ ਮੁਲਕ ਦੇ ਸੱਭਿਆਚਾਰ ਅਤੇ ਮਾਹੌਲ ਨੂੰ ਸਮਝਣ ਅਤੇ ਉਸ ਨਾਲ ਇੱਕਮਿਕ ਹੋਣ ਵਿਚ ਵਕਤ ਲਗਦਾ ਹੈ। ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਆਉਣ ਤੋਂ ਪਹਿਲਾਂ ਜਿਸ ਮੁਲਕ ਵਿਚ ਜਾਣਾ ਹੁੰਦਾ ਹੈ, ਉਸ ਬਾਰੇ ਓਰੀਐਨਟੇਸ਼ਨ ਕੋਰਸ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਇਸ ਕਰ ਕੇ ਕਾਫ਼ੀ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਵਿਚ ਰਚਣ ਮਿਚਣ ਲਈ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ ਵਿੱਚ ਕਈ ਵਿਦਿਆਰਥੀ ਮਾਮੂਲੀ ਸ਼ਰਾਰਤ ਕਾਰਨ ਮੁਸ਼ਕਿਲ ਵਿਚ ਫਸ ਜਾਂਦੇ ਹਨ ਪਰ ਮੁੱਖ ਪ੍ਰੇਸ਼ਾਨੀ ਥੋੜ੍ਹੇ ਸਮੇਂ ਬਾਅਦ ਆਰਥਿਕ ਤੌਰ ’ਤੇ ਤੰਗੀ ਦੀ ਆਣ ਫੜਦੀ ਹੈ। ਦੂਜੇ ਸਮੈਸਟਰ ਦੀ ਫੀਸ ਦਾ ਪ੍ਰਬੰਧ ਅਤੇ ਰਹਿਣ ਸਹਿਣ ਦੇ ਖਰਚੇ ਦਾ ਇੰਤਜ਼ਾਮ ਤੰਗ ਕਰਨ ਲੱਗ ਪੈਂਦਾ ਹੈ। ਇਸ ਵਾਸਤੇ ਅੱਲੜ੍ਹ ਉਮਰੇ ਪੜ੍ਹਾਈ ਦੇ ਨਾਲ ਨਾਲ ਕੁਝ ਘੰਟਿਆਂ ਦੀ ਰੋਜ਼ਾਨਾ ਨੌਕਰੀ ਦੀ ਭਾਲ ਕਰਨੀ ਪੈਂਦੀ ਹੈ।

ਕੋਵਿਡ-19 ਮਹਾਂਮਾਰੀ ਤੋਂ ਬਾਅਦ ਵਿਦੇਸ਼ਾਂ ਵਿੱਚ ਕੰਮ ਕਰਨ ਦੇ ਮੌਕੇ ਕਾਫ਼ੀ ਘਟ ਗਏ ਹਨ। ਜਿਹੜੇ ਕੰਮ ਮਿਲਦੇ ਹਨ, ਉਨ੍ਹਾਂ ਵਿੱਚ ਉਜਰਤਾਂ ਕਾਫ਼ੀ ਘਟ ਮਿਲਦੀਆਂ ਹਨ। ਇਸ ਕਰ ਕੇ ਗੁਜ਼ਾਰਾ ਮੁਸ਼ਕਿਲ ਹੋ ਜਾਂਦਾ ਹੈ। ਇਸ ਕਾਰਨ ਕੁਝ ਵਿਦਿਆਰਥੀਆਂ ਨੂੰ ਮਾਨਸਿਕ ਤਣਾਓ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਇਸ ਕਾਰਨ ਕੁਝ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ, ਨਸ਼ਿਆਂ ਅਤੇ ਐਕਸੀਡੈਂਟ ਦੇ ਸ਼ਿਕਾਰ ਹੋਣ ਬਾਰੇ ਖ਼ਬਰਾਂ ਮੀਡੀਆ ਵਿੱਚ ਆਈਆਂ ਹਨ। ਸੋਹਣ ਸਿੰਘ ਖਾਲਸਾ ਨੇ 12 ਜੂਨ 2023 ਨੂੰ ਵੀਡੀਓ ਜਾਰੀ ਕਰ ਕੇ ਪੰਜਾਬ ਦੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਤੋਂ ਗੁਰੇਜ਼ ਕਰਨ। ਹੋਰਨਾਂ ਗੱਲਾਂ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੁਸ਼ਕਿਲਾਂ ਕਾਰਨ ਹਰ ਹਫ਼ਤੇ 7-8 ਵਿਦਿਆਰਥੀ ਦਿਲ ਫੇਲ੍ਹ ਹੋਣ, ਐਕਸੀਡੈਂਟ, ਨਸ਼ਿਆਂ ਕਾਰਨ ਜਾਂ ਆਤਮ-ਹੱਤਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਦੱਸਿਆ ਗਿਆ ਕਿ ਦਸੰਬਰ ਵਿੱਚ ਆਏ ਕਈ ਵਿਦਿਆਰਥੀਆਂ ਨੂੰ ਅਜੇ ਤੱਕ ਵੀ ਕੰਮ ਨਹੀਂ ਮਿਲਿਆ। ਕੁਝ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਰਹੇ ਹਨ। ਇਸ ਬਾਰੇ 700 ਵਿਦਿਆਰਥੀਆਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਵਿੱਚ ਮੁਸ਼ਕਿਲ ਆ ਰਹੀ ਹੈ ਅਤੇ ਕੁਝ ਉੱਤੇ ਵਾਪਿਸ ਜਾਣ ਦਾ ਖ਼ਤਰਾ ਅਜੇ ਟਲਿਆ ਨਹੀਂ।

ਬਹੁਤੇ ਵਿਦਿਆਰਥੀਆਂ ਦਾ ਮਕਸਦ ਪੜ੍ਹਾਈ ਦੇ ਬਹਾਨੇ ਵਿਦੇਸ਼ਾਂ ਵਿੱਚ ਪੱਕਾ ਵਸੇਬਾ ਕਰਨਾ ਹੈ। ਉਨ੍ਹਾਂ ਵਿਚੋਂ ਕੁਝ ਮੌਕਾ ਮਿਲਦਿਆਂ ਹੀ ਪੜ੍ਹਾਈ ਛੱਡ ਕੇ ਨੌਕਰੀ ਕਰ ਲੈਂਦੇ ਹਨ। ਇਸ ਕਰ ਕੇ ਆਸਟਰੇਲੀਆ ਦੀਆਂ ਪੰਜ ਯੂਨੀਵਰਸਿਟੀਆਂ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੇ ਦਾਖ਼ਲੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਜੇ ਇਨ੍ਹਾਂ ਵਿਦਿਆਰਥੀਆਂ ਦਾ ਕਿਰਦਾਰ ਇਸ ਤਰ੍ਹਾਂ ਦਾ ਰਿਹਾ ਤਾਂ ਇਹ ਸਮੱਸਿਆ ਹੋਰ ਦੇਸ਼ਾਂ ਵਿੱਚ ਵੀ ਆ ਸਕਦੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਨਿਯਮਿਤ ਹੈ। ਲੋੜ ਪੈਣ ’ਤੇ ਕਿਸੇ ਦੇਸ਼/ਇਲਾਕੇ ਤੋਂ ਇਸ ਸਬੰਧੀ ਰੋਕ/ਸੀਮਾ ਲੱਗ ਸਕਦੀ ਹੈ।

**ਵਿਦਿਆਰਥੀਆਂ ਦੇ ਬਾਹਰ ਜਾਣ ਦੇ ਪੰਜਾਬ ’ਤੇ ਅਸਰ**

ਵੱਡੀ ਗਿਣਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਅਰਥਚਾਰੇ, ਸਿੱਖਿਆ ਸੰਸਥਾਵਾਂ ਅਤੇ ਸਮਾਜਿਕ ਪ੍ਰਭਾਵ ਪੈ ਰਹੇ ਹਨ। ਸੰਜੀਵ ਬਰਿਆਨਾ ਨੇ ਅੰਗਰੇਜ਼ੀ ਅਖ਼ਬਾਰ ‘ਦਿ ਟ੍ਰਿਬਿਊਨ’ ਵਿੱਚ ਚੰਡੀਗੜ੍ਹ ਸਥਿਤ ਕੈਨੇਡੀਅਨ ਕੌਂਸਲੇਟ ਦੇ ਹਵਾਲੇ ਨਾਲ ਪਿਛਲੇ ਤਿੰਨ ਸਾਲਾਂ ਦੇ ਪੜ੍ਹਾਈ ਵੀਜਿ ?ਆਂ ਬਾਰੇ ਅੰਕੜੇ ਜਾਰੀ ਕੀਤੇ ਹਨ। ਉਸ ਅਨੁਸਾਰ, 2020 ਵਿੱਚ ਵਿਦਿਆਰਥੀ ਵੀਜਿ ?ਆਂ ਦੀ ਗਿਣਤੀ 80,880 ਸੀ ਜਿਹੜੀ 2021 ਵਿੱਚ ਵਧ ਕੇ 1,69,410 ਅਤੇ 2022 ਵਿੱਚ 2,26,095 ਹੋ ਗਈ। ਤਿੰਨ ਸਾਲਾਂ ਵਿੱਚ 167% ਸਿਰਫ਼ ਕੈਨੇਡਾ ਵਿੱਚ ਜਾਣ ਵਾਲੇ ਵਿਦਿਆਰਥੀਆਂ ਵਿੱਚ ਵਾਧਾ ਹੋਇਆ ਹੈ। ਇਹ ਵਿਦਿਆਰਥੀ ਮੁੱਖ ਤੌਰ ’ਤੇ ਪੰਜਾਬ ਅਤੇ ਹਰਿਆਣਾ ਤੋਂ ਹਨ। ਇਸ ਵਿੱਚ ਹੋਰ ਵਿਕਸਤ ਦੇਸ਼ਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਕਿਸੇ ਵਿਦਵਾਨ ਜਾਂ ਸਰਕਾਰ ਨੇ ਇਕੱਠੀ ਨਹੀਂ ਕੀਤੀ ਹੈ। ਇਹ ਅਨੁਮਾਨ/ਅੰਦਾਜ਼ੇ ਆਮ ਹਨ ਕਿ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਜੇ ਮੰਨ ਲਿਆ ਜਾਵੇ ਕਿ ਹਰ ਸਾਲ ਇੱਕ ਲੱਖ ਵਿਦਿਆਰਥੀ ਪੰਜਾਬ ਤੋਂ ਵਿਦੇਸ਼ ਪੜ੍ਹਨ ਲਈ ਜਾ ਰਹੇ ਹਨ, ਤੇ ਔਸਤਨ ਹਰ ਵਿਦਿਆਰਥੀ 10 ਲੱਖ ਤੋਂ 15 ਲੱਖ ਰੁਪਏ ਆਪਣੇ ਨਾਲ ਫ਼ੀਸ ਅਤੇ ਖਰਚੇ ਵਾਸਤੇ ਲੈ ਕੇ ਜਾ ਰਿਹਾ ਹੈ ਤਾਂ ਸੂਬੇ ਵਿਚੋਂ 10,000 ਤੋਂ 15,000 ਕਰੋੜ ਰੁਪਏ ਦੇ ਬਰਾਬਰ ਹਰ ਸਾਲ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਜੇ ਇਹ ਵਿਦਿਆਰਥੀ ਪੰਜਾਬ ਵਿਚ ਰਹਿ ਕੇ ਸਿੱਖਿਆ ਪ੍ਰਾਪਤ ਕਰਦੇ ਤਾਂ ਇਹ ਸਰਮਾਇਆ ਸੂਬੇ ਵਿਚ ਨਿਵੇਸ਼ ਦਾ ਰੂਪ ਧਾਰ ਸਕਦਾ ਸੀ ਜਿਸ ਨਾਲ ਆਮਦਨ ਅਤੇ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਸੀ। ਜੇ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ 2 ਲੱਖ ਮੰਨ ਲਈ ਜਾਵੇ ਤਾਂ ਇਹ ਸਰਮਾਇਆ ਨਿਵੇਸ਼ ਦੁੱਗਣਾ ਹੋ ਸਕਦਾ ਸੀ। ਅਸੀਂ ਆਪਣੇ ਬੱਚਿਆਂ ਨੂੰ ਪਾਲਣ ਪੋਸ਼ਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਰਕਮ ਦੇ ਕੇ ਬਾਹਰ ਭੇਜ ਰਹੇ ਹਾਂ। ਇਸ ਕਰ ਕੇ ਪੰਜਾਬ ਵਿੱਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਖੋਰਾ ਲੱਗਣਾ ਲਾਜ਼ਮੀ ਹੈ। ਅਸੀਂ ਇਕੱਲਾ ਪੈਸਾ/ਸਰਮਾਇਆ ਹੀ ਨਹੀਂ ਬਾਹਰ ਭੇਜ ਰਹੇ ਸਗੋਂ ਇਨ੍ਹਾਂ ਬੱਚਿਆਂ ਦੇ ਰੂਪ ਵਿੱਚ ਬਹੁਕੀਮਤੀ ਮਨੁੱਖੀ ਸਰੋਤ ਬਰਾਮਦ ਕਰ ਰਹੇ ਹਾਂ। ਇਨ੍ਹਾਂ ਬੱਚਿਆਂ ਵਿੱਚ ਕਾਫ਼ੀ ਬੱਚੇ ਲਾਇਕ ਅਤੇ ਹੋਣਹਾਰ ਹਨ ਜਿਨ੍ਹਾਂ ਦੇ ਬਾਹਰ ਜਾਣ ਨਾਲ ਪੰਜਾਬ ਭਾਰੀ ਨੁਕਸਾਨ ਉਠਾ ਰਿਹਾ ਹੈ। ਇਉਂ ਪੰਜਾਬ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਵਿੱਚ ਡਾਕਟਰ, ਇੰਜੀਨੀਅਰ, ਅਧਿਆਪਕ, ਵਕੀਲ, ਜੱਜ, ਉਦਯੋਗਪਤੀ, ਸਾਹਿਤਕਾਰ, ਮੈਨੇਜਰ, ਅਫਸਰ, ਕਲਾਕਾਰ ਅਤੇ ਸਿਆਣੇ ਲੀਡਰ ਬਣਨ ਦੇ ਕਾਬਲ ਹਨ। ਇਸ ਨੁਕਸਾਨ ਨੂੰ ਰੁਪਇਆ ਵਿੱਚ ਮਾਪਿਆ ਨਹੀਂ ਜਾ ਸਕਦਾ। ਇਹ ਸਾਡਾ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਨੁਕਸਾਨ ਹੈ।

(**ਬਾਕੀ ਸਫ਼ਾ** 30 ’ਤੇ)

# ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਵਸ ਬਨਾਮ ਸਿੱਖ ਪੰਥ

**ਇੰਦਰਜੀਤ ਸਿੰਘ ਗੋਗੋਆਣੀ**

'ਸਿੰਘ ਸਭਾ ਲਹਿਰ' ਦਾ ਸਿੱਖ ਇਤਿਹਾਸ ਵਿੱਚ ਇੱਕ ਅਹਿਮ ਸਥਾਨ ਹੈ। ਇਸ ਦੀ ਸ਼ੁਰੂਆਤ ਦੇ ਪਿਛੋਕੜ ਦਾ ਇਤਿਹਾਸ ਵਾਚੀਏ ਤਾਂ 27 ਜੂਨ, 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਏ। ਸਿੱਖ ਰਾਜ ਇੱਕ ਦਹਾਕੇ 'ਚ ਖੇਰੂੰ-ਖੇਰੂੰ ਹੋ ਗਿਆ। 29 ਮਾਰਚ, 1849 ਈ. ਨੂੰ ਲਾਰਡ ਡਲਹੌਜੀ ਦੀ ਸਰਕਾਰ ਨੇ ਪੰਜਾਬ ਨੂੰ ਭਾਰਤੀ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਅੰਗਰੇਜ਼ਾਂ ਦਾ ਹੁਣ ਸਮੁੱਚੇ ਪੰਜਾਬ ਉਪਰ ਕਬਜ਼ਾ ਹੋ ਜਾਣ ਕਰਕੇ ਉਨ੍ਹਾਂ ਨੇ ਈਸਾਈ ਮਿਸ਼ਨਰੀਆਂ ਨੂੰ ਹਰ ਪੱਖੋਂ ਮਜ਼ਬੂਤ ਕੀਤਾ। ਉਹ ਹਿੰਦੂ, ਮੁਸਲਿਮ ਤੇ ਸਿੱਖਾਂ ਦੇ ਸਮਾਜਿਕ ਪਤਨ ਤੇ ਰਸਮਾਂ ਰੀਤਾਂ ਨੂੰ ਨਿਰਾਰਥਕ ਸਿੱਧ ਕਰਦੇ ਅਤੇ ਅੰਗਰੇਜ਼ੀ ਰਾਜ ਦੀਆਂ ਚੰਗਿਆਈਆਂ ਦਾ ਪ੍ਰਚਾਰ ਕਰਕੇ ਆਪਣੇ ਧਰਮ ਦੇ ਹੱਕ ਵਿੱਚ ਪ੍ਰੇਰਦੇ। ਨਵੇਂ-ਨਵੇਂ ਸਕੂਲ ਕਾਲਜ ਖੁੱਲ੍ਹ ਰਹੇ ਹਨ। ਉਧਰ 1853 ਈ. ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਵੀ ਈਸਾਈ ਧਰਮ ਵਿੱਚ ਸ਼ਾਮਿਲ ਕਰ ਲਿਆ ਗਿਆ। ਸ੍ਰੀ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ ਤੇ ਤਰਨ ਤਾਰਨ ਦੇ ਪ੍ਰਸਿੱਧ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਅਧੀਨ ਹੋ ਗਏ। ਸਿੱਖ ਸਮਾਜ 'ਚ ਗੁਰਮਤਿ ਦੀ ਥਾਂ ਮਨਮਤਿ ਵੱਧ ਗਈ ਸੀ।

ਜਦ 1873 ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਧਰਮ 'ਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਿਰ ਕੀਤੀ ਤਾਂ ਦਰਦਵੰਦ ਸਿੱਖਾਂ ਨੂੰ ਹੁਣ ਪਾਣੀ ਸਿਰਾਂ ਤੋਂ ਲੰਘਦਾ ਜਾਪਿਆ। ਇਸ ਸਮੁੱਚੇ ਵਰਤਾਰੇ ਸਦਕਾ ਸਿੰਘ ਸਭਾ ਦੀ ਪਹਿਲੀ ਮੀਟਿੰਗ ਦੁਸਹਿਰੇ ਵਾਲੇ ਦਿਨ 1 ਅਕਤੂਬਰ, 1873 ਈ. ਨੂੰ ਦੁਪਹਿਰ 2 ਵਜੇ ਮੰਜੀ ਸਾਹਿਬ ਦੇ ਸਥਾਨ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਸੀ। ਇਸ 'ਚ ਪੁਜਾਰੀ, ਮਹੰਤ, ਗਿਆਨੀ, ਗ੍ਰੰਥੀ, ਉਦਾਸੀ, ਨਿਰਮਲੇ ਤੇ ਪ੍ਰਮੁੱਖ ਸਰਦਾਰ ਸ਼ਾਮਿਲ ਹੋਏ। ਇਸ ਸਮੇਂ ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਅਤੇ ਗਿਆਨੀ ਗਿਆਨ ਸਿੰਘ ਸਕੱਤਰ ਨਿਯੁਕਤ ਕੀਤੇ ਗਏ। ਬਹੁਤ ਉਤਸ਼ਾਹ ਨਾਲ ਕੌਮੀ ਕਾਰਜ ਸ਼ੁਰੂ ਹੋਏ। ਜਦ ਕੁਝ ਸਾਲਾਂ ਵਿੱਚ ਸਿੰਘ ਸਭਾ ਦਾ ਉਤਸ਼ਾਹ ਮੱਠਾ ਪਿਆ ਤਾਂ ਪ੍ਰੋ: ਗੁਰਮੁਖ ਸਿੰਘ ਤੇ ਗਿ: ਦਿੱਤ ਸਿੰਘ ਦੇ ਉੱਦਮ ਸਦਕਾ 2 ਨਵੰਬਰ, 1879 ਈ. ਨੂੰ ਅੰਮ੍ਰਿਤਸਰ ਦੇ ਸਮਾਨ ਸਿੰਘ ਸਭਾ ਲਾਹੌਰ ਸਥਾਪਿਤ ਹੋਈ। ਸਿੰਘ ਸਭਾ ਦੀਆਂ ਦੇਸ਼-ਵਿਦੇਸ਼ ਵਿੱਚ ਬਹੁਤ ਸ਼ਾਖਾਵਾਂ ਸਥਾਪਿਤ ਹੋਈਆਂ। ਜਦ ਸਿੰਘ ਸਭਾਵਾਂ ਵੱਡੀ ਗਿਣਤੀ 'ਚ ਸਥਾਪਿਤ ਹੋ ਗਈਆਂ ਤਾਂ 1883 'ਚ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੀ ਸਥਾਪਨਾ ਹੋਈ ਪਰ ਕੁਝ ਸਿਧਾਂਤਕ ਵਖਰੇਵਾਂ ਕਰਕੇ 1886 ਵਿੱਚ ਵੱਖਰਾ ਖ਼ਾਲਸਾ ਦੀਵਾਨ ਲਾਹੌਰ ਵੀ ਸਥਾਪਿਤ ਹੋਇਆ। ਭਾਵੇਂ ਸਿੰਘ ਸਭਾ ਅੰਮ੍ਰਿਤਸਰ ਤੇ ਲਾਹੌਰ 'ਚ ਧੜੇਬੰਦੀਆਂ ਵੀ ਸਨ ਪਰ ਫਿਰ ਵੀ ਕੌਮੀ ਉਦੇਸ਼ ਸਾਂਝੇ ਸਨ ਜਿਵੇਂ:- ਸਿੱਖ ਧਰਮ ਦੀ ਵਿਲੱਖਣਤਾ ਸਥਾਪਿਤ ਰਹੇ ਤੇ ਕੁਰੀਤੀਆਂ ਦੂਰ ਹੋਣ, ਨਿਰੋਲ ਗੁਰਮਤਿ ਦਾ ਪ੍ਰਚਾਰ ਹੋਵੇ, ਗੁਰਮੁਖੀ ਦਾ ਪ੍ਰਚਾਰ ਪੁਸਤਕਾਂ, ਅਖ਼ਬਾਰਾਂ ਤੇ ਰਸਾਲਿਆਂ ਰਾਹੀਂ ਕੀਤਾ ਜਾਵੇ। ਗੁਰਦੁਆਰਿਆਂ 'ਚ ਸੁਧਾਰ ਕਰਨਾ ਅਤੇ ਨਵੀਆਂ ਸਿੰਘ ਸਭਾਵਾਂ ਦੀ ਸਥਾਪਨਾ। ਹਸਪਤਾਲ ਖੋਲ੍ਹ ਕੇ ਗ਼ਰੀਬਾਂ ਦੀ ਮਦਦ ਕਰਨੀ, ਨਵੇਂ ਸਕੂਲ ਕਾਲਜ ਸਥਾਪਿਤ ਕਰਨੇ। ਸਿੱਖ ਨੌਜਵਾਨਾਂ ਵਿੱਚ ਸਿੱਖੀ ਦ੍ਰਿੜ੍ਹ ਕਰਵਾਈ ਜਾਵੇ।

ਇਨ੍ਹਾਂ ਸਮਿਆਂ 'ਚ ਬਾਬਾ ਖੇਮ ਸਿੰਘ ਬੇਦੀ, ਪ੍ਰੋ: ਗੁਰਮੁਖ ਸਿੰਘ, ਗਿ: ਦਿੱਤ ਸਿੰਘ, ਭਾਈ ਜਵਾਹਰ ਸਿੰਘ, ਸ. ਠਾਕੁਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਕੰਵਰ ਬਿਕਰਮ ਸਿੰਘ ਤੇ ਭਾਈ ਮਈਆ ਸਿੰਘ ਆਦਿ ਸਿੱਖਾਂ ਨੇ ਚੰਗਾ ਉੱਦਮ ਅਤੇ ਫ਼ਖਰਯੋਗ ਕਾਰਜ ਕੀਤਾ। ਸਿੰਘ ਸਭਾ ਲਹਿਰ ਦੇ ਸਦਕਾ ਗੁਰਬਾਣੀ ਦੀ ਟੀਕਾਕਾਰੀ, ਨਵੀਨ ਵਿਆਖਿਆਕਾਰੀ, ਇਤਿਹਾਸਕਾਰੀ, ਨਵੀਆਂ ਪੁਸਤਕਾਂ ਦੀ ਪ੍ਰਕਾਸ਼ਨਾਂ, ਅਖ਼ਬਾਰਾਂ ਰਾਹੀਂ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦੀ ਲਹਿਰ ਚੱਲ ਪਈ। ਖ਼ਾਲਸਾ ਸਕੂਲਾਂ-ਕਾਲਜਾਂ ਦੀ ਸਥਾਪਨਾ ਤੋਂ ਲੈ ਕੇ ਗੁਰਦੁਆਰਿਆਂ ਦੀ ਮਰਯਾਦਾ 'ਚ ਸੁਧਾਰ, ਸਿੱਖ ਸੰਸਕਾਰਾਂ 'ਚ ਗੁਰਮਤਿ ਰੰਗਤ ਤੇ ਸਿੱਖ ਰਹਿਤ ਮਰਯਾਦਾ ਦੀ ਬਣਤਰ ਦਾ ਖ਼ਾਕਾ ਤਿਆਰ ਹੋਣਾ ਸ਼ੁਰੂ ਹੋ ਗਿਆ। ਇਨ੍ਹਾਂ ਦੀ ਪੁਸ਼ਟੀ ਖ਼ਾਲਸਾ ਅਖ਼ਬਾਰ ਲਾਹੌਰ ਦੇ ਸੰਪਾਦਕੀ ਲੇਖਾਂ ਅਤੇ ਪਾਠਕਾਂ ਦੇ ਸਵਾਲ-ਜਵਾਬ ਵਾਲੇ ਕਾਲਮਾਂ ਤੋਂ ਹੋ ਜਾਂਦੀ ਹੈ।



ਇਸ ਸਾਲ ਅਕਤੂਬਰ 2023 'ਚ ਸਿੰਘ ਸਭਾ ਲਹਿਰ ਦੀ ਸਥਾਪਨਾ (1 ਅਕਤੂਬਰ 1873) ਦਾ 150 ਸਾਲਾ ਦਿਨ ਦੇਸ਼ਾਂ-ਵਿਦੇਸ਼ਾਂ 'ਚ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਹ ਠੀਕ ਹੈ ਕਿ ਸਾਡਾ ਸ਼ਤਾਬਦੀਆਂ ਮਨਾਉਣ ਦਾ ਇਕ ਪਰੰਪਰਾਗਤ ਢੰਗ-ਤਰੀਕਾ ਹੈ ਪਰ ਇਨ੍ਹਾਂ ਸਮਾਗਮਾਂ ਵਿਚੋਂ ਭਵਿੱਖ ਦੀ ਇਕ ਵੱਡੀ ਯੋਜਨਾ ਵੀ ਤਿਆਰ ਹੋਣੀ ਚਾਹੀਦੀ ਹੈ। ਸਿੰਘ ਸਭਾ ਲਹਿਰ ਹਕੀਕਤ ਰੂਪ 'ਚ ਇਕ ਵੱਡੀ ਸੁਧਾਰਕ ਲਹਿਰ ਸੀ ਅਤੇ ਇਸ ਲਹਿਰ ਤੋਂ ਸੇਧ ਲੈ ਕੇ ਸਮੂਹ ਸਿੱਖ ਜਥੇਬੰਦੀਆਂ ਨੂੰ ਸਮਕਾਲੀ ਸਮੱਸਿਆਵਾਂ ਦੇ ਸਮਾਧਾਨ ਲਈ ਇਕ ਪੰਥਕ ਏਜੰਡਾ ਜ਼ਰੂਰ ਅਪਣਾਉਣਾ ਚਾਹੀਦਾ ਹੈ।

ਜਗਿਆਸੂ ਦਾ ਸਵਾਲ ਕਿ ਕੀ ਕੀਤਾ ਜਾ ਸਕਦਾ ਹੈ ? ਪਹਿਲੀ ਗੱਲ ਕਿ ਜਥੇਬੰਦਕ ਤੌਰ 'ਤੇ ਇਕ ਵਿਚਾਰਕ ਗਰੁੱਪ ਹੋਣਾ ਚਾਹੀਦਾ ਹੈ। ਘੱਟੋ-ਘੱਟ ਅਗਲੇ ਪੰਜਾਹ ਸਾਲਾਂ ਦਾ ਸਾਡਾ ਕਰਨਯੋਗ ਏਜੰਡਾ ਅਤੇ ਮਿਸ਼ਨ ਮਿਥਿਆ ਜਾਵੇ। ਸਿੱਖਾਂ ਨੂੰ ਆਪਣੀ ਹੋਂਦ ਤੇ ਸੰਸਥਾਵਾਂ ਦੀ ਸੁਰੱਖਿਆ ਲਈ 'ਕੱਠ ਲੋਹੇ ਦੀ ਲੱਠ' ਵਾਂਗ ਆਪਸੀ ਏਕਤਾ ਦੀ ਜ਼ਰੂਰਤ ਹੈ। ਸਿੱਖ ਨੌਜਵਾਨ ਸ਼ਕਤੀ ਨੂੰ ਜੋੜਨ ਲਈ ਸਭਾਵਾਂ, ਸਿੱਖ ਬੀਬੀਆਂ, ਬਜ਼ੁਰਗ, ਵਿਦਵਾਨਾਂ ਦੀਆਂ ਸਭਾਵਾਂ, ਗੁਰਮੁਖੀ ਦੇ ਪ੍ਰਚਾਰ-ਪਾਸਾਰ ਤੇ ਰੁਜ਼ਗਾਰ ਦਾ ਪੱਖ ਵੀ ਵਿਚਾਰਨਾ ਚਾਹੀਦਾ ਹੈ। ਇੱਕ ਜਥੇਬੰਦਕ ਧਰਮ ਤਾਂ ਹੀ ਸ਼ਕਤੀਸ਼ਾਲੀ ਰਹਿ ਸਕਦਾ ਹੈ ਜੇਕਰ ਉਸ ਦੀਆਂ ਪਰੰਪਰਾਵਾਂ ਤੇ ਸਥਾਪਿਤ ਮਰਯਾਦਾਵਾਂ ਉੱਪਰ ਸਭ ਪਹਿਰਾ ਦੇਣ। ਇੱਕ ਗੱਲ ਪੱਕੀ ਕਿ ਯੁੱਗ ਅਨੁਸਾਰ ਸੰਕੀਰਣਤਾ ਤੇ ਨਫ਼ਰਤ ਵਾਦੀ ਸੋਚ ਹਰੇਕ ਧਰਮ ਲਈ ਘਾਤਕ ਹੋਵੇਗੀ, ਜਿਸ ਤੋਂ ਅੱਜ ਸਭਨਾਂ ਧਰਮੀਆਂ ਨੂੰ ਬਚਣ ਦੀ ਲੋੜ ਹੈ।



ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ

ਸਿੰਘ ਸਭਾ ਲਹਿਰ ਦੇ ਅਖ਼ਬਾਰ ਤੇ ਸਾਹਿਤ ਦਾ ਅਧਿਐਨ ਕਰੀਏ ਤਾਂ ਸਾਡੇ ਪੁਰਖਿਆਂ ਦਾ ਪਾਖੰਡਵਾਦ ਤੇ ਸਿੱਖ ਵਿਰੋਧੀ ਮਾਨਸਿਕਤਾ ਨਾਲ ਤਾਂ ਵਿਰੋਧਾਭਾਸ ਸੀ ਪਰ ਸਾਡੇ ਸਮਕਾਲੀ ਵਾਦ-ਵਿਵਾਦਾਂ ਵਾਂਗ ਆਪਸੀ ਸਿਧਾਂਤਕ ਝਗੜਾ ਨਹੀਂ ਸੀ। ਅੱਜ ਸਾਡੇ ਸਰੋਤ ਗ੍ਰੰਥ, ਪੰਥਕ ਅਰਦਾਸ, ਨਿੱਤਨੇਮ ਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਸਰੋਵਰ, ਮਰਯਾਦਾ ਆਦਿ ਹੀ ਤਰਕਵਾਦ ਦੀ ਭੇਟ ਚੜ੍ਹ ਰਹੇ ਹਨ। ਬੀਤੇ ਸਾਲਾਂ ਤੋਂ ਸਿੱਖਾਂ ਵਿੱਚ ਸੋਸ਼ਲ ਮੀਡੀਏ ਰਾਹੀਂ ਇੱਕ-ਦੂਜੇ ਨੂੰ ਨੀਵਾਂ ਦਿਖਾ ਕੇ ਵੱਡੇ ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ। ਕੁਝ ਲੋਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਨਕਲੀ ਪਛਾਣ ਬਣਾ ਕੇ ਸਾਡੀ ਹਰ ਮਰਯਾਦਾ, ਸੰਸਥਾ, ਜਥੇਬੰਦੀ ਜਾਂ ਧਰਮੀ ਤੇ ਕੁਰਬਾਨੀ ਵਾਲੀਆਂ ਸ਼ਖ਼ਸੀਅਤਾਂ ਬਾਰੇ ਅਤਿ ਨੀਵੇਂ ਦਰਜੇ ਦੀ ਸ਼ਬਦਾਵਲੀ ਵਰਤ ਰਹੇ ਹਨ ਤੇ ਸਿੱਖ ਸਮਾਜ ਸਭ ਪ੍ਰਵਾਨ ਕਰੀ ਜਾ ਰਿਹਾ ਹੈ। ਗੁਰੂ ਪਿਆਰਿਓ ! ਸੁਚੇਤ ਮਨ ਨਾਲ ਸੋਚੀਏ ਕਿ ਕਿਸੇ ਹੋਰ ਧਰਮ ਦੇ ਆਗੂਆਂ, ਸੰਸਥਾਵਾਂ ਜਾ ਧਰਮ ਸਥਾਨਾਂ ਪ੍ਰਤੀ ਅਜਿਹੀ ਹਰਕਤ ਕਿਉਂ ਨਹੀਂ ਅਤੇ ਸਿੱਖ ਸਮਾਜ 'ਚ ਇਹ ਸਭ ਕੁਝ ਕਿਉਂ ਹੋ ਰਿਹਾ ਹੈ ?

ਸਿੰਘ ਸਭਾ ਲਹਿਰ ਦੇ ਸਮੇਂ ਸਿੱਖ ਸੰਸਥਾਵਾਂ ਤੇ ਮਰਯਾਦਾ ਸਥਾਪਤੀ ਦਾ ਮੁੱਦਾ ਸੀ ਪਰ ਅੱਜ ਉਸਾਰੂ ਪ੍ਰਬੰਧਨ ਦੀ ਜ਼ਰੂਰਤ ਹੈ। ਸੰਸਥਾਵਾਂ ਨੂੰ ਨਿਘਾਰ ਤੋਂ ਬਚਾਉਣ ਲਈ ਡੂੰਘੀ ਦ੍ਰਿਸ਼ਟੀ ਵਾਲੇ ਗੁਰਸਿੱਖਾਂ ਦੀ ਲੋੜ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

## ਇਤਿਹਾਸਕ ਦਿਨ 'ਤੇ ਵਿਸ਼ੇਸ਼

# ਸ੍ਰੀ ਗੁਰੂ ਨਾਨਕ ਜਹਾਜ਼ ਦਾ ਅਸਲੀ ਨਾਂਅ ਵਿਸਾਰਨਾ, ਇਤਿਹਾਸ ਨੂੰ ਵਿਗਾੜਨਾ ਤੇ ਪੰਜਾਬੀ ਨੂੰ ਲਿਤਾੜਨਾ ਦੁਖਦਾਈ


ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550


ਗੁਰੂ ਨਾਨਕ ਜਹਾਜ਼ ਦੀ ਤਸਵੀਰ

28 ਸਤੰਬਰ 1914 ਈ. ਨੂੰ ਸ੍ਰੀ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਦੇ ਮੁਸਾਫ਼ਰਾਂ ਨੂੰ ਕੋਲਕਤਾ ਦੇ ਬਜਬਜ ਘਾਟ 'ਤੇ ਗੋਲੀਆਂ ਦਾ ਸਾਹਮਣਾ ਕਰਨਾ ਪਿਆ ਸੀ। ਉਹ ਮੁਸਾਫਰ ਅੰਗਰੇਜ਼ ਬਸਤੀਵਾਦ ਦੇ ਖ਼ਿਲਾਫ਼ ਲੜੇ। ਸੰਯੋਗਵੱਸ 28 ਸਤੰਬਰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਵੀ ਹੁੰਦਾ ਹੈ, ਜਿਸ ਨੂੰ ਲੈ ਕੇ ਪੰਜਾਬ ਦੇ ਕੋਨੇ-ਕੋਨੇ 'ਚ ਸਮਾਗਮ ਹੁੰਦੇ ਹਨ। ਅਹਿਮ ਪਹਿਲੂ ਇਹ ਹੈ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਸਮੇਤ ਜ਼ਿਆਦਾਤਰ ਦੇਸ਼ ਭਗਤ, ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਆਪਣੇ ਪ੍ਰੇਰਨਾ-ਸਰੋਤ ਮੰਨਦੇ ਸਨ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਤਾਂ ਸਰਕਾਰੀ ਤੌਰ 'ਤੇ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ, ਪਰ ਗੁਰੂ ਨਾਨਕ ਜਹਾਜ਼ ਦੇ ਯੋਧਿਆਂ ਨੂੰ ਯਾਦ ਤੱਕ ਨਹੀਂ ਕੀਤਾ ਗਿਆ। ਇਹ ਫੈਸ਼ਨ ਪ੍ਰਸਤੀ ਹੈ ਜਾਂ ਕੋਈ ਸਾਜ਼ਿਸ਼ ਦਾ ਹਿੱਸਾ ਹੈ ? ਇਹ ਵੱਡਾ ਸਵਾਲ ਹੈ। ਕਈ ਵਾਰ ਤਾਂ ਇਉਂ ਜਾਪਦਾ ਹੈ ਕਿ ਸ਼ਹੀਦ ਭਗਤ ਸਿੰਘ ਦਾ ਨਾਂਅ ਵਰਤ ਕੇ, ਹਕੂਮਤ ਆਪਣੀ ਨਾ-ਅਹਿਲੀਅਤ ਅਤੇ ਘਾਟਾਂ ਨੂੰ ਛੁਪਾਉਣਾ ਤੇ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਚਾਹੁੰਦੀ ਹੈ।

ਇਉ ਜਾਪਦਾ ਹੈ ਕਿ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਗੱਲ ਕਰਕੇ ਸਰਕਾਰ ਦਾ ਸਿਆਸੀ ਮੁਫਾਦ ਪੂਰਾ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਵਿਸਾਰਿਆ ਗਿਆ ਹੈ, ਜੋ ਕਿ ਇਤਿਹਾਸਕ ਭੁੱਲ ਹੈ। ਇਸ ਦੇ ਨਾਲ ਹੀ ਦੂਜੀ ਵੱਡੀ ਗੱਲ ਇਹ ਹੈ ਕਿ 'ਗੁਰੂ ਨਾਨਕ ਜਹਾਜ਼' ਦਾ ਨਾਂ ਵੀ ਵਿਸਾਰ ਦਿੱਤਾ ਗਿਆ ਹੈ, ਜੋ ਕਿ ਇਤਿਹਾਸ ਨੂੰ ਵਿਗਾੜਨ ਦੇ ਤੁਲ ਹੈ। ਇਸ ਗ਼ਲਤ ਦਾ ਦੁੱਖ ਜ਼ਰੂਰ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਦੇ ਨਾਲ-ਨਾਲ ਬਹੁਤਾਤ ਮੀਡੀਏ ਨੇ, ਭਾਰਤੀਆਂ ਨੇ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਵੀ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੀ ਸ਼ਹਾਦਤ ਨੂੰ ਇਉਂ ਹੀ ਵਿਸਾਰ ਦਿੱਤਾ ਹੈ।

ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੇ ਨਸਲਵਾਦ ਹੰਢਾਇਆ, ਉਹ ਬਸਤੀਵਾਦ ਦੇ ਖਿਲਾਫ ਲੜੇ। ਉਹ ਦੇਸ਼ ਦੇ ਆਜ਼ਾਦੀ ਘੁਲਾਟੀਏ ਸਨ, ਜਿਹਨਾਂ ਨੂੰ ਵਿਸਾਰਨਾ ਅਕ੍ਰਿਤਘਣਤਾ ਦੀ ਸਿਖਰ ਹੈ। ਦਰਅਸਲ ਸੰਸਾਰ ਦੇ ਇਤਿਹਾਸ ਵਿੱਚ ਇਸ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ, ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਗੁਰੂ ਨਾਨਕ ਜਹਾਜ਼ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ। ਦਰਅਸਲ 109 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਉਸ ਨੂੰ ਜਬਰੀ ਵਾਪਸ ਮੋੜ ਦਿੱਤਾ ਸੀ।

ਇਹ ਸਮੁੰਦਰੀ ਬੇੜਾ ਜਾਪਾਨ ਤੋਂ ਖ਼ਰੀਦਣ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਇਸ ਦਾ ਨਾਂ ਸ੍ਰੀ ਗੁਰੂ ਨਾਨਕ ਜਹਾਜ਼ ਰੱਖਿਆ ਸੀ, ਜਿਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਉਨ੍ਹਾਂ ਆਤਮ-ਕਥਾ (ਜ਼ੁਲਮੀ ਕਥਾ) 'ਸ੍ਰੀ ਗੁਰੂ ਨਾਨਕ ਜਹਾਜ਼ (ਕੋਮਾਗਾਟਾ ਮਾਰੂ) ਦੇ ਮੁਸਾਫਿਰਾਂ ਦੀ ਦਰਦ ਭਰੀ ਕਹਾਣੀ' ਵਿੱਚ ਬਿਆਨ ਕੀਤੀ ਹੈ। ਬਹੁਤ ਸਾਰੇ ਇਤਿਹਾਸਕਾਰਾਂ ਵੱਲੋਂ ਅੱਜ ਵੀ ਜਾਣ-ਬੁੱਝ ਕੇ ਜਾਂ ਅਣਜਾਣੇ ਵਿੱਚ ਇਸ ਨੂੰ ਜਾਪਾਨੀ ਨਾਂਅ ਕੋਮਾਗਾਟਾਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਪਰ ਜਹਾਜ਼ ਲੀਜ਼ 'ਤੇ




ਲੈਣ ਮਗਰੋਂ, ਇਸ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ। ਬਾਬਾ ਜੀ ਨੇ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਰਜਿਸਟਰ ਕਰਾਈ ਸੀ ਅਤੇ ਉਸ ਅਧੀਨ ਹੀ 'ਗੁਰੂ ਨਾਨਕ ਸਟੀਮਰ ਭਾਵ ਜਹਾਜ਼' ਉਤਾਰਿਆ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਕਾਮਾਗਾਟਾ ਮਾਰੂ ਨਾਂਅ ਤੋਂ ਪਹਿਲਾਂ, ਇਸ ਜਹਾਜ਼ ਦਾ ਨਾਂ ਹੋਰ ਸੀ ਅਤੇ ਬਾਅਦ ਵਿੱਚ ਵੀ ਕਿਸੇ ਹੋਰ ਕੰਪਨੀ ਹੀਆ ਮਾਰੂ ਨੇ ਖਰੀਦ ਲਿਆ ਸੀ।

ਸਾਡਾ ਸਬੰਧ ਕਿਸੇ ਸਮੁੰਦਰੀ ਜਹਾਜ਼ ਨਾਲ ਨਹੀਂ, ਬਲਕਿ ਉਸ ਬਿਰਤਾਂਤ ਨਾਲ ਹੈ, ਜਿਸ ਰਾਹੀਂ ਬਾਬਾ ਗੁਰਦਿੱਤ ਸਿੰਘ ਜੀ ਨੇ ਨਸਲਵਾਦ ਖਿਲਾਫ ਚੁਣੌਤੀ ਦਿੱਤੀ। ਬਹੁਤ ਸੋਚ ਵਿਚਾਰ ਕੇ ਬਾਬਾ ਗੁਰਦਿੱਤ ਸਿੰਘ ਜੀ ਨੇ ਇਸ ਦਾ ਨਾਂਅ 'ਗੁਰੂ ਨਾਨਕ ਜਹਾਜ਼' ਰੱਖਿਆ, ਕਿਉਂਕਿ ਗੁਰੂ ਨਾਨਕ ਨਾਂਅ ਦੇ ਅਧੀਨ ਹੀ ਸਭ ਨੂੰ ਆਪਣੀ ਬੁੱਕਲ ਵਿੱਚ ਲਿਆ ਜਾ ਸਕਦਾ ਸੀ ਅਤੇ 'ਸ਼ਿਪ' ਦੀ ਥਾਂ 'ਤੇ 'ਜਹਾਜ਼' ਸ਼ਬਦ ਵਰਤਣਾ ਵੀ ਪੰਜਾਬੀ ਮਾਂ ਬੋਲੀ ਦਾ ਸਤਿਕਾਰ ਅਤੇ ਗਿਆਨ ਵਧਾਉਣਾ ਸੀ। ਅਫਸੋਸ ਇਹ ਹੈ ਕਿ ਸਾਡੇ ਲੇਖਕਾਂ ਅਤੇ ਸਿਆਸਤਦਾਨਾਂ ਨੇ ਕਾਮਾਗਾਟਾ ਮਾਰੂ ਨਾਂਅ ਨੂੰ ਪ੍ਰਚੱਲਤ ਕਰਕੇ, ਨਾ ਸਿਰਫ ਇਤਿਹਾਸ ਨਾਲ ਬੇਇਨਸਾਫੀ ਕੀਤੀ ਹੈ, ਬਲਕਿ ਪੰਜਾਬੀ ਮਾਂ ਬੋਲੀ ਨਾਲ ਵੀ ਧਰੋਹ ਕਮਾਇਆ ਹੈ। ਇਹਨਾਂ ਵਿੱਚ ਸਿੱਖੀ ਪ੍ਰਤੀ ਸੰਕੀਰਣਤਾ ਵੀ ਝਲਕਦੀ ਹੈ। ਚਾਹੇ ਇੱਕ ਪਾਸੇ ਕਾਮਾਗਾਟਾ ਮਾਰੂ ਦੁਖਾਂਤ ਨਸਲਵਾਦ ਵਿਰੋਧੀ ਸੰਘਰਸ਼ ਹੈ, ਦੂਸਰੇ ਪਾਸੇ 'ਗੁਰੂ ਨਾਨਕ ਜਹਾਜ਼' ਨਾਂਅ ਮਿਟਾ ਕੇ, ਆਪਣੇ ਆਪ ਵਿੱਚ ਇੱਕ ਹੋਰ ਨਸਲਵਾਦ ਪੈਦਾ ਕੀਤਾ ਜਾ ਰਿਹਾ ਹੈ। ਇਹ ਇਤਿਹਾਸਿਕ ਵਿਗਾੜ ਦੁਖਦਾਈ ਵੀ ਹੈ ਅਤੇ ਚਿੰਤਾਜਨਕ ਵੀ।

ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਿਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। ਜ਼ੁਲਮ-ਸਿਤਮ ਦੀ ਇਹ ਹੱਦ ਸੀ ਕਿ ਮੁਸਾਫ਼ਿਰਾਂ ਨਾਲ ਅਣਮਨੁੱਖੀ ਵਰਤਾਉ ਕੀਤਾ ਗਿਆ ਤੇ ਇਕ ਹੋਰ ਜਹਾਜ਼ ਰਾਹੀਂ ਹਮਲਾ ਕਰਕੇ, ਕਾਮਾਗਾਟਾਮਾਰੂ ਬੇੜੇ ਨੂੰ ਡੋਬਣ ਦੀ ਵੀ ਸਾਜ਼ਿਸ਼ ਰਚੀ ਗਈ।

ਨਸਲੀ ਵਰਤਾਓ ਤੇ ਧੱਕੇਸ਼ਾਹੀ ਕਰਦਿਆਂ ਜਹਾਜ਼ ਨੂੰ ਭਾਰਤ ਵਾਪਸ ਮੋੜ ਦਿੱਤਾ ਗਿਆ, ਜਿਥੇ 29 ਸਤੰਬਰ 1914 ਨੂੰ ਕਲਕੱਤੇ ਦੇ ਬਜਬਜ ਘਾਟ 'ਤੇ ਬ੍ਰਿਟਿਸ਼ ਸਰਕਾਰ ਵੱਲੋਂ ਮੁਸਾਫ਼ਿਰਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਨਤੀਜੇ ਵਜੋਂ 19 ਵਿਅਕਤੀ ਸ਼ਹੀਦ ਹੋ ਗਏ ਤੇ ਅਨੇਕਾਂ ਨੂੰ ਸਖ਼ਤ ਸਜ਼ਾਵਾਂ ਹੋਈਆਂ। ਕੈਨੇਡਾ ਦੀ ਧਰਤੀ 'ਤੇ ਗੁਰੂ ਨਾਨਕ ਜਹਾਜ਼ ਦੇ ਦੁਖਾਂਤ (ਕਾਮਾਗਾਟਾਮਾਰੂ ਦੁਖਾਂਤ) ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਗ਼ਦਰੀ ਬਾਬਿਆਂ ਦੀ ਸੋਚ ਵਿਰੋਧੀ ਨਕਲੀ ਵਾਰਿਸਾਂ ਨੇ ਚਾਹੇ ਮੁਆਵਜ਼ੇ ਤੱਕ ਸਵੀਕਾਰ ਕਰ ਲਏ, ਪਰ ਅਸਲੀ ਵਾਰਸਾਂ ਵੱਲੋਂ ਮੁਆਵਜ਼ੇ ਦੀ ਪੇਸ਼ਕਸ਼ ਠੁਕਰਾ ਕੇ, ਮੁਆਫ਼ੀ ਲਈ ਹੀ ਆਵਾਜ਼ ਉਠਾਈ ਗਈ। ਗ਼ਦਰੀ ਬਾਬਿਆਂ ਦੇ ਮੇਲੇ 'ਚ ਆ ਕੇ ਚਾਹੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਮੁਆਫ਼ੀ ਮੰਗੀ,


No 263 SRI GURUNANAK STEAMAR CO.
CLASS PASSENGERS' TICKET
Steam ship "KOMAGATAMARU"
having received the sum of ...
only it is hereby agreed that ... shall
be provided with ... class passage as above
from Hongkong to Victoria or Vancouver
in the above named steamar intended
to sail on
For SRI GURUNANAK STEAMAR CO.
GURDIT SINGH
DIRECTOR
SRI GURUNANAK STEAMAR CO.

ਗੁਰੂ ਨਾਨਕ ਜਹਾਜ਼ ਦੀ ਟਿਕਟ

ਪਰ ਕੈਨੇਡਾ ਦੀ ਪਾਰਲੀਮੈਂਟ 'ਚ ਅਜਿਹਾ ਸੰਭਵ ਨਾ ਹੋਇਆ, ਹਾਲਾਂ ਕਿ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਵਿਧਾਨ ਸਭਾ 'ਚ ਪਹਿਲਾਂ ਹੀ ਅਜਿਹਾ ਕੀਤਾ ਗਿਆ।

ਆਖ਼ਰਕਾਰ ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਦੇ ਜਸ਼ਨਾਂ ਮੌਕੇ ਮੁਆਫ਼ੀ ਮੰਗਣ ਲਈ 18 ਮਈ, 2016 ਦੇ ਦਿਨ ਦਾ ਐਲਾਨ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ, ਜਿਸ ਦਾ ਸਭ ਪਾਸਿਓਂ ਸਵਾਗਤ ਹੋਇਆ। ਕੈਨੇਡਾ ਦੀ ਪਾਰਲੀਮੈਂਟ 'ਚ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਚਾਹੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਲਈ ਮੁਆਫ਼ੀ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਟਰੂਡੋ ਨੇ ਬਾਹਰੋਂ ਆ ਕੇ ਇਥੇ ਵਸੇ ਭਾਈਚਾਰੇ ਨੂੰ ਵੱਡਾ ਸਨਮਾਨ ਦਿੱਤਾ ਤੇ ਆਪਣੀ ਵਜ਼ਾਰਤ 'ਚ ਚਾਰ ਮੰਤਰੀ ਸਿੱਖ ਭਾਈਚਾਰੇ 'ਚੋਂ ਸ਼ਾਮਿਲ ਕੀਤੇ। ਫੇਰ ਸੰਸਦ 'ਚ ਮੁਆਫ਼ੀ ਮੰਗ ਕੇ ਉਨ੍ਹਾਂ ਕੈਨੇਡਾ ਦਾ ਅਕਸ ਕੌਮਾਂਤਰੀ ਪੱਧਰ 'ਤੇ ਹੋਰ ਵੀ ਮਜ਼ਬੂਤ ਕੀਤਾ। ਉਨ੍ਹਾਂ ਦੇ ਪਿਤਾ ਸਾਬਕਾ ਪ੍ਰਧਾਨ ਮੰਤਰੀ ਏਲੀਅਟ ਪੀਅਰੇ ਟਰੂਡੋ ਵੱਲੋਂ 'ਚਾਰਟਰ ਆਫ ਰਾਈਟਸ' ਦੇ ਉਪਰਾਲੇ ਰਾਹੀਂ ਕੈਨੇਡਾ ਨੂੰ 'ਮਨੁੱਖੀ ਅਧਿਕਾਰਾਂ ਦਾ ਚੈਂਪੀਅਨ' ਬਣਾਇਆ ਗਿਆ ਸੀ, ਜਦਕਿ ਜਸਟਿਨ ਟਰੂਡੋ ਨੇ ਇੱਕ ਕਦਮ ਹੋਰ ਅੱਗੇ ਵਧਦਿਆਂ 109 ਸਾਲ ਪਹਿਲਾਂ ਮਿਲੇ ਜ਼ਖ਼ਮਾਂ 'ਤੇ ਵੀ ਮਲ੍ਹਮ ਲਾ ਕੇ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਮਿਸਾਲ ਕਾਇਮ ਕੀਤੀ। ਸੰਸਾਰ ਭਰ 'ਚ ਆਮ ਕਰਕੇ ਅਤੇ ਭਾਰਤ 'ਚ ਖ਼ਾਸ ਕਰਕੇ ਕੈਨੇਡਾ ਦੀ ਪਾਰਲੀਮੈਂਟ 'ਚ ਮੁਆਫ਼ੀ ਮੰਗੇ ਜਾਣ ਦੀ ਚਰਚਾ ਕੀਤੀ ਗਈ ਅਤੇ ਇਸ ਸਬੰਧੀ ਵੱਖ -ਵੱਖ ਸਰਕਾਰਾਂ ਨੇ ਬਿਆਨ ਵੀ ਦਰਜ ਕੀਤੇ । ਜਿਥੇ ਇਹ ਚੰਗੀ ਗੱਲ ਸੀ, ਉਥੇ ਇਸ ਤੋਂ ਸਬਕ ਸਿੱਖਣ ਦੀ ਵੀ ਲੋੜ ਹੈ। ਜੇਕਰ ਕੈਨੇਡਾ 'ਚੋਂ ਕਾਮਾਗਾਟਾਮਾਰੂ ਜਹਾਜ਼ ਵਾਪਸ ਮੋੜਿਆ ਗਿਆ, ਤਾਂ ਕੈਨੇਡਾ ਨੇ ਉਸ ਗ਼ਲਤੀ ਦਾ ਸੰਸਦ 'ਚ ਪਛਤਾਵਾ ਕੀਤਾ ਹੈ।

29 ਸਤੰਬਰ 1914 ਨੂੰ ਕੈਨੇਡਾ ਤੋਂ ਭਾਰਤ ਪੁੱਜਣ 'ਤੇ ਇਸ ਜਹਾਜ਼ ਦੇ 19 ਮੁਸਾਫ਼ਿਰਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਇਹ ਉਸ ਤੋਂ ਵੀ ਵੱਡਾ ਦੁਖਾਂਤ ਸੀ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਗੁਰੂ ਨਾਨਕ ਜਹਾਜ ਦੇ ਮੁਸਾਫਰਾਂ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫ਼ਿਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਸੀ। ਪਰ ਦੁੱਖ ਅਤੇ ਸ਼ਰਮ ਦੀ ਗੱਲ ਇਹ ਹੈ ਕਿ ਜਿਸ ਦਿਨ ਇਹ ਸ਼ਹੀਦੀਆਂ ਹੋਈਆਂ ਸਨ, ਭਾਰਤ ਦੀ ਨਾ ਕੇਂਦਰੀ ਸਰਕਾਰ ਤੇ ਨਾ ਹੀ ਪੰਜਾਬ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਯਾਦ ਤੱਕ ਕੀਤਾ। 'ਸ਼ੇਰਾਂ ਦੀਆਂ ਮਾਰਾਂ


JUDICIAL
The 9th May 1922
No. 15158-J. — Whereas the second part of the book entitled "Guru Nanak Jahaz de musafiran di dukh bhari kahani" appears to the Local Government to contain matter, the publication of which is punishable under section 124-A of the Indian Penal Code, inasmuch as it attempts to excite disaffection towards the Government established by law in British India, it is hereby notified that such book is forfeited to His Majesty under the provisions of section 99-A of the Criminal Procedure Code, 1898, as amended by the Press Law Appeal and Amendment Act, 1922.
Sd/-
Chief Secretary to Government, Punjab

ਗੁਰੂ ਨਾਨਕ ਜਹਾਜ਼ ਦਾ ਕੇਸ

ਅਤੇ ਗਿੱਦੜਾਂ ਦੀਆਂ ਕਲੋਲਾਂ' ਦੇ ਕਥਨ ਵਾਂਗ ਜਿਨ੍ਹਾਂ ਯੋਧਿਆਂ ਦੀਆਂ ਸ਼ਹੀਦੀਆਂ ਕਰਕੇ ਇਹ ਕੁਰਸੀਆਂ ਮਿਲੀਆਂ, ਉਨ੍ਹਾਂ ਦੇ ਦਿਨ ਵਿਸਾਰ ਕੇ 'ਆਪਣੇ ਸਿਆਸੀ ਆਕਾਵਾਂ' ਦੇ ਸੋਹਲੇ ਗਾਏ ਜਾ ਰਹੇ ਹਨ। ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ। ਕੇਂਦਰ ਵਿੱਚ ਭਾਜਪਾ ਸਰਕਾਰ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ, ਵਿਰੋਧੀ ਧਿਰਾਂ ਵਿੱਚ ਕਾਂਗਰਸ ਤੇ ਇੱਥੋਂ ਤੱਕ ਕਿ ਅਕਾਲੀ ਦਲ ਦੇ ਵੱਲੋਂ ਵੀ, ਅੱਜ ਦੇ ਦਿਨ ਇਨ੍ਹਾਂ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੇ ਜਾਣ ਦੀ ਲੋੜ‹ ਨਹੀਂ ਸਮਝੀ ਗਈ। ਇਉਂ ਇਹ ਸਾਰੇ ਸਿਆਸਤਦਾਨ ਇਤਿਹਾਸ ਦੇ ਦੋਸ਼ੀ ਹਨ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਗੁਨਾਹਗਾਰ ਹਨ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਗੁਰੂ ਨਾਨਕ ਜਹਾਜ਼ ਦੇ ਲਗਪਗ ਸਾਰੇ ਮੁਸਾਫ਼ਿਰ ਅਣਵੰਡੇ ਪੰਜਾਬ ਨਾਲ ਸਬੰਧਤ ਸਨ। ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ-ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਮੰਗੀ ਮੁਆਫ਼ੀ ਅਰਥ ਰੱਖਦੀ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੁਨੀਆ ਦੇ ਆਗੂਆਂ ਨੂੰ ਇਹ ਸੁਨੇਹਾ ਦਿੱਤਾ ਕਿ ਕੋਈ ਮੁਲਕ ਬੀਤੇ 'ਚ ਹੋਏ ਗੁਨਾਹਾਂ ਦੀ ਮੁਆਫ਼ੀ ਮੰਗਣ ਨਾਲ ਛੋਟਾ ਨਹੀਂ ਹੁੰਦਾ, ਬਲਕਿ ਉਸ ਦਾ ਸਨਮਾਨ ਹੋਰ ਵੀ ਉੱਚਾ ਹੁੰਦਾ ਹੈ।

(ਬਾਕੀ ਸਫ਼ਾ 31 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਰਾਮਦਾਸ ਜੀ

## (ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼)

ਗੁਰੂ ਰਾਮਦਾਸ ਜੀ ਦਾ ਗੁਰਿਆਈ ਸਮਾਂ 40 ਸਾਲ ਦੀ ਉਮਰ ਤੋਂ 1574-1581 ਤੱਕ ਦਾ ਹੈ। ਹੰਮਾਙੂ 1530 ਵਿੱਚ ਮੁਗਲ ਬਾਦਸ਼ਾਹ ਬਣਿਆ। ਉਸ ਵੇਲੇ ਪੰਜਾਬ ਵਿੱਚ ਰਾਜਨੀਤਿਕ ਅਰਾਜਕਤਾ ਸੀ। ਅਕਬਰ ਅਕਤੂਬਰ 1556 ਵਿੱਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਸਾਹਿਬ ਜੀ ਉਸ ਸਮੇਂ ਗੁਰੂ ਅਮਰਦਾਸ ਸਾਹਿਬ ਜੀ ਦੀ ਸਪ੍ਰਸਤੀ ਹੇਠ, ਗੋਇੰਦਵਾਲ ਵਿਖੇ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਦਾ ਗੈਰ ਇਸਲਾਮ ਧਰਮਾਂ ਨਾਲ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿੱਚ ਵੰਡੀਆਂ ਪਈਆਂ ਸਨ। ਜਾਤ-ਪਾਤ, ਧੜੇਬੰਦੀ ਲੁੱਟ ਖੁਸੁੱਟ ਜੋਰਾਂ 'ਤੇ ਸੀ।

ਗਿਆਨ ਵਿਹੂਣੇ ਲੋਕ ਹਨੇਰ ਵਿੱਚ ਭਟਕ ਰਹੇ ਸਨ ਪਰ ਬਾਦਸ਼ਾਹ ਅਕਬਰ ਆਪ ਖੁਸ਼ਦਿਲ ਅਤੇ ਖੁਲ੍ਹੇ ਸੁਭਾਅ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ 16 ਸਤੰਬਰ 1574 ਵਿੱਚ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚਲਤ ਝੂਠੇ ਕਰਮਕਾਂਡਾਂ, ਰੀਤੀ ਰਿਵਾਜਾਂ , ਰਸਮਾਂ ਦਾ ਵਿਰੋਧ ਕਰਕੇ ਇੱਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ 9 ਅਕਤੂਬਰ 1534 ਵਿੱਚ ਚੂਨਾ ਮੰਡੀ ਲਾਹੌਰ ਵਿਖੇ ਮਾਤਾ ਅਨੂਪ ਦੇਵੀ ਅਤੇ ਪਿਤਾ ਹਰੀਦਾਸ ਦੇ ਗ੍ਰਹਿ ਵਿਖੇ ਹੋਇਆ। ਪਲੇਠੇ ਪੁੱਤਰ ਸਨ। ਉਹਨਾਂ ਦੇ ਪਿਤਾ ਸਾਧਾਰਨ ਦੁਕਾਨਦਾਰ ਸਨ। ਆਪ ਜੀ ਨੂੰ ਜੇਠਾ ਦੇ ਨਾਮ ਨਾਲ ਬੁਲਾਇਆ ਜਾਂਦਾ। ਆਪ ਬਚਪਣ ਤੋਂ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਵਾਲੇ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ। ਜਿਥੇ ਆਪ ਜੀ ਘੁੰਙਣੀਆਂ ਵੇਚ ਕੇ ਪ੍ਰਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਵਿੱਚ ਹੀ ਹੋਈ, ਜਿਸ ਵੇਲੇ ਭਾਈ ਜੇਠਾ ਜੀ ਦੀ ਉਮਰ 12 ਕੁ ਸਾਲ ਸੀ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਇਹ ਕੰਮ ਸ਼ਾਂਤ ਚਿੱਤ , ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ।

ਇਸ ਤਰਾਂ ਦੇ ਕਾਰ ਵਿਹਾਰ ਦੇ ਨਾਲ ਨਾਲ ਗੁਰੂ ਘਰ ਵਿੱਚ ਸੇਵਾ, ਸਿਮਰਨ ਤੇ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿੱਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿੱਚ ਉਤਸ਼ਾਹ ਅਤੇ ਰੁਚੀ ਵੱਧਦੀ ਗਈ। ਉਹ ਮਧੁਰ ਸੁਰ ਵਿੱਚ ਗਾਉਂਦੇ ਸਨ ਅਤੇ ਤੰਤਰੀ ਸਾਜ਼ ਵੀ ਵਜਾਉਂਦੇ। ਉਹ ਇੱਕ ਮੌਲਿਕ ਕਵੀ ਸਨ। ਉਹਨਾਂ ਗੁਰਬਾਣੀ ਦੀ ਰਚਨਾ ਵੀ ਕੀਤੀ।

ਉਹ 20 ਸਾਲ ਦੀ ਉਮਰ ਵਿੱਚ ਰਿਸ਼ਟ ਪੁਸ਼ਟ ਹੋ ਚੁੱਕੇ ਸਨ । ਗੁਰੂ ਅਮਰਦਾਸ ਸਾਹਿਬ ਜੀ ਭਾਈ ਜੇਠ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਡੀਲ ਡੋਲ, ਸੇਵਾ ਸਿਮਰਨ ਤੋਂ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਕਰ ਦਿੱਤਾ। ਪਿਤਰੀ ਸਨੇਹ ਕਰਕੇ ਵੀ ਦੰਪਤੀ ਨੂੰ ਆਪਣੇ ਪ੍ਰਵਾਰ ਵਿੱਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿੱਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖ ਜੀਵਨ ਨੂੰ ਅਪਣਾ ਲਿਆ ਸੀ। ਜਦੋਂ ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰੇ ਪ੍ਰਬੰਧ ਦੀ ਜਿੰਮੇਵਾਰੀ ਲੈ ਲਈ ਸੀ। ਆਪ ਕਾਰ ਸੇਵਾ ਕਰਦਿਆਂ ਟੋਕਰੀ ਢੋਹਿਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉੱਪਰ ਉੱਠ ਕੇ ਸੇਵਾ ਕਰਦੇ ਰਹੇ। ਸੇਵਾ ਦੇ ਨਾਲ ਹੀ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ।

ਜਦੋਂ ਮੁਗਲ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਹੋਰ ਵਿਰੋਧੀ ਜਾਤ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੇ ਧਰਮ ਪ੍ਰਚਾਰ ਵਿਰੁੱਧ ਸ਼ਿਕਾਇਤ ਕੀਤੀ ਤਾਂ ਬਾਦਸ਼ਾਹ ਨੇ ਗੁਰੂ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ।

ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਸਿੱਖ ਧਰਮ ਦਾ ਪੱਖ ਪੇਸ਼ ਕਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਜੀ ਦੀ ਬਾਣੀ ਦੀ ਪੂਰਬੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਸਿੱਖ ਧਰਮ ਦਾ ਪੱਖ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡੇ ਧਰਮ ਦਾ ਮਨੋਰਥ ਲੋਕ ਭਲਾਈ ਹੈ। ਬਾਦਸ਼ਾਹ ਅਕਬਰ ਦੇ ਸਾਰੇ ਸ਼ੰਕੇ ਦੂਰ ਹੋ ਗਏ। ਇਸ ਤਰਾਂ ਸਾਰੇ ਦੋਸ਼ ਵੀ ਖਾਰਿਜ਼ ਹੋ ਗਏ।

ਸੇਵਾ, ਭਗਤੀ, ਪ੍ਰੇਮ ਗਿਆਨ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ, ਉਹਨਾਂ ਦੀ ਦ੍ਰਿੜ ਘਾਲਣਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਸਾਹਿਬ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹੋ ਗਏ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਰਾਮਦਾਸ ਜੀ ਦਾ ਨਾਉਂ ਦੇ ਕੇ ਗੁਰਗੱਦੀ ਬਿਠਾਇਆ ਜੋ ਸਿੱਖ ਧਰਮ ਦੇ ਚੌਥੇ ਗੁਰੂ ਹੋਏ ਹਨ।

ਗੁਰੂ ਰਾਮਦਾਸ ਜੀ ਨੇ ਗੁਰਬਾਣੀ ਰਚਨਾ ਦੇ ਖੇਤਰ ਵਿੱਚ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਇੱਕਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਉਤਾਰੇ ਤਿਆਰ ਕਰਦੇ ਰਹੇ, ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿੱਚ ਢਾਲ ਲਿਆ ਸੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿੱਚ ਉਨ੍ਹਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿੱਚ ਦਰਜ਼ ਹਨ। ਜਿਵੇਂ ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ, ਵਾਰਾਂ ਅਤੇ ਵਧੀਕ ਵਿੱਚ ਹਨ। ਉਹ ਸ਼ਾਂਤੀ ਅਤੇ ਪ੍ਰੇਮ ਦੇ ਕਵੀ ਸਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ ਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆਂ ਜਾਂਦਾ ਹੈ ਨਾ ਕਿ ਜਾਤ ਨਾਲ। ਹਉਮੇ ਦਾ ਤਿਆਗ ਕਰਕੇ ਪਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਗਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਅਤੇ ਸੁੱਚੀ ਕ੍ਰਿਤ, ਵੰਡ ਕੇ ਛੱਕਣਾਂ, ਸਿੱਖੀ ਦੇ ਮੀਰੀ ਗੁਣ ਹਨ। ਆਪਣੇ ਆਪ ਨੂੰ ਸੱਚਾ ਸਿੱਖ ਕਹਾਉਣ ਵਾਲੇ ਦੀ ਸੇਵਰ ਦੀ ਗਤੀਵਿਧੀ ਦਾ ਵਰਨਣ ਹੈ : ਜੋ ਆਪਣੇ ਆਪ ਨੂੰ ਸੱਚੇ ਗੁਰੂ ਦਾ ਸਿੱਖ ਅਖਵਾਉਂਦਾ ਹੈ, ਉਹ ਸਵੇਰੇ ਉੱਠ ਕੇ ਵਾਹਿਗੁਰੂ ਦੇ ਨਾਮੁ ਦਾ ਸਿਮਰਨ ਕਰੇ। ਅੰਮ੍ਰਿਤ ਸਰੋਵਰ ਵਿੱਚ ਰੋਜ਼ਾਨਾ ਇਸ਼ਨਾਨ ਕਰੇ, ਗੁਰਾਂ ਦੇ ਉਪਦੇਸ਼ ਅਨੁਸਾਰ ਹਰਿ ਹਰਿ ਦਾ ਉਚਾਰਨ ਕਰੇ। ਸਾਰੇ ਪਾਪ ਕੁਕਰਮ ਅਤੇ ਨਾਕਾਰਾਤਮਕਤਾ ਮਿੱਟ ਜਾਵੇਗੀ।

ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ 'ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਨਾਲ ਮੁਕਤੀ ਦਾ ਮਾਰਗ, ਪਰਮਾਤਮਾ ਨਾਲ ਮਿਲਣ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ 1570 ਵਿੱਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉੱਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਬੈਠ ਕੇ ਉਦੇਸ਼ ਦਿੰਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ।

ਗੁਰੂ ਰਾਮਦਾਸ ਜੀ ਨੇ ਆਪਣੇ ਗੁਰੂ ਕਾਲ (1574-1581) ਵਿੱਚ ਖਾਸ ਤੌਰ ਤੇ ਸਮਾਜ ਦੀ ਬਣਤਰ ਨੂੰ ਸੰਗਠਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਿੰਡ ਗੁਰੂ ਕਾ ਚੱਕ ਦੀ ਨੀਂਹ ਰੱਖੀ। ਜਿਸ ਦਾ ਨਾਉਂ ਰਾਮਦਾਸ ਪੁਰ ਜਾਂ ਚੱਕ ਰਾਮਦਾਸ ਪੁਰ ਹੋ ਗਿਆ। ਸੰਨ 1577 ਵਿੱਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ। ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਜਿਸ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ , ਆਰਥਿਕ ਅਤੇ ਰੁਜ਼ਗਾਰ ਪੱਖੋਂ ਵੀ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿੱਚ ਕੋਈ ਥੁੜ ਨਾ ਹੋਵੇ। ਆਪਸੀ ਮਿਲਵਰਤਣ, ਪਿਆਰ, ਪ੍ਰੇਮ ਅਤੇ ਸਾਂਝੇ ਭਾਈ ਚਾਰਕ ਲੋਕ ਵੱਸਣ। ਉਨ੍ਹਾਂ ਵੱਖ ਵੱਖ ਜਾਤਾਂ ਫਿਰਕਿਆਂ ਦੇ ਵੱਖ ਵੱਖ ਹੁਨਰ ਦੇ ਨਿੰਪੁਨ ਦਸਤਕਾਰਾਂ ਕ੍ਰਿਤੀਆਂ ਨੂੰ ਵਸਾਇਆ। ਵਸੇਬੇ ਲਈ ਉਨ੍ਹਾਂ ਦੀ ਮਦਦ ਵੀ ਕੀਤੀ। ਜਿਸ ਨਲ ਨਗਰ ਦਾ ਤੇਜੀ ਨਾਲ ਵਿਕਾਸ ਹੋਇਆ। ਕ੍ਰਿਤੀਆਂ ਨੇ ਸਮੂਹਿਕ ਤੌਰ 'ਤੇ ਇੱਕ ਬਜ਼ਾਰ ਦੇ ਰੂਪ ਵਿੱਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਹੋਂਦ ਵਿੱਚ ਆਇਆ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ 'ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਉਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇੱਕ ਮਕਾਨ ਵੀ ਬਣਵਾਇਆ, ਜਿਸ ਦਾ ਨਾਉਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਨਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਅਤੇ ਉਸਾਰੀ ਨਿਰਮਾਣ ਲਈ ਕੰਮ ਜਾਰੀ ਹੋਏ। ਇਨ੍ਹਾਂ ਖ਼ਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇੱਕਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ। ਅੱਗੋਂ ਇਹ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ ਕੋਲ ਸੀ। ਜੋ ਗੁਰੂ ਦਾ ਸੰਦੇਸ਼ ਸੰਗਤ ਤਕ ਪਹੁੰਚਾਉਂਦੇ। ਗੁਰੂ ਅਤੇ ਸੰਗਤਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦੇ ਸਨ। ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰਗੱਦੀ ਸੌਂਪਣ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨ ਦੀ ਸੋਚੀ। ਉਹ ਪ੍ਰਵਾਰ ਸਮੇਤ ਗੋਇੰਦਵਾਲ ਚਲੇ ਗਏ ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿੱਚ ਵਿਰੋਧ ਜਾਰੀ ਸੀ। ਆਪ ਜੀ ਨੇ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਪੂਰੇ ਮੁਲਕ ’ਚੋਂ ਸਭ ਤੋਂ ਭਾਰੀ

**ਕਮਲਜੀਤ ਸਿੰਘ**




ਨੈਸ਼ਨਲ ਬੈਂਕ ਫ਼ਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਤਾਜ਼ਾ ਰਿਪੋਰਟ ਵਿੱਚ ਫਿਕਰਮੰਦੀ ਵਾਲੇ ਅੰਕੜੇ ਦੱਸੇ ਗਏ ਹਨ ਕਿ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਪੂਰੇ ਮੁਲਕ ਵਿਚੋਂ ਸਭ ਤੋਂ ਭਾਰੀ ਹੋ ਗਈ ਹੈ। ਪੰਜਾਬ ਦੇ ਕਿਸਾਨਾਂ ਉੱਤੇ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਵੱਧ ਕਰਜ਼ਾ ਚੜ੍ਹ ਆ ਹੋਇਆ ਹੈ। ਪੰਜਾਬ ਵਿੱਚ ਪ੍ਰਤੀ ਕਿਸਾਨ ਔਸਤਨ ਕਰਜ਼ਾ 2 ਲੱਖ 95 ਹਜ਼ਾਰ ਹੈ। ਪੰਜਾਬ ਦੇ 24 ਲੱਖ 92 ਹਜ਼ਾਰ ਕਿਸਾਨਾਂ ਨੇ ਵਪਾਰਕ ਅਤੇ ਸਹਿਕਾਰੀ ਬੈਂਕਾਂ ਤੋਂ 73673.62 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਸ਼ਾਹੂਕਾਰਾਂ ਅਤੇ ਆੜ੍ਹਤੀਆਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ। ਗ਼ੈਰ-ਸਰਕਾਰੀ ਅੰਦਾਜ਼ੇ ਮੁਤਾਬਕ ਪੰਜਾਬ ਦੇ ਕਿਸਾਨਾਂ ਸਿਰ ਗ਼ੈਰ-ਸੰਸਥਾਨ ਭਾਵ ਸ਼ਾਹੂਕਾਰਾਂ ਦਾ 12,874 ਕਰੋੜ ਰੁਪਏ ਦਾ ਕਰਜ਼ਾ ਹੈ, ਜਿਹੜੀ ਕਿ ਹੋਰ ਵੀ ਚਿੰਤਾ ਵਾਲੀ ਗੱਲ ਹੈ।

ਸਾਲ 2016 ਦੌਰਾਨ ਪੰਜਾਬ ਦੇ ਕਿਸਾਨਾਂ ਸਿਰ ਜਿਹੜੇ ਕਰਜ਼ੇ ਦੀ ਰਕਮ 690355 ਕਰੋੜ ਰੁਪਏ ਦੱਸੀ ਗਈ ਸੀ। ਇਸ ਦਾ ਮਤਲਬ ਇਹ ਹੋਇਆ ਕਿ ਕਿਸਾਨ ਸਿਰ ਕਰਜ਼ਾ ਲਗਾਤਾਰ ਵਧਦਾ ਗਿਆ ਹੈ, ਜੋ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਕਾਰਨ ਵੀ ਬਣ ਰਿਹਾ ਹੈ। ਇੱਕ ਵੱਖਰੀ ਰਿਪੋਰਟ ਅਨੁਸਾਰ ਪੰਜਾਬ ਦੇ ਕਿਸਾਨ ਸਿਰ 2017 ਤੋਂ ਬਾਅਦ ਪਹਿਲਾਂ ਨਾਲੋਂ 33 ਫ਼ੀਸਦੀ ਕਰਜ਼ਾ ਹੋਰ ਵਧਿਆ ਹੈ। ਖੇਤ ਮਜ਼ਦੂਰਾਂ ਦੀ ਹਾਲਤ ਕਿਸਾਨਾਂ ਤੋਂ ਵੀ ਬਦਤਰ ਦੱਸੀ ਗਈ ਹੈ। ਇਨ ਾਂ ਦੇ ਘਰਾਂ ਦੀ ਗਿਣਤੀ ਨਾ ਹੋਣ ਕਰਕੇ ਕੁੱਲ ਕਰਜ਼ੇ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਕੁੱਝ ਸੈਂਕੜੇ ਮਜ਼ਦੂਰਾਂ ਦੇ ਨਮੂਨੇ ਲੈ ਕੇ ਕੀਤੇ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਪ੍ਰਤੀ ਮਜ਼ਦੂਰ 68329.88 ਰੁਪਏ ਦਾ ਕਰਜ਼ਾ ਚੜ੍ਹ ਚੁੱਕਿਆ ਹੈ। ਸਰਵੇਖਣ ਵਿਚ ਪੰਜਾਬ ਦੇ 360 ਮਜ਼ਦੂਰਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਸ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਕਿਸਾਨ ਮਜ਼ਦੂਰ ਸੰਸਥਾਗਤ ਅਤੇ ਸ਼ਾਹੂਕਾਰਾਂ ਦੇ ਇਕ ਲੱਖ ਕਰੋੜ ਦੇ ਕਰਜ਼ੇ ਹੇਠ ਆ ਚੁੱਕੇ ਹਨ। ਇਸ ਤੋਂ ਇਲਾਵਾ ਭਾਰਤ ਦੀ ਸੰਸਦ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿੱਚ ਸਰਕਾਰ ਵਲੋਂ ਦੱਸਿਆ ਗਿਆ ਸੀ ਕਿ ਪੰਜਾਬ ਦੇ ਵਪਾਰਕ ਬੈਂਕਾਂ ਤੋਂ 21.42 ਲੱਖ ਕਿਸਾਨ ਖਾਤਾਧਾਰਕਾਂ ਨੇ 64694.03 ਕਰੋੜ ਦਾ ਕਰਜ਼ਾ ਲਿਆ ਹੋਇਆ ਹੈ ਜਦਕਿ ਸਹਿਕਾਰੀ ਬੈਂਕਾਂ ਤੋਂ 50635 ਖਾਤਾਧਾਰਕਾਂ ਨੇ ਖੇਤੀ ਦੇ ਨਾਂਅ ਤੇ 1130.23 ਕਰੋੜ ਰੁਪਏ ਦਾ ਕਰਜ਼ਾ ਲੈ ਰੱਖਿਆ ਹੈ। ਇਸੇ ਤਰ ਾਂ ਖੇਤਰੀ ਦਿਹਾਤੀ ਬੈਂਕਾਂ ਤੋਂ 2,99,000 ਕਿਸਾਨ ਖਾਤਾ ਧਾਰਕਾਂ ਨੇ 7849.46 ਕਰੋੜ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਬੈਂਕਾਂ ਦੇ ਕਰਜ਼ੇ ਨਾਲ ਸ਼ਾਹੂਕਾਰਾਂ ਦਾ ਕਰਜ਼ਾ ਜੋੜ ਲਿਆ ਜਾਵੇ ਤਾਂ ਕਿਸਾਨਾਂ ਸਿਰ ਇਕ ਲੱਖ ਕਰੋੜ ਤੋਂ ਕਰਜ਼ਾ ਵਧ ਜਾਂਦਾ ਹੈ। ਕੁਝ ਸਮਾਂ ਪਹਿਲਾਂ ਕਰਵਾਏ ਇਕ ਸਰਵੇਖਣ ਦੌਰਾਨ ਪੰਜਾਬ ਵਿੱਚ 10 ਲੱਖ 53 ਹਜ਼ਾਰ ਕਿਸਾਨ ਪਰਿਵਾਰ ਸਨ। ਛੋਟੀ ਅਤੇ ਦਰਮਿਆਨੀ ਕਿਸਾਨੀ ਵਿਚੋਂ ਕਰੀਬ ਦੋ ਲੱਖ ਕਿਸਾਨਾਂ ਵਲੋਂ ਖੇਤੀ ਛੱਡ ਜਾਣ ਦੇ ਅੰਕੜੇ ਸਾਹਮਣੇ ਆਏ ਹਨ।

ਰਿਪੋਰਟ ਵਿੱਚ ਪੰਜਾਬ ਦੇ ਗੁਆਂਢੀ ਰਾਜ ਹਿਮਾਚਲ ਅਤੇ ਪੰਜਾਬ ਸਮੇਤ ਦੂਜੇ ਕਈ ਰਾਜਾਂ ਦੇ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਬਾਰੇ ਵੀ ਵਿਸਥਾਰ ਵਿੱਚ ਚਾਨਣਾ ਪਾਇਆ ਗਿਆ ਹੈ। ਗੁਆਂਢੀ ਰਾਜ ਹਰਿਆਣਾ ਦੇ ਹਰੇਕ ਕਿਸਾਨ ਸਿਰ ਔਸਤਨ ਦੋ ਲੱਖ ਗਿਆਰਾਂ ਹਜ਼ਾਰ ਦਾ ਕਰਜ਼ਾ ਹੈ। ਗੁਜਰਾਤ ਦਾ ਕਿਸਾਨ ਔਸਤਨ 2.88 ਲੱਖ ਦਾ ਕਰਜ਼ਾ ਢੋਅ ਰਿਹਾ ਹੈ। ਮੱਧ ਪ੍ਰਦੇਸ਼ ਵਿਚ ਪ੍ਰਤੀ ਕਿਸਾਨ 1 ਲੱਖ 40 ਹਜ਼ਾਰ ਦਾ ਕਰਜ਼ਾ ਹੈ। ਆਂਧਰਾ ਪ੍ਰਦੇਸ਼ ਦੇ ਹਰੇਕ ਕਿਸਾਨ ਸਿਰ ਔਸਤਨ ਇਕ ਲੱਖ 72 ਹਜ਼ਾਰ ਰੁਪਏ ਕਰਜ਼ਾ ਚੜ੍ਹ ਆ ਹੋਇਆ ਹੈ। ਕੇਰਲਾ ਦੇ ਹਰੇਕ ਕਿਸਾਨ ਸਿਰ ਔਸਤਨ 1 ਲੱਖ 47 ਹਜ਼ਾਰ ਦਾ ਕਰਜ਼ਾ ਹੈ। ਉੱਤਰ ਪ੍ਰਦੇਸ਼ ਦੇ ਕਿਸਾਨ ਸਿਰ ਔਸਤਨ 1 ਲੱਖ 13 ਹਜ਼ਾਰ ਦਾ ਕਰਜ਼ਾ ਹੈ। ਪੱਛਮੀ ਬੰਗਾਲ ਦੇ ਹਰੇਕ ਕਿਸਾਨ ਸਿਰ ਔਸਤਨ 80 ਹਜ਼ਾਰ ਦਾ ਕਰਜ਼ਾ ਦੱਸਿਆ ਗਿਆ ਹੈ।

ਹਿਮਾਚਲ ਪ੍ਰਦੇਸ਼ ਵਿੱਚ ਕਿਸਾਨਾਂ ਦੀ ਗਿਣਤੀ 5 ਲੱਖ 94 ਹਜ਼ਾਰ 440 ਦੱਸੀ ਗਈ ਹੈ। ਕਿਸਾਨਾਂ ਨੇ 10.626 ਕਰੋੜ ਰੁਪਏ ਦਾ ਸੰਸਥਾਨ ਕਰਜ਼ਾ ਲਿਆ ਹੋਇਆ ਹੈ, ਇਸ ਵਿਚੋਂ 5038 ਕਰੋੜ ਰੁਪਏ ਦਾ ਕਰਜ਼ਾ ਕੇਵਲ ਵਪਾਰਕ ਬੈਂਕਾਂ ਦਾ ਹੈ। ਪੰਜਾਬ ਦੇ ਕਿਸਾਨ ਸਿਰ 2017 ’ਚ 1,95,152 ਕਰੋੜ ਰੁਪਏ ਦਾ ਕਰਜ਼ਾ ਸੀ, ਜਿਹੜਾ ਕਿ 2022 ਤੱਕ ਵਧ ਕੇ 2,61,28 ਕਰੋੜ ਰੁਪਏ ਹੋ ਗਿਆ ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਫ਼ਸਲ ਤੋਂ ਹੋਰ ਪੈਦਾਵਾਰ ਵਧਾਉਣ ਲਈ ਪੰਜਾਬ ਦਾ ਕਿਸਾਨ ਲਗਾਤਾਰ ਆਪਣੇ ਖ਼ਰਚੇ ਵਧਾ ਰਿਹਾ ਹੈ ਪਰ ਘੱਟੋ-ਘੱਟ ਸਮਰਥਨ ਮੁੱਲ ਤੋਂ ਉਮੀਦ ਦੇ ਮੁਤਾਬਿਕ ਲਾਭ ਨਹੀਂ ਮਿਲ ਰਿਹਾ। ਆਪਣੇ ਖ਼ਰਚੇ ਪੂਰੇ ਕਰਨ ਲਈ ਕਿਸਾਨ ਬੈਂਕਾਂ ਵਿਚੋਂ ਕਰਜ਼ਾ ਲੈਣ ਲਈ ਮਜਬੂਰ ਹੈ। ਕਿਸਾਨ ਪੰਜਾਬ ਵਿਚ ਪੂਰੀ ਪੈਂਦੀ ਨਾ ਵੇਖ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਲੱਗਾ ਹੈ। ਵਿਦੇਸ਼ਾਂ ਵਿਚ ਉੱਚ ਪੜ ਾਈ ਦੇ ਲਈ ਜਾ ਰਹੀ ਰਕਮ ਨੇ ਕਿਸਾਨਾਂ ਦੀ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ। ਇਸ ਤੋਂ ਬਿਨਾਂ ਕੁਦਰਤੀ ਮਾਰ ਵੀ ਕਿਸਾਨ ਝੱਲ ਰਿਹਾ ਹੈ। ਵਿਆਹ-ਸ਼ਾਦੀਆਂ ਸਮੇਤ ਕਈ ਹੋਰ ਖ਼ਰਚੇ ਵੀ ਕਿਸਾਨ ਨੇ ਆਪਣੇ ‘ਸਟੇਟਸ’ (ਰੁਤਬੇ) ਜਾਂ ਦਿਖਾਵੇ ਲਈ ਵਧਾ ਰੱਖੇ ਹਨ।

ਦੂਜੇ ਪਾਸੇ ਪੰਜਾਬ ਸਰਕਾਰ ਸਿਰ ਵੀ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪੁਰਾਣਾ ਕਰਜ਼ਾ ਅਤੇ ਮੂਲ ਮੋੜਨ ਲਈ ਹੋਰ ਕਰਜ਼ਾ ਲਿਆ ਜਾ ਰਿਹਾ ਹੈ। ਸਰਕਾਰ ਘਰੇਲੂ ਅਤੇ ਖੇਤੀ ਖੇਤਰ ਵਿੱਚ ਬਿਜਲੀ ਸਬਸਿਡੀ ਦੇਣ ਉੱਤੇ ਸਭ ਤੋਂ ਵੱਧ ਰਕਮ ਖ਼ਰਚ ਕਰ ਰਹੀ ਹੈ। ਹੋਰ ਕਈ ਤਰ੍ਹਾਂ ਦੀਆਂ ਸਬਸਿਡੀਆਂ ਅਤੇ ਗਾਰੰਟੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ, ਹਾਲਾਂ ਕਿ ਸਰਕਾਰ ਦਾ ਆਪਣਾ ਖ਼ਜ਼ਾਨਾ ਖਾਲੀ ਪਿਆ ਹੈ। ਸਮੇਂ ਦੀ ਮੁੱਖ ਲੋੜ ਮੌਜੂਦਾ ਕਿਸਾਨੀ ਸੰਕਟ ਅਤੇ ਪੰਜਾਬ ਸਰਕਾਰ ਦੇ ਵਿੱਤੀ ਸੰਕਟ ਨਾਲ ਨਜਿੱਠਣ ਲਈ ਸਰਕਾਰ ਨੂੰ ਵਿਸ਼ੇਸ਼ ਕਾਰਜ ਨੀਤੀ ਬਣਾਉਣ ਦੀ ਹੈ। ਨਹੀਂ ਤਾਂ ਕਰਜ਼ੇਦਾਰੀ ਦੇ ਸੰਕਟ ਵਿੱਚ ਸਦਾ ਲਈ ਸਰਕਾਰ ਅਤੇ ਕਿਸਾਨ ਫਸੇ ਰਹਿਣਗੇ। ਕਰਜ਼ੇ ਦੀ ਘੁੰਮਣਘੇਰੀ ਸਹਿਜੇ ਕੀਤੇ ਖਤਮ ਹੋਣ ਵਾਲੀ ਨਹੀਂ ਲਗਦੀ। ਕੈਗ ਦੀ ਰਿਪੋਰਟ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਪੰਜਾਬ ਸਰਕਾਰ ਇਵੇਂ ਹੀ ਕਰਜ਼ਾ ਲੈਂਦੀ ਰਹੀ ਤਾਂ ਸਾਲ 2031 ਤੱਕ ਪੰਜਾਬ ਸਿਰ 5,14, 697 ਕਰੋੜ ਰੁਪਏ ਦਾ ਕਰਜ਼ਾ ਹੋਵੇਗਾ। ਸਰਕਾਰ ਨੂੰ ਹਰ ਸਾਲ ਕਰਜ਼ਾ ਮੋੜਨ ਲਈ 27,843 ਕਰੋੜ ਰਕਮ ਦਾ ਪ੍ਰਬੰਧ ਕਰਨਾ ਪਵੇਗਾ।

ਪੰਜਾਬ ਵਿੱਚ ਸਰਕਾਰ ਅਕਾਲੀਆਂ ਦੀ ਰਹੀ ਹੋਵੇ ਜਾਂ ਕਾਂਗਰਸ ਦੀ ਤੇ ਜਾਂ ਫਿਰ ਹੁਣ ਆਮ ਆਦਮੀ ਪਾਰਟੀ ਦੀ, ਸਾਰੀਆਂ ਕਿਸਾਨਾਂ ਨੂੰ ਕਰਜ਼ੇ ਵਿਚੋਂ ਬਾਹਰ ਕੱਢਣ ਦੇ ਦਾਅਵੇ ਅਤੇ ਵਾਅਦੇ ਕਰਦੀਆਂ ਆ ਰਹੀਆਂ ਹਨ ਪਰ ਹਾਲੇ ਤੱਕ ਤਾਂ ਕਿਸਾਨ ਸਿਰ ਕਰਜ਼ੇ ਦੀ ਪੰਡ ਭਾਰੀ ਹੀ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਨੂੰ ਕਿਸਾਨ ਨੂੰ ਕਰਜ਼ੇ ਵਿਚੋਂ ਕੱਢਣ ਲਈ ਪਹਿਲਾਂ ਆਪਣੇ ਆਪ ਨੂੰ ਵਿੱਤੀ ਤੌਰ ’ਤੇ ਮਜ਼ਬੂਤ ਕਰਨਾ ਪਵੇਗਾ। ਇਸ ਤੋਂ ਬਾਅਦ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਉਚਿਤ ਭਾਅ ਯਕੀਨੀ ਬਣਾਉਣ ਸਮੇਤ ਹੋਰ ਵੀ ਠੋਸ ਕਦਮ ਚੁੱਕਣੇ ਪੈਣਗੇ।




TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035






# 'ਜੀਵਨ ਦੇ ਰੁੱਖ' ਦੀਆਂ ਸਾਰੀਆਂ ਸ਼ਾਖਾਵਾਂ ਹੋ ਰਹੀਆਂ ਹਨ ਅਲੋਪ
# ਇਸ ਦੇ ਲਈ ਮਨੁੱਖ ਖ਼ੁਦ ਹੀ ਹੈ ਜ਼ਿੰਮੇਵਾਰ

## ਪ੍ਰਜਾਤੀਆਂ ਦੇ ਤੇਜ਼ੀ ਨਾਲ ਖ਼ਤਮ ਹੋਣ ਕਾਰਨ ਮਨੁੱਖਤਾ ਦਾ ਭਵਿੱਖ ਵੀ ਖ਼ਤਰੇ ਵਿੱਚ



ਵਿਗਿਆਨੀਆਂ ਅਨੁਸਾਰ ਵੱਖ-ਵੱਖ ਪ੍ਰਜਾਤੀਆਂ ਦੇ ਤੇਜ਼ੀ ਨਾਲ ਖ਼ਤਮ ਹੋਣ ਕਾਰਨ ਮਨੁੱਖਤਾ ਦਾ ਭਵਿੱਖ ਵੀ ਖ਼ਤਰੇ ਵਿੱਚ ਹੈ। ਇੱਕ ਤਾਜ਼ਾ ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਮਨੁੱਖਾਂ ਕੋਲ ਇਸ ਸਥਿਤੀ ਨੂੰ ਰੋਕਣ ਲਈ ਬਹੁਤ ਘੱਟ ਸਮਾਂ ਬਚਿਆ ਹੈ। ਵਿਗਿਆਨੀ ਚਿਤਾਵਨੀ ਦਿੰਦੇ ਹਨ ਕਿ 'ਜੀਵਨ ਦੇ ਰੁੱਖ' ਦੀਆਂ ਸਾਰੀਆਂ ਸ਼ਾਖਾਵਾਂ ਅਲੋਪ ਹੋ ਰਹੀਆਂ ਹਨ।

ਮਨੁੱਖ 'ਜੀਵਨ ਦੇ ਰੁੱਖ' ਦੀਆਂ ਸਾਰੀਆਂ ਸ਼ਾਖਾਵਾਂ ਨੂੰ ਨਸ਼ਟ ਕਰ ਰਹੇ ਹਨ, ਇੱਕ ਨਵੇਂ ਅਧਿਐਨ ਦੇ ਅਨੁਸਾਰ ਜੋ ਸਮੂਹ ਦੇ ਵਿਨਾਸ਼ ਦੀ ਚਿਤਾਵਨੀ ਦਿੰਦਾ ਹੈ। ਅਧਿਐਨ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਦ੍ਰਿਸ਼ ਵੱਖ-ਵੱਖ ਕਿਸਮਾਂ ਦੇ ਛੇਵੇਂ ਸਮੂਹਿਕ ਵਿਨਾਸ਼ ਦਾ ਕਾਰਨ ਬਣ ਸਕਦਾ ਹੈ।

'ਜੀਵਨ ਦਾ ਰੁੱਖ' ਇੱਕ ਅਲੰਕਾਰਿਕ ਮਾਡਲ ਅਤੇ ਖੋਜ ਸੰਦ ਹੈ ਜੋ ਜੀਵ-ਵਿਗਿਆਨਕ ਵਿਕਾਸ ਦਾ ਮੁਲਾਂਕਣ ਕਰਨ ਅਤੇ ਜੀਵਿਤ ਅਤੇ ਅਲੋਪ ਹੋ ਰਹੇ ਜੀਵਾਂ ਵਿਚਕਾਰ ਸੰਬੰਧਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ।

ਮੈਕਸੀਕੋ ਦੀ ਆਟੋਨੋਮਸ ਨੈਸ਼ਨਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਪ੍ਰੋਸੀਡਿੰਗਜ਼ ਆਫ਼ ਦ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ (ਪੀ.ਐਨ.ਏ.ਐਸ.) ਵਿੱਚ ਪ੍ਰਕਾਸ਼ਿਤ ਖੋਜ ਦੇ ਸਹਿ-ਲੇਖਕ ਗੇਰਾਰਡੋ ਸੇਬਾਲੋਸ ਦੇ ਅਨੁਸਾਰ, ਵਿਸਥਾਪਨ ਸੰਕਟ ਜਲਵਾਯੂ ਪਰਿਵਰਤਨ ਸੰਕਟ ਜਿੰਨਾ ਹੀ ਬੁਰਾ ਹੈ। ਪਛਾਣਿਆ ਨਹੀਂ ਗਿਆ।ਇਹ ਅਧਿਐਨ ਇਸ ਪੱਖੋਂ ਵਿਲੱਖਣ ਹੈ ਕਿ ਇਹ ਸਿਰਫ਼ ਇੱਕ ਜਾਤੀ ਦੇ ਨੁਕਸਾਨ ਦੀ ਜਾਂਚ ਕਰਨ ਦੀ ਬਜਾਏ ਇੱਕ ਪੂਰੀ ਸਪੀਸੀਜ਼ ਦੇ ਵਿਨਾਸ਼ ਦੀ ਜਾਂਚ ਕਰਦਾ ਹੈ।

ਹਵਾਈ ਯੂਨੀਵਰਸਿਟੀ ਦੇ ਜੀਵ ਵਿਗਿਆਨੀ ਰੌਬਰਟ ਕੌਵੀ ਨੇ ਦੱਸਿਆ, ਕਿ ਇਹ ਸੱਚਮੁੱਚ ਮਹੱਤਵਪੂਰਨ ਕੰਮ ਹੈ, ਮੈਨੂੰ ਲੱਗਦਾ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਨੇ ਪੂਰੇ ਪ੍ਰਜਾਤੀ ਸਮੂਹਾਂ ਜਾਂ ਨਸਲਾਂ ਦੇ ਵਿਨਾਸ਼ ਦੀ ਦਰ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਬਰਕਲੇ ਵਿਖੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਐਂਥਨੀ ਬਾਰਨੋਵਸਕੀ ਸਹਿਮਤ ਹਨ। ਇਹ ਅਧਿਐਨ ਅਸਲ ਵਿੱਚ ਜੀਵਨ ਦੇ ਰੁੱਖ ਦੀਆਂ ਸਾਰੀਆਂ ਸ਼ਾਖਾਵਾਂ ਦੇ ਨੁਕਸਾਨ ਨੂੰ ਦਰਸਾਉਂਦਾ ਹੈ, ਜੋ ਕਿ ਸਭ ਤੋਂ ਪਹਿਲਾਂ ਬ੍ਰਿਟਿਸ਼ ਵਿਗਿਆਨੀ ਚਾਰਲਸ ਡਾਰਵਿਨ ਦੁਆਰਾ ਵਿਕਸਤ ਕੀਤਾ ਗਿਆ ਸੀ।

ਬਾਰਨੋਵਸਕੀ ਦੇ ਅਨੁਸਾਰ, ਅਧਿਐਨ ਦਰਸਾਉਂਦਾ ਹੈ, 'ਅਸੀਂ ਨਾ ਸਿਰਫ਼ ਦਰਖ਼ਤਾਂ ਦੀਆਂ ਸਭ ਤੋਂ ਮਹੱਤਵਪੂਰਨ ਸ਼ਾਖਾਵਾਂ ਨੂੰ ਕੱਟ ਰਹੇ ਹਾਂ, ਸਗੋਂ ਵੱਡੀਆਂ ਸ਼ਾਖਾਵਾਂ ਤੋਂ ਛੁਟਕਾਰਾ ਪਾਉਣ ਲਈ ਆਰੇ ਦੀ ਵਰਤੋਂ ਵੀ ਕਰ ਰਹੇ ਹਾਂ।'

ਖੋਜਕਰਤਾਵਾਂ ਨੇ ਇਸ ਖੋਜ ਲਈ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ਼ ਨੇਚਰ ਦੁਆਰਾ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ 'ਤੇ ਨਿਰਭਰ ਕੀਤਾ। ਉਨ੍ਹਾਂ ਨੇ ਰੀੜ੍ਹ ਦੀ ਹੱਡੀ (ਮੱਛੀ ਨੂੰ ਛੱਡ ਕੇ) 'ਤੇ ਧਿਆਨ ਕੇਂਦਰਿਤ ਕੀਤਾ ਜਿਸ ਲਈ ਵਧੇਰੇ ਡੇਟਾ ਉਪਲਬਧ ਹੈ।

ਜੀਵਾਂ ਦੇ ਲਗਭਗ 5,400 ਸਪੀਸੀਜ਼ ਗਰੁੱਪਾਂ (ਲਗਭਗ 34,600 ਸਪੀਸੀਜ਼) ਦੇ ਇਸ ਅਧਿਐਨ ਤੋਂ ਮਾਹਿਰਾਂ ਨੇ ਸਿੱਟਾ ਕੱਢਿਆ ਕਿ ਇਨ੍ਹਾਂ ਵਿੱਚੋਂ 73 ਸਪੀਸੀਜ਼ ਗਰੁੱਪ ਪਿਛਲੇ 500 ਸਾਲਾਂ ਵਿੱਚ ਅਲੋਪ ਹੋ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪਿਛਲੀਆਂ ਦੋ ਸਦੀਆਂ ਵਿੱਚ ਅਲੋਪ ਹੋ ਗਏ ਸਨ। ਇਸ ਤੋਂ ਬਾਅਦ ਖੋਜਕਰਤਾਵਾਂ ਨੇ ਇਸ ਸਥਿਤੀ ਦੀ ਤੁਲਨਾ ਬਹੁਤ ਹੀ ਪ੍ਰਾਚੀਨ ਜੀਵਾਂ ਦੇ ਫਾਸਿਲਾਂ ਨਾਲ ਕੀਤੀ।ਇਸ ਖੋਜ ਦੌਰਾਨ ਕੀਤੇ ਗਏ ਅਨੁਮਾਨਾਂ ਅਨੁਸਾਰ ਇਨ੍ਹਾਂ ਪ੍ਰਜਾਤੀਆਂ ਦੇ ਸਮੂਹਾਂ ਨੂੰ ਅਲੋਪ ਹੋਣ ਵਿੱਚ 500 ਸਾਲ ਨਹੀਂ ਸਗੋਂ 18,000 ਸਾਲ ਲੱਗਣੇ ਚਾਹੀਦੇ ਸਨ। ਹਾਲਾਂ ਕਿ, ਅਜਿਹੇ ਅੰਦਾਜ਼ੇ ਅੰਤਿਮ ਅਤੇ ਨਿਸ਼ਚਿਤ ਨਹੀਂ ਹਨ ਕਿਉਂਕਿ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਦੇ ਅਜਿਹੇ ਸਾਰੇ ਸਮੂਹਾਂ ਬਾਰੇ ਜਾਣਕਾਰੀ ਉਪਲਬਧ **(ਬਾਕੀ ਸਫ਼ਾ 31 'ਤੇ)**

# ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੀ ਲੋੜ

**➢ ਕਿਵੇਂ ਰੋਕਿਆ ਜਾ ਸਕਦੈ ਵਾਤਾਵਰਣ ਦੇ ਪ੍ਰਦੂਸ਼ਣ ਨੂੰ**
**➢ ਵਾਤਾਵਰਣ ਦੇ ਪ੍ਰਦੂਸ਼ਣ ਲਈ ਮਨੁੱਖ ਹੀ ਹੈ ਜ਼ਿੰਮੇਵਾਰ**



ਵਾਤਾਵਰਣ ਪ੍ਰਦੂਸ਼ਨ ਬਾਰੇ ਅਕਸਰ ਵੱਖ- ਵੱਖ ਵਿਦਵਾਨ ਚਰਚਾ ਕਰਦੇ ਰਹਿੰਦੇ ਹਨ। ਕਈ ਵਾਰ ਵਾਤਾਵਰਣ ਨੂੰ ਪ੍ਰਦੂਸ਼ਨ ਤੋਂ ਬਚਾਉਣ ਲਈ ਸੈਮੀਨਾਰ ਵੀ ਕਰਵਾਏ ਜਾਂਦੇ ਹਨ ਪਰ ਬਾਅਦ ਵਿੱਚ ਇਹ ਗੱਲਾਂ ਹਵਾ ਹਵਾਈ ਹੋ ਜਾਂਦੀਆਂ ਹਨ। ਸਰਕਾਰਾਂ ਦੇ ਪੱਧਰ 'ਤੇ ਵੀ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕਈ ਤਰਾਂ ਦੀ ਚਰਚਾ ਕੀਤੀ ਜਾਂਦੀ ਹੈ, ਪਰ ਸਰਕਾਰੀ ਨੀਤੀਆਂ 'ਤੇ ਅਮਲ ਕਿੰਨਾ ਕੁ ਕੀਤਾ ਜਾਂਦਾ ਹੈ, ਇਹ ਸਭ ਨੂੰ ਪਤਾ ਹੀ ਹੈ।

ਹੁਣ ਸਮਾਂ ਸਿਰਫ਼ ਗੱਲਾਂ ਕਰਨ ਦਾ ਨਹੀਂ ਹੈ ਸਗੋਂ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਠੋਸ ਉਪਰਾਲੇ ਕਰਨ ਦਾ ਹੈ। ਜੇ ਅਸੀਂ ਖੁਦ ਹੀ ਵਾਤਾਵਰਣ ਦੀ ਸੰਭਾਲ ਨਹੀਂ ਕਰਾਂਗੇ ਤਾਂ ਹੋਰ ਕੌਣ ਕਰੇਗਾ। ਅਸਲ ਵਿੱਚ ਵਾਤਾਵਰਣ ਦੀ ਸੰਭਾਲ ਲਈ ਅਸੀਂ ਖੁਦ ਹੀ ਸੁਚੇਤ ਨਹੀਂ, ਜਿਸ ਕਰਕੇ ਮਨੁੱਖ ਦੀ ਅਣਗਹਿਲੀ ਕਾਰਨ ਸਾਡਾ ਵਾਤਾਵਰਣ ਦਿਨੋਂ ਦਿਨ ਪਲੀਤ ਹੋ ਰਿਹਾ ਹੈ।

ਮਨੁੱਖ ਵੱਲੋਂ ਜਾਣੇ ਅਣਜਾਣੇ ਵਿੱਚ ਅਜਿਹਾ ਕੁੱਝ ਕੀਤਾ ਜਾ ਰਿਹਾ ਹੈ, ਜਿਸ ਨਾਲ ਸਾਡੇ ਵਾਤਾਵਰਣ ਵਿੱਚ ਬਹੁਤ ਜ਼ਿਆਦਾ ਪ੍ਰਦੂਸ਼ਣ ਫੈਲਦਾ ਹੈ।

ਸਾਰੇ ਜੀਵ ਜੰਤੂ ਆਪਣੇ ਵਿਕਾਸ ਅਤੇ ਵਿਕਾਸ ਲਈ ਅਤੇ ਆਪਣੇ ਜੀਵਨ ਚੱਕਰ ਨੂੰ ਚਲਾਉਣ ਲਈ ਸੰਤੁਲਿਤ ਵਾਤਾਵਰਣ 'ਤੇ ਨਿਰਭਰ ਕਰਦੇ ਹਨ। ਸੰਤੁਲਿਤ ਵਾਤਾਵਰਣ ਦਾ ਅਰਥ ਹੈ ਇੱਕ ਵਾਤਾਵਰਣ ਜਿਸ ਵਿੱਚ ਹਰੇਕ ਭਾਗ ਇੱਕ ਨਿਸ਼ਚਿਤ ਮਾਤਰਾ ਅਤੇ ਅਨੁਪਾਤ ਵਿੱਚ ਮੌਜੂਦ ਹੁੰਦਾ ਹੈ। ਪਰ ਕਈ ਵਾਰ, ਮਨੁੱਖੀ ਜਾਂ ਹੋਰ ਕਾਰਨਾਂ ਕਰਕੇ, ਵਾਤਾਵਰਣ ਵਿੱਚ ਇੱਕ ਜਾਂ ਇੱਕ ਤੋਂ ਵੱਧ ਹਿੱਸਿਆਂ ਦੀ ਮਾਤਰਾ ਜਾਂ ਤਾਂ ਲੋੜ ਤੋਂ ਕਿਤੇ ਵੱਧ ਵੱਧ ਜਾਂਦੀ ਹੈ ਜਾਂ ਨੁਕਸਾਨਦੇਹ ਅੰਸ਼ ਵਾਤਾਵਰਣ ਵਿੱਚ ਦਾਖਲ ਹੋ ਜਾਂਦੇ ਹਨ। ਇਸ ਸਥਿਤੀ ਵਿੱਚ ਵਾਤਾਵਰਣ ਪ੍ਰਦੂਸ਼ਿਤ ਹੋ ਜਾਂਦਾ ਹੈ ਅਤੇ ਰਹਿਣ ਵਾਲੇ ਸਮਾਜ ਲਈ ਕਿਸੇ ਨਾ ਕਿਸੇ ਰੂਪ ਵਿੱਚ ਹਾਨੀਕਾਰਕ ਸਾਬਤ ਹੁੰਦਾ ਹੈ। ਵਾਤਾਵਰਨ ਵਿੱਚ ਇਸ ਅਣਚਾਹੇ ਬਦਲਾਅ ਨੂੰ 'ਵਾਤਾਵਰਣ ਪ੍ਰਦੂਸ਼ਣ' ਕਿਹਾ ਜਾਂਦਾ ਹੈ।

### ਪ੍ਰਦੂਸ਼ਣ ਦੀਆਂ ਕਿਸਮਾਂ

ਵਾਤਾਵਰਣ ਦੇ ਤੱਤਾਂ ਦੇ ਆਧਾਰ 'ਤੇ, ਵਾਤਾਵਰਣ ਪ੍ਰਦੂਸ਼ਣ ਨੂੰ ਮਿੱਟੀ, ਹਵਾ, ਪਾਣੀ ਅਤੇ ਸ਼ੋਰ ਪ੍ਰਦੂਸ਼ਣ ਆਦਿ ਵਿੱਚ ਵੀ ਵੰਡਿਆ ਗਿਆ ਹੈ।

### ਮਿੱਟੀ ਪ੍ਰਦੂਸ਼ਣ

ਮਿੱਟੀ ਦੇ ਭੌਤਿਕ, ਰਸਾਇਣਕ ਜਾਂ ਜੈਵਿਕ ਗੁਣਾਂ ਵਿੱਚ ਕੋਈ ਵੀ ਅਣਚਾਹੇ ਬਦਲਾਅ ਜੋ ਮਨੁੱਖੀ ਪੋਸ਼ਣ ਅਤੇ ਫਸਲਾਂ ਦੇ ਉਤਪਾਦਨ ਅਤੇ ਉਤਪਾਦਕਤਾ ਨੂੰ ਪ੍ਰਭਾਵਤ ਕਰਦਾ ਹੈ ਅਤੇ ਜੋ ਮਿੱਟੀ ਦੀ ਗੁਣਵੱਤਾ ਅਤੇ ਉਪਯੋਗਤਾ ਨੂੰ ਨਸ਼ਟ ਕਰਦਾ ਹੈ, ਨੂੰ 'ਮਿੱਟੀ ਪ੍ਰਦੂਸ਼ਣ' ਕਿਹਾ ਜਾਂਦਾ ਹੈ। ਕੈਡਮੀਅਮ, ਕ੍ਰੋਮੀਅਮ, ਤਾਂਬਾ, ਕੀਟਨਾਸ਼ਕ, ਰਸਾਇਣਕ ਖਾਦਾਂ, ਜੜੀ-ਬੂਟੀਆਂ, ਜ਼ਹਿਰੀਲੀਆਂ ਗੈਸਾਂ ਆਦਿ ਮੁੱਖ ਭੂਮੀ ਪ੍ਰਦੂਸ਼ਕ ਹਨ।

### ਮਿੱਟੀ ਪ੍ਰਦੂਸ਼ਣ ਦੇ ਪ੍ਰਭਾਵ

ਮਿੱਟੀ ਦਾ ਪ੍ਰਦੂਸ਼ਣ ਮਿੱਟੀ ਦੇ ਭੌਤਿਕ ਅਤੇ ਰਸਾਇਣਕ ਗੁਣਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਿੱਟੀ ਦੀ ਉਤਪਾਦਨ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ।ਕਈ ਥਾਵਾਂ 'ਤੇ ਲੋਕ ਸੀਵਰੇਜ ਦੇ ਪਾਣੀ ਨਾਲ ਖੇਤਾਂ ਦੀ ਸਿੰਚਾਈ ਕਰਦੇ ਹਨ। ਇਸ ਕਾਰਨ ਮਿੱਟੀ ਵਿੱਚ ਮੌਜੂਦ ਪੋਰਸ ਦੀ ਗਿਣਤੀ ਦਿਨੋ-ਦਿਨ ਘਟਦੀ ਜਾਂਦੀ ਹੈ ਅਤੇ ਬਾਅਦ ਵਿੱਚ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਜਿੱਥੇ ਮਿੱਟੀ ਦੀ ਕੁਦਰਤੀ ਸੀਵਰੇਜ ਟ੍ਰੀਟਮੈਂਟ ਸਮਰੱਥਾ ਪੂਰੀ ਤਰ੍ਹਾਂ ਤਬਾਹ ਹੋ ਜਾਂਦੀ ਹੈ।ਜਦੋਂ ਮਿੱਟੀ ਵਿੱਚ ਪ੍ਰਦੂਸ਼ਿਤ ਪਦਾਰਥਾਂ ਦੀ ਮਾਤਰਾ ਵੱਧ ਜਾਂਦੀ ਹੈ, ਤਾਂ ਉਹ ਪਾਣੀ ਦੇ ਸਰੋਤਾਂ ਤੱਕ ਪਹੁੰਚ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਲੂਣ ਅਤੇ ਹੋਰ ਹਾਨੀਕਾਰਕ ਤੱਤਾਂ ਦੀ ਗਾੜ੍ਹਾਪਣ ਵਧਾਉਂਦੇ ਹਨ, ਨਤੀਜੇ ਵਜੋਂ ਅਜਿਹੇ ਜਲ ਸਰੋਤਾਂ ਦਾ ਪਾਣੀ ਪੀਣ ਦੇ ਯੋਗ ਹੋ ਜਾਂਦਾ ਹੈ। ਇਸ ਤਰਾਂ ਮਨੁੱਖ ਦੀ ਗਲਤੀ ਦਾ ਨਤੀਜਾ ਵੀ ਮਨੁੱਖ ਨੂੰ ਹੀ ਭੁਗਤਣਾ ਪੈ ਰਿਹਾ ਹੈ।

### ਮਿੱਟੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਪਾਅ

ਨਗਰਪਾਲਿਕਾ ਅਤੇ ਮਿਊਂਸੀਪਲ ਸੰਸਥਾਵਾਂ ਦੁਆਰਾ ਕੂੜੇ ਦਾ ਸਹੀ ਨਿਪਟਾਰਾ,ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਨਹੀਂ ਕਰਨੀ ਚਾਹੀਦੀ। ਕੀਟਨਾਸ਼ਕਾਂ, ਉੱਲੀਨਾਸ਼ਕਾਂ ਅਤੇ ਜੜੀ-ਬੂਟੀਆਂ ਆਦਿ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ। ਮਿੱਟੀ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਬਾਰੇ ਆਮ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ।

### ਹਵਾ ਪ੍ਰਦੂਸ਼ਣ

ਹਵਾ ਵਿੱਚ ਇੱਕ ਨਿਸ਼ਚਿਤ ਮਾਤਰਾ ਵਿੱਚ ਪਾਈਆਂ ਜਾਂਦੀਆਂ ਹਨ। ਜਦੋਂ ਹਵਾ ਵਿੱਚ ਮਨੁੱਖ ਦੁਆਰਾ ਪੈਦਾ ਕੀਤੇ ਗਏ ਬਾਹਰੀ ਤੱਤਾਂ ਦੇ ਮਿਸ਼ਰਣ ਕਾਰਨ ਹਵਾ ਦੀ ਗੁਣਵੱਤਾ ਵਿਗੜ ਜਾਂਦੀ ਹੈ ਅਤੇ ਇਹ ਜਾਨਵਰਾਂ ਅਤੇ ਪੌਦਿਆਂ ਲਈ ਨੁਕਸਾਨਦੇਹ ਬਣ ਜਾਂਦੀ ਹੈ, ਤਾਂ ਇਸ ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ ਅਤੇ ਹਵਾ ਪ੍ਰਦੂਸ਼ਿਤ ਹੋਣ ਵਾਲੇ ਕਾਰਕ ਹਨ: ਹਵਾ ਪ੍ਰਦੂਸ਼ਕ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਸਲਫਰ ਦੇ ਆਕਸਾਈਡ, **(ਬਾਕੀ ਸਫ਼ਾ 31 'ਤੇ)**



ਕਹਾਣੀ

# ਮਰਿਆਦਾ

ਮਨਜੋਤ ਕੌਰ




ਅੱਜ ਪੋਹ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ ਸੀ। ਮੈਨੂੰ ਅਨੁਮਾਨ ਸੀ ਕਿ ਬੀਬੀ ਨੇ ਮੂੰਹ ਹਨੇਰੇ ਹੀ ਗੁਰੂ ਘਰ ਚੱਲੀ ਜਾਣਾ ਹੈ । ਇਸ ਲਈ ਮੈਂ ਜੀਉ ਹੀ ਬੀਬੀ ਦੇ ਉੱਠਣ ਦੀ ਆਹਟ ਸੁਣੀ , ਝੱਟ - ਪੱਟ ਉੱਠ ਖਲੋਤੀ ਤੇ ਬਿਨਾਂ ਦੇਰ ਕੀਤੇ ਇਸ਼ਨਾਨ ਕਰ ਕੇ ਜਾਣ ਨੂੰ ਤਿਆਰ ਹੋ ਗਈ। ਪੋਹ ਦੇ ਮਹੀਨੇ ਦੀ ਸਰਦ , ਖ਼ੂੰਨ ਜਮਾਉਣ ਵਾਲੀ ਹੁੰਦੀ ਹੈ ; ਤਾਇਓ , ਬੀਬੀ ਮੈਨੂੰ ਨਾਲ ਲਿਜਾਉਣ ਤੋਂ ਥੋੜ੍ਹਾ ਗੁਰੇਜ਼ ਕਰਦੀ ਸੀ। ਮੈਂ ਵੀ ਤਾਂ ਅਜੇ 10 -15 ਕੁ ਵਰ੍ਹਿਆਂ ਦੀ ਹੀ ਸੀ, ਬੀਬੀ ਦੀ ਲਾਡਲੀ । ਮੇਰੇ ਹਠ ਕਰਨ ਤੇ ਬੀਬੀ ਨੇ ਮੈਨੂੰ ਇਕ ਛੋਟੀ ਜਿਹੀ ਕੰਬਲੀ ਦੀ ਬੁੱਕਲ ਮਰਵਾ ਦਿੱਤੀ । ਆਪਾ ਘਰ ਤੋਂ ਅਜੇ ਤੁਰੇ ਹੀ ਸਾਂ ਕਿ ਗੁਰੂ ਘਰ ਦੇ ਸਪੀਕਰ ਦੀ ਆਵਾਜ਼ ਨੇ ਮੇਰਾ ਚਿੱਤ ਠਾਰ ਦਿੱਤਾ । ਪਾਠੀ ਸਿੰਘ ਨੇ ਸਾਧ ਸੰਗਤ ਨੂੰ ਸੰਗਰਾਂਦ ਦੇ ਮੌਕੇ 'ਤੇ ਵਧਾਈ ਦਿੰਦਿਆਂ ਗੁਰੂ ਘਰ ਆਉਣ ਦੀ ਬੇਨਤੀ ਕੀਤੀ।

ਗੁਰੂ ਘਰ ਪਿੰਡ ਦੇ ਚੜ੍ਹਦੇ ਬੰਨ੍ਹੇ ਸੀ ਤੇ ਸਾਡਾ ਘਰ ਪਿੰਡ ਦੇ ਲਹਿੰਦੇ ਪਾਸੇ । ਇਸੇ ਕਰਕੇ ਸਾਨੂੰ ਪਿੰਡ ਵਿਚੋਂ ਦੀ ਲੰਘ ਕੇ ਗੁਰੂ ਘਰ ਜਾਣਾ ਪੈਂਦਾ ਸੀ । ਮੈਂ ਤੇ ਬੀਬੀ ਪਿੰਡ ਦੀ ਵਿਚਕਾਰਲੀ ਗਲ਼ੀ ਹੋ ਤੁਰੀਆਂ । ਇੰਨੇ ਨੂੰ ਫੱਤਿਆਂ ਦੀ ਨੂੰਹ ਮੇਰੀ ਨਜ਼ਰੀ ਪਈ।

ਮੈਂ ਬੜੀ ਲਿਹਾਜ਼ ਨਾਲ਼ ਓਹਦੇ ਵੱਲ ਵੇਖਿਆ , ਬੀਬੀ ਏਹ ਬੀਬੀ , ਉਸ ਕੁੜੀ ਨੂੰ ਪਾਲਾ ਨੀ ਲੱਗਦਾ ਹਉ ? ਉਹ ਤਾਂ ਬੜੀ ਸੋਹਣੀ ਬਣੀ ਖੜ੍ਹੀ ਆ, ਭਲਾ ਉਹ ਕਿੱਥੇ ਨੂੰ ਚੱਲੀ ਹਉ ? ਹੈਂ ਬੀਬੀ !

ਬੀਬੀ ਵੀ ਬੜ੍ਹੇ ਗੌਰ ਨਾਲ਼ ਉਹਨੂੰ ਵਿਹੰਦੀ ਹੋਈ ਬੋਲੀ , ਇਹ ਤਾਂ ਫ਼ਤਿਆਂ ਦੀ ਨੂੰਹ ਲਗਦੀ ਏ ਮੈਨੂੰ , ਚੱਲੀ ਹੁਣੀ ਕੀਤੇ ਵਿਆਹ ਵਿਉ ਤੇ, ਤਾਂਹੀ ਇੰਨੀ ਸੱਜ - ਧੱਜ ਕੇ ਖੜ੍ਹੀ ਆ।

ਮੈਂ ਫ਼ਿਰ ਬੋਲਿਆ, ਹੈਂ ਬੀਬੀ , ਇੰਨੀ ਤੜਕੇ ਕਿਹੜਾ ਵਿਆਹ ? ਏ ਬੀਬੀ ,ਇਹਨੂੰ ਠੰਢ ਨੀ ਲੱਗਦੀ ਹਉ ? ਸੂਟ ਵੀ ਅੱਧੀ ਬਾਹ ਵਾਲਾ ਪਾਇਆ ਹੋਇਆਂ !

ਪ੍ਰਸ਼ਨ ਚਿੰਨ੍ਹ ਤਾਂ ਬੀਬੀ ਦੇ ਚਿਹਰੇ 'ਤੇ ਵੀ ਸੀ , ਪਰ ਫਿਰ ਮੇਰੀ ਗਲ਼ ਦਾ ਹੱਸ ਕੇ ਹੁੰਗਾਰਾ ਦਿੰਦੀਆਂ , ਕੀ ਪਤਾ ਹੁਣਾ ਦੂਰ ਦਰਾਡੇ ਕੋਈ ਵਿਆਹ , ਅੱਜ ਕੱਲ੍ਹ ਪਕੌੜਿਆਂ ਦੇ ਚਾਅ 'ਚ ਨੂੰਹਾਂ - ਧੀਆਂ ਨੂੰ ਕਿੱਥੇ ਠੰਡ ਲੱਗਦੀ ਆ।

ਮੇਰਾ ਅਗਲਾ ਸਵਾਲ ਅਜੇ ਮੂੰਹ ਵਿੱਚ ਹੀ ਸੀ ਕਿ ਬੀਬੀ ਨੇ ਪੋਲਾ ਜਿਹਾ ਦਬਕਾ ਕੇ , ਬਸ ਕਰ , ਵੱਡੀ ਬੇਬੇ ! ਪਹਿਲਾਂ ਜਿਹੜਾ ਕੰਮ ਕਰਨ ਚੱਲੇ ਆਂ , ਉਹ ਕਰ ਲਈਏ ।

ਗੱਲਾਂ ਕਰਦੇ - ਕਰਦੇ ਕਦੋਂ ਗੁਰੂ ਘਰ ਆ ਪੁੱਜੇ , ਪਤਾ ਹੀ ਨੀ ਚੱਲਿਆ। ਅੰਦਰ ਜਾ ਕੇ ਆਪਾ ਗੁਰੂ ਮਹਾਰਾਜ ਅੱਗੇ ਸੱਜਦਾ ਕਿੱਤਾ 'ਤੇ ਬੈਠ ਗਏ। ਪਾਠੀ ਸਿੰਘ ਨੇ ਪਾਠ ਆਰੰਭ ਕੀਤਾ, ਸਾਰੀ ਸੰਗਤ ਬੜੀ ਰੀਜ਼ ਨਾਲ਼ ਬਾਣੀ ਸਰਵਣ ਰਹੀ ਸੀ। ਅਜੇ ਮਹਿਜ 10 ਕੁ ਮਿੰਟ ਹੀ ਹੋਏ ਸਨ ਕਿ ਛਣ - ਛਣ ਦੀ ਆਵਾਜ਼ ਪੂਰੇ ਗਰੂਘਰ ਅੰਦਰ ਗੂੰਜ ਉੱਠੀ । ਸਾਰੀ ਸੰਗਤ ਦਾ ਧਿਆਨ ਮੱਲੋ - ਮੱਲੀ ਉਧੱਰ ਨੂੰ ਜਾ ਪਿਆ। ਇਕ ਕੁੱੜੀ ਝਾਂਜਰਾਂ ਪਾਈ ਅੰਦਰ ਆਉਂਦੀ ਵਿਖਾਈ ਦਿੱਤੀ , ਖ਼ੈਰ ਇਹ ਕੁੜੀ ਨੀ ਇਹ ਤਾਂ ਉਹੀ ਫ਼ੱਤਿਆਂ ਦੀ ਨੂੰਹ ਸੀ । ਮੈਂ ਬੀਬੀ ਵੱਲ ਵੇਖਦਿਆਂ ਕਿਹਾ , ਬੀਬੀਏ , ਤੂੰ ਤਾਂ ਕਹਿੰਦੀ ਸੀ , ਇਹ ਵਿਆਹ ਚੱਲੀ ਉ।

ਬੀਬੀ , ਹਮਮਮਮ , ਹਾਲਾਤ ਤਾਂ ਵਿਆਹ ਵਾਲ਼ੇ ਹੀ ਲੱਗਦੇ ਸੀ । ਚੱਲ ਕੋਈ ਨੀ , ਇਹਦੇ ਆਣ ਨਾਲ਼ ਕਈਆਂ ਦੀ ਨੀਂਦ ਤਾਂ ਟੁੱਟ ਹੀ ਗਈ ਹਉ ।

ਮੈਨੂੰ ਬੀਬੀ ਦੀ ਅਧੂਰੀ ਗੱਲ਼ ਹੀ ਸਮਝ ਪਈ। ਪਰ ਮੈਂ ਉਹ ਮਾਹੌਲ ਦੇਖ ਕੇ ਕੁੱਝ ਦੰਗ ਜਿਹੀ ਰਹਿ ਗਈ ਸੀ। ਐਨਾ ਹਾਰ ਸ਼ਿੰਗਾਰ ਲਗਾ ਕੇ ਉਹਦਾ ਗੁਰੂ ਘਰ ਆਉਣਾ , ਸਾਰੀ ਸੰਗਤ ਦਾ ਧਿਆਨ ਆਪਣੇਂ ਵੱਲ ਆਕਰਸ਼ਿਕ ਕਰਨਾ ਤੇ ਸੰਗਤ ਦੀ ਲੱਗਨ ਤੇ ਧਿਆਨ ਵਿੱਚ ਵਿਘਨ ਪਾਉਣਾ। ਇਥੋਂ ਤੱਕ ਕੀ ਪਾਠੀ ਸਿੰਘ ਦੀ ਵੀ ਇੱਕ ਪੱਲ ਲਈ ਸੁਰਤਿ ਡਗਮਗਾ ਗਈ। ਹੁਣ ਸਮੱਸਿਆ ਇਹ ਆਣ ਪਈ ਕਿ ਉਹ ਸਜਦਾ ਕਰੇ ਕਿਵੇਂ , ਸਿਰ ਝੁਕਾਵੇ ਕਿਵੇਂ , ਵਾਲ ਖਰਾਬ ਹੋਣ ਦੇ ਡਰ ਤੋਂ ਸਿਰ ਵੀ ਪੂਰਾ ਢਕਿਆ ਨੀ ਜਾ ਰਿਹਾ ਸੀ । ਰੇਸ਼ਮੀ ਜਿਹੀ ਚੁੰਨੀ , ਤਿਲਕ - ਤਿਲਕ ਜਾਵੇ , ਹਾਰ ਕਿ ਬੇਚਾਰੀ ਖੜ੍ਹੀ - ਖੜ੍ਹੀ ਸੱਜਦਾ ਕਰ ਕੇ ਜਾ ਬੈਠੀ। ਅਜੇ ਵੀ ਕਈਆਂ ਦੀ ਅੱਖ ਓਹਦੇ ਉੱਤੇ ਹੀ ਟਿੱਕੀ ਹੋਈ ਸੀ ।

ਪਾਠੀ ਸਿੰਘ ਨੇ ਬਰਾਮਾਹਾ ਪੜ੍ਹ ਕੇ ਸਮਾਪਤੀ ਕਰ ਕੀਤੀ । ਉਸ ਉਪਰੰਤ ਗੁਰੂ ਦੀ ਪਿਆਰੀ ਸੰਗਤ ਨੂੰ ਨਿਰਦੇਸ਼ ਦਿੰਦੇ ਹੋਏ , ਸਾਰੀ ਸਾਧ-ਸੰਗਤ ਨੂੰ ਬੇਨਤੀ ਹੈ ਕਿ ਆਪਣੇ - ਆਪਣੇ ਜਵਾਕਾਂ ਨੂੰ ਆਪਣੇਂ ਪਾਸ ਨਿਮਰਤਾ ਨਾਲ ਬਿਠਾਉਣ ਤੇ ਗੁਰੂ ਘਰ ਦੀ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ , ਬਣਾਏ ਗਏ ਨਿਯਮਾਂ ਦਾ ਪਾਲਣ ਜ਼ਰੂਰ ਕੀਤਾ ਜਾਵੇ। ਇਨ੍ਹਾਂ ਸਿਧਾਂਤਾਂ ਦੀ ਉਲੰਘਣਾ ਕਰਕੇ , ਆਪਣੇ ਆਪ ਨੂੰ ਪਾਪ ਦਾ ਭਾਗੀਦਾਰ ਨਾ ਬਣਾਓ । ਵਾਹਿਗੁਰੂ ਜੀ ਦਾ ਖਾਲਸਾ , ਵਾਹਿਗੁਰੂ ਜੀ ਦੀ ਫਤਿਹ।

ਆਪਾਂ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ , ਫਿਰ ਨਿਰੰਕਾਰ ਨੂੰ ਪ੍ਰਣਾਮ ਕਰਕੇ ਗੁਰੂ ਘਰ ਤੋਂ ਬਾਹਰ ਆ ਗਏ। ਮੈਂ ਬੀਬੀ ਨੂੰ ਹੌਲੀ ਜਿਹੀ ਲਾਗੇ ਨੂੰ ਕਰ ਕੇ ਕਿਹਾ ,

ਬੀਬੀ , ਅੱਜ ਤਾਂ ਗੁਰੂ ਘਰ ਕੋਈ ਜਵਾਕ ਆਇਆ ਹੀ ਨਹੀਂ ਸੀ। ਪਾਠੀ ਸਿੰਘ ਕਿਹੜੇ ਜਵਾਕ ਦੀ ਗੱਲ ਕਰੀ ਜਾਂਦੇ ਸੀ। ਬੀਬੀ ਮੇਰੇ ਵੱਲ ਵੇਖ ਕੇ ਮਿੱਠਾ ਜਿਹਾ ਹੱਸਦੀ ਹੋਈ, ਹੁੰਦੇ ਨੇ ਕਈ ਤੇਰੇ ਵਰਗੇ ਨਾਸਮਝ ਜਵਾਕ । ਬੀਬੀ ਦੀ ਗੱਲ ਸੁਣ ਮੈਂ ਖਿੱੜ-ਖਿੱੜ ਹੱਸ ਪਈ ਤੇ ਬੀਬੀ ਦਾ ਵੀ ਹਾਸਾ ਆਪ - ਮੁਹਾਰੇ ਹੀ ਫੁੱਟ ਪਿਆ।

# ਪੋਹ ਦੀ ਰਾਤ

ਮੁਨਸ਼ੀ ਪ੍ਰੇਮਚੰਦ

ਹਲਕੂ ਨੇ ਪਤਨੀ ਨੂੰ ਕਿਹਾ, ਸਹਿਣਾ ਆਇਆ ਹੈ। ਜਿਹੜੇ ਪੈਸੇ ਤੂੰ ਜੋੜੇ ਨੇ, ਮੈਨੂੰ ਦੇ, ਉਸ ਨੂੰ ਦੇ ਦਿਆਂ। ਕਿਸੇ ਤਰ੍ਹਾਂ ਗਲ਼ੋਂ ਲੱਥੇ। ਮੁੰਨੀ ਝਾੜੂ ਨਾਲ ਥਾਂ ਸੁੰਭਰ ਰਹੀ ਸੀ। ਪਿਛਾਂਹ ਤੱਕਦਿਆਂ ਬੋਲੀ, ਤਿੰਨ ਰੁਪਈਏ ਨੇ, ਉਸ ਨੂੰ ਦੇ ਦਿਤੇ ਤਾਂ ਕੰਬਲ ਕਿੰਝ ਖਰੀਦਾਂਗੇ ? ਪੋਹ ਮਾਘ ਦੀਆਂ ਰਾਤਾਂ ਕਿਵੇਂ ਕੱਟਾਂਗੇ ? ਆਖਦੇ ਉਸ ਨੂੰ ਕਿ ਫਸਲ ਆਈ 'ਤੇ ਦਿਆਂਗੇ, ਅਜੇ ਨਹੀਂ।

ਹਲਕੂ ਨੇ ਥੋੜ੍ਹਾ ਚਿਰ ਸੋਚਿਆ। ਪੋਹ ਦਾ ਮਹੀਨਾ ਸਿਰ 'ਤੇ ਸੀ। ਕੰਬਲ ਬਿਨਾ ਬੜਾ ਔਖਾ ਹੋ ਜਾਣਾ ਸੀ। ਸਹਿਣਾ ਮੰਨੇਗਾ ਜਾਂ ਨਹੀਂ! ਹੋ ਸਕਦਾ ਉਹ ਮੈਨੂੰ ਘੂਰੇ ਜਾਂ ਗਾਲ੍ਹਾਂ ਕੱਢੇ। ਜੇ ਥੋੜ੍ਹੇ ਪੈਸੇ, ਉਸ ਦੇ ਮੱਥੇ ਮਾਰ ਦਿੰਦਾ ਤਾਂ ਬਲਾ ਤਾਂ ਟਲ਼ ਜਾਂਦੀ, ਸੋਚਦਾ ਉਹ ਮੁੰਨੀ ਦੇ ਨੇੜੇ ਹੋ ਕੇ ਖਲੋ ਗਿਆ! ਬੋਲਿਆ, ਦੇ ਵੀ ਦੇਥਥਥ ਗਲੋਂ ਲੱਥੇ। ਕੰਬਲ ਖਾਤਰ ਕਿਤੋਂ ਹੋਰ ਹੀਲਾ ਕਰ ਲਵਾਂਗੇ।

ਮੁੰਨੀ ਉਸ ਕੋਲੋਂ ਦੂਰ ਖਲੋ ਗਈ ਤੇ ਅੱਖਾਂ ਲਾਲ ਕਰਦੀ ਬੋਲੀ, ਕਰ ਚੁੱਕਿਆ ਤੂੰ ਹੀਲਾ! ਜ਼ਰਾ ਦੱਸੇਂਗਾ, ਤੂੰ ਕਿਹੜਾ ਹੀਲਾ ਕਰੇਂਗਾ ? ਕੋਈ ਭੀਖ 'ਚ ਦੇਵੇਗਾ ਕੰਬਲ ? ਖੇਤ 'ਤੇ ਕਰਜ਼ਾ ਇੰਨਾ ਰਹਿੰਦਾ ਹੈ ਕਿ ਮੁੱਕਦਾ ਹੀ ਨਹੀਂ। ਮੈਂ ਤਾਂ ਕਹਿੰਦੀ ਹਾਂ, ਤੂੰ ਖੇਤੀ ਛੱਡ ਕਿਉਂ ਨਹੀਂ ਦਿੰਦਾ। ਮਰ ਮਰ ਕੰਮ ਕਰਦੈਂ। ਫਸਲ ਹੋਣ 'ਤੇ ਰਹਿੰਦੇ ਪੈਸੇ ਮੋੜ ਕੇ, ਛੁਟਕਾਰਾ ਪਾ ਲੈ। ਆਪਾਂ ਤਾਂ ਜੰਮੇ ਹੀ ਰਿਣ ਲਾਹੁਣ ਖਾਤਰ ਹਾਂ। ਅਜਿਹੀ ਖੇਤੀ ਤੋਂ ਬਾਜ਼ ਆਏ। ਮੈਂ ਪੈਸੇ ਨਹੀਂ ਦੇਣੇ, ਨਹੀਂ ਦੇਣੇ। ਹਲਕੂ ਉਦਾਸ ਹੋ ਬੋਲਿਆ, ਤਾਂ ਹੁਣ ਮੈਂ ਗਾਲ੍ਹਾਂ ਖਾਵਾਂ ?

ਮੁੰਨੀ ਤੜਫ ਕੇ ਬੋਲੀ, ਗਾਲ੍ਹਾਂ ਕਿਉਂ ਕੱਢੂ, ਘਰ ਦਾ ਰਾਜ ਹੈ। ਉਸ ਦੀਆਂ ਅੱਖਾਂ 'ਤੇ ਭਿੱਫਣਾਂ ਢਿੱਲੀਆਂ ਪੈ ਗਈਆਂ। ਉਹ ਆਲੇ 'ਚੋਂ ਪੈਸੇ ਲੈ ਆਈ ਤੇ ਹਲਕੂ ਦੇ ਹਥ 'ਤੇ ਰੱਖ ਕੇ ਬੋਲੀ, ਤੂੰ ਹੁਣ ਛੱਡ ਦੇ ਖੇਤੀ। ਮਜ਼ਦੂਰੀ ਕਰਾਂਗੇ ਤੇ ਸੁੱਖ ਦੀ ਖਾਵਾਂਗੇ। ਕਿਸੇ ਦੀ ਧੌਂਸ ਤਾਂ ਨਾ ਹੋਊ ? ਕਿਹੋ ਜਿਹੀ ਖੇਤੀ ਹੈ ਕਿ ਮਜ਼ਦੂਰੀ ਕਰ ਕੇ ਲਿਆਉ ਤੇ ਝੋਕ ਦਿਉ। ਉਪਰੋਂ ਧੌਂਸ। ਹਲਕੂ ਮੁੰਨੀ ਤੋਂ ਪੈਸੇ ਲੈ ਕੇ ਬਾਹਰ ਆ ਗਿਆ। ਜਿਵੇਂ ਆਪਣਾ ਜਿਗਰ ਕੱਢ ਕੇ ਕਿਸੇ ਨੂੰ ਦੇਣ ਆਇਆ ਹੋਵੇ। ਮਜ਼ਦੂਰੀ 'ਚੋਂ ਉਸ ਨੇ ਤਿੰਨ ਰੁਪਈਏ ਕੰਬਲ ਲਈ ਜੋੜੇ ਸਨ। ਉਹੀ ਤਿੰਨ ਰੁਪਈਏ ਸਹਿਣੇ ਨੂੰ ਦੇ ਰਿਹਾ ਸੀ। ਕਦਮ ਕਦਮ 'ਤੇ ਗਰੀਬੀ ਦੇ ਭਾਰ ਥੱਲੇ ਉਹ ਲਗਾਤਾਰ ਦਬਦਾ ਜਾ ਰਿਹਾ ਸੀ।



ਪੋਹ ਦੀ ਹਨੇਰੀ ਰਾਤ ਵਿੱਚ ਅੰਬਰ ਦੇ ਤਾਰੇ ਠਰੇ ਹੋਏ ਜਾਪਦੇ ਸਨ। ਹਲਕੂ ਆਪਣੇ ਖੇਤ ਕਿਨਾਰੇ ਗੰਨਿਆਂ ਦੇ ਆਗਾਂ ਦੀ ਛਤਰੀ ਥੱਲੇ, ਬਾਂਸ ਦੀ ਮੰਜੀ 'ਤੇ ਚਾਦਰ ਲਈ ਬੈਠਾ ਕੰਬ ਰਿਹਾ ਸੀ। ਮੰਜੀ ਥੱਲੇ ਜਬਰਾ, ਢਿੱਡ ਅੰਦਰ ਮੂੰਹ ਵਾੜ ਕੇ, ਠੰਢ ਵਿੱਚ ਚੂੰ-ਚੂੰ ਕਰੀ ਜਾਂਦਾ ਸੀ। ਦੋਹਾਂ ਨੂੰ ਨੀਂਦ ਨਹੀਂ ਆ ਰਹੀ ਸੀ। ਹੇਠਾਂ ਵੱਲ ਝਾਤੀ ਮਾਰਦਾ ਹਲਕੂ ਬੋਲਿਆ, ਕਿਉਂ ਜਬਰੇ, ਪਾਲ਼ਾ ਲੱਗਦੈ ? ਘਰ ਹੀ ਪਰਾਲੀ 'ਤੇ ਪਿਆ ਰਹਿੰਦਾ। ਏਥੇ ਕੀ ਕਰਨ ਆਇਐਂ ? ਹੁਣ ਮਰ ਠੰਢ 'ਚ, ਮੈਂ ਕੀ ਕਰਾਂ ? ਤੈਨੂੰ ਪਤਾ ਹੈ, ਮੈਂ ਇਥੇ ਕੜਾਹ ਪੂਰੀਆਂ ਤਾਂ ਖਾਣ ਨਹੀਂ ਆਇਆ। ਤੂੰ ਅੱਗੇ ਅੱਗੇ ਭੱਜ ਆਇਆ ਏਂ। ਜਬਰੇ ਨੇ ਪੂਛ ਹਿਲਾਈ, ਉਬਾਸੀ ਲਈ ਤੇ ਚੁੱਪ ਹੋ ਗਿਆ। ਹਲਕੂ ਨੇ ਠੰਢਾ ਹੱਥ ਕੱਢ ਕੇ ਜਬਰੇ ਦੀ ਪਿੱਠ ਉਤੇ ਫੇਰਿਆ, ਕੱਲ੍ਹ ਤੋਂ ਮੇਰੇ ਨਾਲ ਨਾ ਆਈਂ, ਨਹੀਂ ਤਾਂ ਮਰ ਜਾਏਂਗਾ। ਫਿਰ ਬੋਲਿਆ, ਪਤਾ ਨਹੀਂ, ਪੱਛੋਂ ਦੀ ਪੌਣ ਕਿਧਰੋਂ, ਬਰਫ਼ ਚੁੱਕੀ ਤੁਰੀ ਆ ਰਹੀ ਹੈ ? ਉਠਾਂ ਤੇ ਚਿਲਮ ਭਰਾਂ। ਕਿਮੇਂ ਨਾ ਕਿਮੇਂ ਰਾਤ ਤਾਂ ਲੰਘੇ। 8 ਚਿਲਮਾਂ ਭਰ ਚੁੱਕਾਂ। ਇਹ ਹੈ ਖੇਤੀ ਦਾ ਸਵਾਦ। ਉਪਰੋਂ ਭਾਗਵਾਨ ਐਦਾਂ ਕੁੱਦ ਕੇ ਪੈਂਦੀ ਹੈ ਕਿ ਜੇ ਉਸ ਕੋਲ ਪਾਲ਼ਾ ਵੀ ਚਲਾ ਜਾਵੇ, ਉਸ ਦੀ ਗਰਮੀ ਕੋਲੋਂ ਡਰ ਕੇ ਭੱਜ ਨਿਕਲੇਗਾ। ਮਜ਼ਦੂਰੀ ਅਸੀਂ ਕਰਦੇ ਹਾਂ, ਐਸ਼ ਕੋਈ ਦੂਜਾ ਕਰਦਾ ਹੈ।

ਹਲਕੂ ਉਠਿਆ। ਸੁਆਹ ਦੇ ਢੇਰ 'ਚੋਂ ਭੋਰਾ ਅੱਗ ਲਈ, ਚਿਲਮ ਭਰੀ ਅਤੇ ਬੋਲਿਆ, ਪੀਏਂਗਾ ਚਿਲਮ, ਠੰਢ ਤਾਂ ਕੀ ਘਟਣੀ ਆ, ਬਸ ਥੋੜ੍ਹਾ ਮਨ ਦੂਜੇ ਪਾਸੇ ਲੱਗ ਜਾਊ। ਜਬਰਾ ਉਸ ਵੱਲ ਮੋਹ ਭਰੀਆਂ ਨਜ਼ਰਾਂ ਨਾਲ ਦੇਖਣ ਲੱਗਾ। ਹਲਕੂ ਕਹਿੰਦਾ, ਜਬਰੇ! ਅੱਜ ਠੰਢ ਕੱਟ ਲੈ, ਕੱਲ੍ਹ ਮੈਂ ਤੇਰੇ ਲਈ ਪਰਾਲੀ ਵਿਛਾ ਦੇਵਾਂਗਾ। ਉਸ ਵਿੱਚ ਵੜ ਕੇ ਬੈਠੀਂ, ਠੰਢ ਨੇੜੇ ਨਹੀਂ ਆਵੇਗੀ। ਜਬਰੇ ਨੇ ਪੈਰ ਉਸ ਦੇ ਮੋਢਿਆਂ 'ਤੇ ਰੱਖ ਕੇ, ਹਲਕੂ ਵੱਲ ਗਰਮ ਸਾਹ ਲਿਆ। ਚਿਲਮ ਪੀ ਕੇ ਹਲਕੂ ਮੰਜੀ 'ਤੇ ਪੈ ਗਿਆ, ਸੋਚਣ ਲੱਗਾ, ਹੁਣ ਸੌਂ ਲਵਾਂ ਥੋੜ੍ਹਾ; ਪਰ ਦੂਜੇ ਪਲ ਉਸ ਦਾ ਦਿਲ ਕੰਬ ਉਠਿਆ। ਪਾਸੇ ਪਲਟਦਾ ਰਿਹਾ। ਪਾਲ਼ਾ ਪ੍ਰੇਤ ਬਣ ਕੇ ਉਸ ਦੀ ਛਾਤੀ ਦੱਬੀ ਬੈਠਾ ਸੀ। ਜਦੋਂ ਕੋਈ ਵਾਹ ਨਾ ਚੱਲੀ ਤਾਂ ਜਬਰੇ ਨੂੰ ਉਸ ਗੋਦੀ 'ਚ ਸੁਲਾ ਲਿਆ। ਕੁੱਤੇ ਤੋਂ ਬਦਬੂ ਆ ਰਹੀ ਸੀ। ਗੋਦੀ 'ਚੋਂ ਜਬਰੇ ਨੂੰ ਸੁੱਖ ਮਹਿਸੂਸ ਹੋਣ ਲੱਗਾ। ਇਸ ਸਾਥ ਨੇ ਉਸ ਦੀ ਰੂਹ ਦੇ ਦਰ ਖੋਲ੍ਹ ਦਿਤੇ।ਜਬਰੇ ਨੂੰ ਕਿਸੇ ਜਾਨਵਰ ਦੀ ਪੈੜ-ਚਾਲ ਸੁਣੀ। ਉਹ ਝੱਟ ਉਠਿਆ ਅਤੇ ਬਾਹਰ ਆ ਕੇ ਭੌਂਕਣ ਲੱਗਾ। ਹਲਕੂ ਨੇ ਕਈ ਵਾਰ ਪੁਚਕਾਰਿਆ, ਪਰ ਉਹ ਉਸ ਕੋਲ ਨਹੀਂ ਸੀ ਆਇਆ। ਫਿਰ ਉਹ ਚਾਰੇ ਪਾਸੇ ਦੌੜਦਾ ਰਿਹਾ, ਭੌਂਕਦਾ ਰਿਹਾ। ਪਲ ਭਰ ਕੋਲ ਆਉਂਦਾ,ਫਿਰ ਦੌੜ ਜਾਂਦਾ।

ਘੰਟਾ ਬੀਤ ਗਿਆ। ਸੀਤ ਹਵਾ ਤੇ ਹਨੇਰਾ ਡਰਾਉਣ ਲੱਗਾ। ਹਲਕੂ ਉਠ ਕੇ ਬੈਠ ਗਿਆ। ਸਿਰ ਮੋਢਿਆਂ 'ਚ ਦੇ ਲਿਆ। ਠੰਢ ਫਿਰ ਵੀ ਨਾ ਘਟੀ। ਖ਼ੂਨ ਜਮ ਗਿਆ ਜਾਪਦਾ ਸੀ। ਧਮਣੀਆਂ ਵਿੱਚ ਜਿਵੇਂ ਬਰਫ਼ ਤੁਰੀ ਫਿਰਦੀ ਸੀ। ਆਕਾਸ਼ ਵੱਲ ਨਿਗ੍ਹਾ ਮਾਰੀ, ਖਿੱਤੀਆਂ ਅਜੇ ਆਕਾਸ਼ ਵਿੱਚ ਅੱਧੀਆਂ ਵੀ ਨਹੀਂ ਚੜ੍ਹੀਆਂ, ਉਤਾਂਹ ਹੋ ਜਾਣਗੀਆਂ ਤਾਂ ਸਵੇਰਾ ਹੋਊ। ਅਜੇ ਪਹਿਰ ਰਾਤ ਬਾਕੀ ਸੀ। ਹਲਕੂ ਦੇ ਖੇਤ ਲਾਗੇ ਅੰਬਾਂ ਦਾ ਬਾਗ ਸੀ। ਉਸ ਸੋਚਿਆ, ਉਥੇ ਚੱਲਦਾਂ ਤੇ ਪੱਤੇ ਜਲਾ ਕੇ ਸੇਕਦਾਂ। ਲਾਗਿਉਂ ਅਰਹਰ ਦੇ ਬੂਟੇ ਪੁੱਟ ਕੇ ਝਾੜੂ ਬਣਾ ਲਿਆ। ਸੁਲ਼ਗਦਾ ਗੋਹਾ ਲੈ ਕੇ ਬਾਗ ਵੱਲ ਤੁਰ ਪਿਆ। ਜਬਰਾ ਵੀ ਪੂਛ ਹਿਲਾਂਦਾ ਨਾਲ ਤੁਰ ਪਿਆ। ਹਲਕੂ ਨੇ ਕਿਹਾ, ਹੁਣ ਨਹੀਂ ਸਹਿ ਹੁੰਦਾ ਜਬਰੂ ? ਚੱਲ ਬਾਗ ਵਿੱਚ ਪੱਤੇ ਬਾਲ ਕੇ ਅੱਗ ਸੇਕੀਏ। ਆ ਕੇ ਸੌਂ ਜਾਵਾਂਗੇ। ਅਜੇ ਰਾਤ ਕਾਫ਼ੀ ਬਾਕੀ ਹੈ। ਬਾਗ 'ਚ ਬੜਾ ਹਨੇਰਾ ਸੀ। ਹਵਾ ਪੱਤੇ ਉਡਾਉਂਦੀ,ਲੰਘ ਜਾਂਦੀ। ਪੌਣ ਦਾ ਬੁੱਲਾ, ਮਹਿੰਦੀ ਦੇ ਫੁੱਲਾਂ ਦੀ ਖੁਸ਼ਬੂ ਲੈ ਕੋਲੋਂ ਦੀ ਲੰਘਿਆ। ਹਲਕੂ ਬੋਲਿਆ, ਇਹ ਤਾਂ ਬੜੀ ਚੰਗੀ ਸੁਗੰਧ ਹੈ ਜਬਰੂ; ਤੈਨੂੰ ਵੀ ਚੰਗੀ ਲੱਗੀ ? ਜਬਰੂ ਕਿਧਰੋਂ ਹੱਡੀ ਲੱਭ ਲਿਆਇਆ ਅਤੇ ਲੱਗਾ ਇਸ ਨੂੰ ਚੂੰਡਣ। ਧੁਖਦਾ ਗੋਹਾ ਧਰਤੀ 'ਤੇ ਰੱਖ ਕੇ, ਹਲਕੂ ਪੱਤੇ ਫਰੋਲਣ ਲੱਗਾ। ਅੱਗ ਲਾਈ ਤਾਂ ਪੱਤੇ ਜਲਣ ਲੱਗੇ। ਲਾਟਾਂ ਰੁੱਖਾਂ ਦੇ ਪੱਤਿਆਂ ਨੂੰ ਛੂਹਣ ਲੱਗੀਆਂ। ਚਾਨਣ ਵਿੱਚ ਇੰਜ ਜਾਪ ਰਿਹਾ ਸੀ ਜਿਵੇਂ ਵੱਡੇ ਵੱਡੇ ਰੁੱਖ, ਹਨੇਰੇ ਨੂੰ ਆਪਣੇ ਸਿਰਾਂ ਉਪਰ ਚੁੱਕ ਕੇ ਖਲੋਤੇ ਹੋਣ। ਜਬਰਾ ਜੀਕੂੰ ਕਹਿ ਰਿਹਾ ਸੀ, ਹੁਣ ਠੰਢ ਲੱਗਦੀ ਹੀ ਰਹੂ ? ਪਹਿਲਾਂ ਨਹੀਂ ਸੁੱਝਿਆ, ਐਵੇਂ ਠੰਢ ਵਿਚ ਠਰੀ ਗਏ। ਜਬਰੇ ਨੇ ਪੂਛ ਹਿਲਾਈ।

ਆ ਜਾ, ਅੱਗ ਦੀ ਢੇਰੀ ਨੂੰ ਕੁੱਦ ਕੇ ਪਾਰ ਕਰੀਏ। ਦੇਖਦੇ ਆਂ ਕੌਣ ਪਾਰ ਜਾਂਦਾ। ਜਬਰੇ ਨੇ ਅੱਗ ਵੱਲ ਨਜ਼ਰ ਮਾਰੀ।

ਜਾ ਕੇ ਮੁੰਨੀ ਨੂੰ ਨਾ ਦੱਸ ਦੇਈਂ, ਮੇਰੇ ਨਾਲ ਲੜੂ। ਹਲਕੂ ਨੇ ਕਿਹਾ। ਇਹ ਆਖ ਉਸ ਨੇ ਛਾਲ ਮਾਰੀ ਅਤੇ ਢੇਰੀ ਤੋਂ ਪਾਰ ਪਹੁੰਚ ਗਿਆ। ਪੈਰਾਂ ਨੂੰ ਥੋੜ੍ਹਾ ਸੇਕ ਜ਼ਰੂਰ ਲੱਗਿਆ। ਜਬਰਾ ਅੱਗ ਦੁਆਲੇ ਘੁੰਮ ਕੇ, ਉਸ ਕੋਲ ਆ ਕੇ ਖਲੋ ਗਿਆ।

ਹਲਕੂ ਕਹਿੰਦਾ, ਚੱਲ ਚੱਲ, ਇਹ ਠੀਕ ਨਹੀਂ, ਉਤੋਂ ਕੁੱਦ ਕੇ ਆ। ਉਹ ਅੱਗ ਦੀ ਢੇਰੀ 'ਤੋਂ ਦੀ ਕੁੱਦਿਆ ਤੇ ਦੂਜੇ ਪਾਸੇ ਜਾ ਖੜ੍ਹਾ ਹੋਇਆ।

ਪੱਤੇ ਜਲ ਚੁੱਕੇ ਸਨ। ਫਿਰ ਹਨੇਰਾ ਛਾ ਗਿਆ। ਸੁਆਹ ਥੱਲੇ ਅੰਗਿਆਰੇ ਹਵਾ ਚੱਲਣ 'ਤੇ ਪਲ ਭਰ ਲਈ ਚਮਕਦੇ ਤੇ ਬੁਝ ਜਾਂਦੇ। ਹਲਕੂ ਨੇ ਚਾਦਰ ਲੈ ਲਈ। ਸੁਆਹ ਨੇੜੇ ਬੈਠਾ, ਕਿਸੇ ਗੀਤ ਦੇ ਬੋਲ ਗੁਣਗਣਾਉਣ ਲੱਗਾ। ਸਰੀਰ 'ਚ ਤਪਸ਼ ਆ ਚੁੱਕੀ ਸੀ। ਠੰਢ ਵਧਣ ਨਾਲ ਸੁਸਤੀ ਪੈ ਗਈ। ਜਬਰਾ ਜ਼ੋਰ ਨਾਲ ਭੌਂਕਦਾ ਖੇਤ ਵੱਲ ਦੌੜਿਆ। ਹਲਕੂ ਨੂੰ ਲੱਗਾ ਜਿਵੇਂ ਜਾਨਵਰ ਖੇਤ ਵਿੱਚ ਆ ਵੜੇ ਸਨ। ਸ਼ਾਇਦ ਨੀਲ ਗਊਆਂ ਦਾ ਝੁੰਡ ਸੀ। ਪਹਿਲਾਂ ਉਛਲਣ-ਕੁੱਦਣ ਦੀ ਆਵਾਜ਼ ਆਈ, ਫਿਰ ਖੇਤ ਵਿੱਚ ਚਰਨ ਦੀ ਆਵਾਜ਼ ਸੁਣੀ। ਉਸ ਦੇ ਦਿਲੋਂ ਆਵਾਜ਼ ਆਈ- ਜਬਰਾ ਕਿਸੇ ਨੂੰ ਖੇਤ 'ਚ ਵੜਨ ਨਹੀਂ ਦੇਣ ਲੱਗਾ। ਪਾੜ ਕੇ ਰੱਖ ਦੇਊ। ਹੁਣ ਕੁਝ ਵੀ ਨਹੀਂ ਸੀ ਸੁਣ ਰਿਹਾ। ਕਿਹਾ ਧੋਖਾ ਸੀ ? ਉਸ ਨੇ ਉਚੀ ਦੇਣੇ ਆਵਾਜ਼ ਮਾਰੀ, ਜਬਰੇ, ਜਬਰੇ। ਜਬਰਾ ਭੌਂਕਦਾ ਰਿਹਾ, ਪਰ ਕੋਲ ਨਾ ਆਇਆ। ਫਿਰ ਚਰਨ ਦੀ ਆਵਾਜ਼ ਆਈ, ਪਰ ਹਲਕੂ ਨੂੰ ਆਪਣੀ ਥਾਂ ਤੋਂ ਹਿੱਲਣਾ ਔਖਾ ਲੱਗ ਰਿਹਾ ਸੀ, ਉਥੇ ਹੀ ਬੈਠਾ ਰਿਹਾ। ਉਸ ਨੇ ਜ਼ੋਰ ਦੀ ਆਵਾਜ਼ ਮਾਰੀ, ਚਰ ਗਏ, ਚਰ ਗਏ!

ਜਬਰਾ ਭੌਂਕਣ ਲੱਗਾ। ਜਾਨਵਰ ਖੇਤ ਚਰ ਰਹੇ ਸਨ। ਫਸਲ ਪੂਰੀ ਤਿਆਰ ਸੀ, ਪਰ ਜਾਨਵਰ ਉਜਾੜਾ ਕਰ ਰਹੇ ਸਨ। ਹਲਕੂ ਇਰਾਦਾ ਧਾਰ ਕੇ ਦੋ ਕਦਮ ਤੁਰਿਆ, ਪਰ ਹਵਾ ਬਿੱਛੂ ਬਣ ਕੇ ਡੰਗ ਮਾਰਨ ਲੱਗੀ। ਉਹ ਬੁਝੀ ਅੱਗ ਦੀ ਢੇਰੀ ਕੋਲ ਆ ਬੈਠਾ ਅਤੇ ਸੁਆਹ ਫਰੋਲ ਕੇ ਠੰਢਾ ਬਦਨ ਗਰਮਾਉਣ ਲੱਗਾ। ਜਬਰਾ ਭੌਂਕਦਾ ਰਿਹਾ, ਦੌੜਦਾ ਰਿਹਾ। ਨੀਲ ਗਊਆਂ ਖੇਤ ਦਾ ਸਫਾਇਆ ਕਰ ਗਈਆਂ। ਹਲਕੂ ਗਰਮ ਰਾਖ ਕੋਲ ਬੈਠਾ, ਚਾਦਰ ਲੈ ਕੇ ਸੌਂ ਗਿਆ। ਸਵੇਰੇ ਜਾਗ ਉਸ ਵਕਤ ਖੁੱਲ੍ਹੀ, ਜਦੋਂ ਚਾਰੇ ਪਾਸੇ ਧੁੱਪ ਬਿਖਰੀ ਪਈ ਸੀ ਤੇ ਮੁੰਨੀ ਕਹਿ ਰਹੀ ਸੀ, ਅੱਜ ਸੁੱਤੇ ਹੀ ਰਹਿਣਾ ? ਤੂੰ ਸੌਂ ਗਿਆ, ਉਧਰ ਸਾਰਾ ਖੇਤ ਚੌਪਟ ਹੋ ਗਿਆ। ਹਲਕੂ ਉਠ ਕੇ ਬੋਲਿਆ, ਤੂੰ ਖੇਤੋਂ ਆਈ ਏ ? ਮੁੰਨੀ ਬੋਲੀ, ਹਾਂ! ਖੇਤ ਉਜੜਿਆ ਪਿਆ ਹੈ। ਭਲਾ ਐਂ ਵੀ ਕੋਈ ਸੌਂਦਾ ? ਤੇਰਾ ਝੌਂਪੜੀ ਪਾਉਣ ਦਾ ਕੀ ਲਾਭ ? ਹਲਕੂ ਨੇ ਬਹਾਨਾ ਬਣਾਇਆ, ਮੈਂ ਮਰਦਾ ਮਰਦਾ ਬਚਿਆਂ ਰਾਤੀਂ, ਐਂ ਦਰਦ ਉਠਿਆ, ਮੈਂ ਹੀ ਜਾਣਦਾਂ। ਧਰਤੀ 'ਤੇ ਲਿਟਦਾ ਰਿਹਾ ਹਾਂ, ਜਿਵੇਂ ਸਵੇਰ ਨੂੰ ਸਾਹ ਨਾ ਪੂਰੇ ਹੋ ਜਾਣ। ਖੇਤ ਦੀ ਹਾਲਤ ਦੇਖ ਕੇ ਮੁੰਨੀ ਦੇ ਚਿਹਰੇ 'ਤੇ ਉਦਾਸੀ ਫੈਲ ਗਈ, ਪਰ ਅੰਦਰੋਂ ਹਲਕੂ ਖੁਸ਼ ਸੀ। ਮੁੰਨੀ ਨੇ ਚਿੰਤਾ ਜ਼ਾਹਰ ਕੀਤੀ, ਹੁਣ ਫਿਰ ਮਾਲ-ਮੁਜ਼ਾਰੀ ਮਜ਼ਦੂਰੀ ਕਰ ਕੇ ਭਰਨੀ ਪਊ। ਹਲਕੂ ਖੁਸ਼ ਹੋ ਕੇ ਬੋਲਿਆ, ਹੁਣ ਠੰਢ ਵਿੱਚ ਖੇਤਾਂ 'ਚ ਸੌਣ ਤੋਂ ਤਾਂ ਖਹਿੜਾ ਛੁੱਟ ਜਾਵੇਗਾ।

# ਮੇਰੀ ਕਲਮ

## ਮਾਂ ਦੀ ਕੁੱਖੋਂ ਧੀ ਹੋਈ





ਗੌਰਵ ਧੀਮਾਨ

ਕੌਣ ਜਾਣਦਾ ਸੀ ਜਿੰਦਗੀ ਫਿਰ ਹੋਈ,
ਦੁੱਖ ਕੱਟੇ ਸੁੱਖ ਹੋਇਆ ਮਾਂ ਦੀ ਕੁੱਖੋਂ ਧੀ ਹੋਈ।
ਹੌਲੀ ਹੌਲੀ ਜਿੰਦਗੀ ਨੇ ਗਲ਼ ਲਾਇਆ,
ਤਕਲੀਫ਼ ਮਾਂ ਦੀ ਵੇਖ ਪਿਆਰ ਮਿਲ ਖੁਦ ਰੋਈ।

ਹੁਣ ਬਾਕੀ ਜਿੰਦਗੀ ਸਾਥ ਮਾਂ ਦਾ ਰਿਹਾ,
ਬਚਪਨ ਤੋਂ ਹੀ ਗੱਲ ਨਿੱਕੀ ਧੀ ਦਿਲ ਸਮੋਈ।
ਪਿਆਰ ਦੇ ਰਿਸ਼ਤੇ ਮਾਂ ਪ੍ਰਤੀ ਹੀ ਸਮਝਣ,
ਧੀ ਇੱਜ਼ਤ ਢੱਕ ਕਦੇ ਵੀ ਨਾ ਕੱਖ ਤੋਂ ਮੱਸ ਹੋਈ।

ਇੱਕ ਹੌਸਲਾ ਦਿਲ ਅੰਦਰ ਖੌਫ਼ ਨਾ ਕੋਈ,
ਮਾਂ ਦੇ ਬੋਲ ਹੀ ਕਾਫ਼ੀ ਧੀ ਦੀ ਅੱਖ ਚਮਕ ਹੋਈ।
ਸਮੇਂ ਦਾ ਚੱਕਰਵਿਊ ਕਦੇ ਹੀ ਬਦਲ ਗਿਆ,
ਧੀ ਨੂੰ ਖਿਆਲ ਮਾਂ ਦੀ ਮਮਤਾ ਨਾ ਜੱਗ ਭਲੋਈ।

ਹੁਣ ਤੱਕ ਧੀ ਮਾਂ ਦੀ ਰਜਾ ਵਿੱਚ ਚੁੱਪ ਸੀ,
ਸੁਪਨੇ ਪੂਰੇ ਕਰ ਜਿੰਦਗੀ ਨੂੰ ਦੱਸ ਮਾਂ ਖੁਸ਼ ਹੋਈ।
ਜਿੰਦਗੀ ਦੇ ਰੰਗ ਨੂੰ ਸਮਾਂ ਵੀ ਲੰਘ ਗਿਆ,
ਫ਼ਰਕ ਦੁਨੀਆ ਦੀ ਘੁਰ ਨੇ ਇੱਜ਼ਤ ਲੁੱਟ ਪਟੋਈ।

ਅੱਜ ਧੀ ਨੂੰ ਡਰ ਸਿਰਫ਼ ਮਾਂ ਦੀ ਮੌਤ ਦਾ,
ਜਿੰਦਗੀ ਹਰਵੇਲ ਨਾ ਮਿਲਦੀ ਜਿੰਦਗੀ ਖਲੋਈ।
ਸਮਝ ਗਈ ਧੀ ਜਦ ਮਾਂ ਸਦਾ ਲਈ ਜਾਈ,
ਗੌਰਵ ਮਨ ਦੁੱਖੀ ਹੋ ਇਸ ਜੱਗ ਧੀ ਕਿੱਥੇ ਬਚੋਈ।

## ਇਸ ਵਿੱਚ ਪੜ੍ਹ ਤੂੰ, ਇਸ ਵਿੱਚ ਲਿਖ ਤੂੰ

ਆਸ਼ਿਕ ਚੌਧਰੀ

ਇਸ ਵਿੱਚ ਪੜ੍ਹ ਤੂੰ, ਇਸ ਵਿੱਚ ਲਿਖ ਤੂੰ, ਇਸ ਵਿੱਚ ਕਰ ਤਕਰੀਰਾਂ!
ਮਾਂ ਬੋਲੀ ਦਾ ਪੱਲਾ ਫੜ ਲੈ, ਬਣ ਜਾਸਨ ਤਕਦੀਰਾਂ!!
ਸਾਡੇ ਦੇਸ਼ 'ਪੰਜਾਬ' ਤੇ ਅਜ਼ਲੋਂ, ਹੋਣੀ ਕਾਬਜ਼ ਹੋਈ,
'ਸੋਹਣੀਆਂ' ਵਿੱਚ ਝਨਾਂ ਦੇ ਡੁੱਬੀਆਂ, ਮੋਹਰਾ ਖਾਧਾ ਹੀਰਾਂ!
ਸਾਥੋਂ ਚੜ੍ਹਦੀ ਧਰਤੀ ਖੁੱਸੀ, ਬੋਲੀ ਵੀ ਅੱਡ ਹੋਈ,
ਸਾਡੇ ਸਿਰ ਦੀ ਚੁੰਨੀ ਪਾਟੀ, ਪੱਗ ਵੀ ਲੀਰਾਂ-ਲੀਰਾਂ!
ਸਾਨੂੰ ਡੁਸਕਣ ਵੀ ਨਾ ਦਿੰਦੇ, ਮੂੰਹ 'ਤੇ ਜਿੰਦਰੇ ਲੱਗੇ,
ਸਾਨੂੰ ਹਿਲਣ ਵੀ ਨਾ ਦਿੰਦੇ, ਛਣਕਨ ਨਾ ਜ਼ੰਜੀਰਾਂ!
ਰੰਗ-ਬਰੰਗੇ ਸੁਹਣੇ ਪੰਛੀ, ਏਥੋਂ ਤੁਰਦੇ ਹੋਏ,
ਥੋੜ੍ਹੇ ਉੱਲੂ ਬਾਟੇ ਰਹਿ ਗਏ, ਬੈਠੇ ਜੰਡ-ਕਰੀਰਾਂ।
ਆਪਣੀ ਬੋਲੀ, ਆਪਣੀ ਧਰਤੀ, ਛੱਡਿਆਂ ਕੁੱਝ ਨਹੀਂ ਰਹਿੰਦਾ,
ਕੁਦਰਤ ਮੁਆਫ਼ ਕਦੇ ਨਹੀਂ ਕਰਦੀ 'ਆਸ਼ਿਕ' ਇਹ ਤਕਸੀਰਾਂ

## ਕੰਡਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕੁਦਰਤ ਨੇ ਆਪਣਾ ਪਹਿਲਾ ਅੱਖਰ, ਮੇਰੀ ਝੋਲੀ ਪਾਇਆ,
ਪਿਆਰ ਨਾਲ ਸਾਰੇ ਫ਼ਰਜ਼ ਸਮਝਾ ਕੇ, ਮੈਨੂੰ ਕਿੱਤੇ ਲਾਇਆ।

ਇਹ ਦੁਨੀਆ ਹੈ ਸੇਜ ਸੂਲਾਂ ਦੀ, ਚੋਭਾਂ ਨੇ ਹਰ ਪਾਸੇ,
ਤੇਰੇ ਲਈ ਪਰ ਸਭ ਨੇ ਇੱਕੋ, ਹੌਕੇ, ਹਾਅਵੇ, ਹਾਸੇ!

ਨਾ, ਨਾ ਕਦੀ ਤੂੰ ਸੀਅ ਨਹੀਂ ਕਰਨੀ, ਧਾਅ ਮਾਰ ਨਹੀਂ ਰੋਣਾ,
ਵਫ਼ਾਦਾਰੀ ਰੱਖੀਂ ਨਿੱਤ ਪੱਲੇ, ਜਿੱਥੇ ਵੀ ਪਵੇ ਖਲੋਣਾ!

ਸੁੰਦਰਤਾ 'ਤੇ ਕੋਮਲਤਾ ਦੀ, ਰਾਖੀ ਤੇਰੇ ਪੱਲੇ,
ਦੇਖੀਂ ਹਥਿਆਰ ਸਾਂਭ ਕੇ ਵਰਤੀਂ, ਰੱਖੀਂ ਹੱਥ ਨਿਚੱਲੇ!

ਕਈ ਬਣਨਗੇ ਤੇਰੇ ਦੁਸ਼ਮਣ, ਖ਼ਾਰ ਖਾਣਗੇ ਤੈਥੋਂ,
ਖੋਹਣਗੇ ਤੇਰੇ ਹੱਕ ਉਹ ਤੈਥੋਂ, ਇੱਧਰੋਂ, ਉਧਰੋਂ, ਹੈਥੋਂ!

ਜਿੱਥੇ ਵੀ ਹੋਵੇ ਜ਼ਿਕਰ ਫੁੱਲ ਦਾ, ਉੱਥੇ ਲਾਜ਼ਮੀ ਹੋਵੇ ਮੇਰਾ,
ਸ਼ਾਇਰ, ਅਦੀਬ ਹਮੇਸ਼ਾ ਦਿੰਦੇ, ਮੇਰਾ ਹੱਕ ਵਧੇਰਾ।

ਮਾਣ ਹੈ ਮੈਨੂੰ ਆਪਣੇ ਕੰਮ 'ਤੇ, ਕੁਰਬਾਨ ਹੋਵਾਂ ਲੱਖ ਵਾਰੀ,
ਦਿਲ ਉੱਤੇ ਲੱਖ ਨਸ਼ਤਰ ਚੱਲਣ, ਭਾਵੇਂ ਤਨ ਤੇਜ਼ ਕਟਾਰੀ।

ਕੰਡਾ ਹਾਂ ਕੰਡਾ ਹੀ ਰਹਾਂਗਾ, ਮੈਨੂੰ ਬੀਜੋ ਜਾਂ ਮੈਨੂੰ ਵੱਢੋ,
ਫਿਤਰਤ ਨਾ ਮੈਂ ਛੱਡਾਂ ਹੱਥੋਂ, ਮੈਨੂੰ ਰੱਖੋ 'ਤੇ ਭਾਵੇਂ ਛੱਡੋ।

ਸਫ਼ਰ ਬੜਾ ਹੀ ਮੈਂ ਤੈਅ ਕੀਤਾ, ਝੱਲੀ ਗਰਮੀ ਸਰਦੀ,
ਕਾਸ਼ ਇਸ ਜਹਾਨ 'ਤੇ ਹੁੰਦਾ, ਮੇਰਾ ਵੀ ਕੋਈ ਦਰਦੀ।

## ਤੂੰ ਮੇਰੀ ਛਾਂ 'ਚ ਬਹਿ ਕੇ ਆਖਿਆ ਸੀ ਇਸ ਤਰਾਂ ਇੱਕ ਦਿਨ

ਸੁਖਵਿੰਦਰ ਅੰਮ੍ਰਿਤ



ਤੂੰ ਮੇਰੀ ਛਾਂ 'ਚ ਬਹਿ ਕੇ ਆਖਿਆ ਸੀ ਇਸ ਤਰਾਂ ਇੱਕ ਦਿਨ
ਮੈਂ ਤੇਰੇ ਪੱਤੇ ਪੱਤੇ ਦਾ ਉਤਾਰੂੰ ਕਰਜ਼ ਮਾਂ ਇੱਕ ਦਿਨ
ਉਹ ਮੇਰੀ ਰੱਤ ਦੇ ਜਾਏ ਜਦੋਂ ਖੁਦ ਖਿੜਨ 'ਤੇ ਆਏ
ਤਾਂ ਮੈਨੂੰ ਦੇ ਗਏ ਸੌਗਾਤ ਵਿੱਚ ਬੈਸਾਖਿਆਂ ਇੱਕ ਦਿਨ
ਜਦੋਂ ਮਨ ਦੇ ਖ਼ਲਾਅ ਦਾ ਹੋਰ ਕੋਈ ਚਾਰਾ ਨ ਹੋ ਸਕਿਆ
ਮੈਂ ਆਪਣੇ ਹੀ ਪਤੇ 'ਤੇ ਆਏ ਲਿਖੀਆਂ ਚਿੱਠੀਆਂ ਇੱਕ ਦਿਨ
ਨ ਲੋਰੀ ਮੁੱਲ ਮੰਗਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ
ਸਮਝ ਜਾਏਂਗੀ ਧੀਏ ! ਜਦੋਂ ਬਣੇਂਗੀ ਖੁਦ ਤੂੰ ਮਾਂ ਇੱਕ ਦਿਨ
ਮੁਹੱਬਤ ਪਕੜ ਕੇ ਨਾ ਰੱਖ ਸਕੀ ਜਦ ਉਸ ਦੀ ਵੀਣੀ ਨੂੰ
ਤਾਂ ਉਸ ਨੇ ਪਹਿਨ ਲਈਆਂ ਬਾਂਹ 'ਚ ਰੱਤੀਆਂ ਚੂੜੀਆਂ ਇੱਕ ਦਿਨ
ਇਹ ਵਿਰਸਾ ਕਿਸ ਨੂੰ ਕਹਿੰਦੇ ਨੇ ਤੇ ਇਹ ਤਹਿਜ਼ੀਬ ਕੀ ਹੁੰਦੀ
ਅਜਾਇਬ ਘਰ 'ਚ ਚਰਚਾ ਕਰਦੀਆਂ ਸੀ ਚੁੰਨੀਆਂ ਇੱਕ ਦਿਨ
ਇਨ੍ਹਾਂ ਸੁੱਤਿਆਂ ਮਲਾਹਾਂ ਨੂੰ ਉਦੋਂ ਹੀ ਜਾਗ ਆਉਣੀ ਹੈ
ਜਦੋਂ ਵੱਜੀਆਂ ਚਟਾਨਾਂ ਵਿੱਚ ਜਾ ਕੇ ਕਿਸ਼ਤੀਆਂ ਇੱਕ ਦਿਨ
ਸ਼ਗੂਫੇ ਸਾਂਭ ਲੈ ਸਾਰੇ ਤੂੰ ਯਾਦਾਂ ਦੀ ਕਿਤਾਬ ਅੰਦਰ
ਕਿ ਆਖਰ ਜ਼ਿੰਦਗੀ ਵਿੱਚ ਆਉਣੀਆਂ ਨੇ ਪਤਝੜਾਂ ਇੱਕ ਦਿਨ
ਜਾਂ ਮੁਨਕਰ ਹੋ ਗਏ ਮੈਥੋਂ ਮੇਰੇ ਪਾਲੇ ਹੋਏ ਬੂਟੇ
ਮੈਂ ਆਪਣੇ ਪਾਣੀਆਂ ਵਿੱਚ ਪਾਲ ਲਈਆਂ ਮੱਛਲੀਆਂ ਇੱਕ ਦਿਨ

## ਇਕਰਾਰਾਂ ਵਾਲੀ ਰਾਤ

ਅੰਮ੍ਰਿਤਾ ਪ੍ਰੀਤਮ

ਕੌਲਾਂ ਭਰੀ ਸਵੇਰ ਹੈ ਮੇਰੀ
ਰਾਤ ਮੇਰੀ ਇਕਰਾਰਾਂ ਵਾਲੀ,
ਮੈ ਹਾਂ, ਵਾਜ ਮੇਰੀ ਧਰਤੀ ਦੀ
ਇਹ ਧਰਤੀ ਦੀ ਬਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਹਰ ਪੱਤਰ ਦੀ ਮਹਿਕ ਅੰਦਰੋਂ
ਮਹਿਕ ਮੇਰੇ ਸਾਹਵਾਂ ਦੀ ਆਵੇ,
ਹਰ ਸਿੱਟੇ ਦੀਆਂ ਅੱਖਾਂ 'ਚੋਂ
ਮੇਰੇ ਅੰਗ ਪਾਂਦੇ ਨੇ ਝਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਵਰ੍ਹਿਆਂ ਬੱਧੀ ਜ਼ੋਰੀਂ ਬੀਜੇ
ਵਰ੍ਹਿਆਂ ਬੱਧੀ ਜਬਰੀ ਹਿੱਕੇ
ਬਹੁਤ ਹੋ ਗਿਆ ਹੋ ਨਹੀਂ ਸਕਦਾ
ਮੇਰੇ ਅੰਨ ਦਾ ਘਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਅੱਖੀਆਂ ਵਿੱਚੋਂ ਅੱਥਰੂ ਛੰਡੇ
ਹੋਠਾਂ ਨਾਲੋਂ ਮਿੰਨਤ ਝਾੜੀ,
ਆਪੇ ਦਾਰੂ ਆਪੇ ਦਰਮਲ
ਆਪੇ ਪੁੱਛੀ ਵਾਤ ।
ਮੇਰੀ-ਇਕਰਾਰਾਂ ਵਾਲੀ ਰਾਤ ।

ਹੱਸ ਪਈ ਮੇਰੀ ਹਾੜੀ ਸੌਣੀ
ਹੱਸ ਪਏ ਮੇਰੇ ਸਾਲ ਮਹੀਨੇ,
ਹੱਸੀਆਂ ਲੂਆਂ, ਹੱਸੇ ਪਾਲੇ
ਹੱਸ ਪਈ ਬਰਸਾਤ ।
ਮੇਰੀ- ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਮੈ ਆਪੇ ਗੋਡੀ,
ਇਹ ਕਣਕਾਂ ਮੈ ਆਪੇ ਛੰਡੀਆਂ,
ਇਹ 'ਰੋਟੀ' ਅੱਜ ਮੇਰੀ ਹੋਈ
ਮੇਰਾ ਹੋ ਗਿਆ 'ਭਾਤ'
ਮੇਰੀ-ਇਕਰਾਰਾਂ ਵਾਲੀ ਰਾਤ ।

ਇਹ ਧਰਤੀ ਅਜ ਲੋਕਾਂ ਜੋਗੀ
ਇਹ ਲੋਕੀ ਅਜ ਧਰਤੀ ਜੋਗੇ,
ਭਰ ਕੇ ਚਾੜ੍ਹ ਹਾਂਡੀਆਂ ਕੁੜੀਏ !
ਭਰ ਕੇ ਗੁੰਨ੍ਹ ਪਰਾਤ !
ਮੇਰੀ-ਇਕਰਾਰਾਂ ਵਾਲੀ ਰਾਤ ।



## ਸਿਰ 'ਤੇ ਸੂਰਜ ਕਹਿਰ ਦਾ ਸੀ

ਅਕਰਮ ਸ਼ੇਖ਼

ਸਿਰ 'ਤੇ ਸੂਰਜ ਕਹਿਰ ਦਾ ਸੀ।
ਬੰਦ ਦਰਵਾਜ਼ਾ ਸ਼ਹਿਰ ਦਾ ਸੀ।
ਜਦ ਸਾਏ ਪੱਥਰ ਹੋਏ ਸਨ,
ਵੇਲਾ ਸਿਖ਼ਰ ਦੁਪਹਿਰ ਦਾ ਸੀ।
ਅੱਖ ਦੇ ਮੰਜ਼ਰ ਪੀਲੇ ਸਨ,
ਰੰਗ ਹਵਾ ਵਿੱਚ ਗਹਿਰ ਦਾ ਸੀ।
ਅੰਬਰਾਂ ਉੱਤੇ ਉਡਦਾ ਪੰਛੀ,
ਅੱਖਾਂ ਵਿੱਚ ਨਾ ਠਹਿਰਦਾ ਸੀ।
ਉਮਰਾਂ ਤੀਕਰ ਨਾਲ ਰਿਹਾ,
ਵਾਕਿਫ਼ ਇੱਕ ਦੁਪਹਿਰ ਦਾ ਸੀ।

## ਧੌਲ

ਸਰਬਜੀਤ ਕੌਰ ਜੱਸ



ਤੂੰ ਮੰਨ ਚਾਹੇ ਨਾ
ਧਰਤੀ ਹੇਠਾਂ ਸੱਚ-ਮੁੱਚ ਇੱਕ ਧੌਲ ਹੈ
ਉਹ ਧਰਤੀ ਦੀਆਂ ਵੱਖੀਆਂ 'ਚ
ਸਿੰਗ ਚੋਭਦਾ
ਤੇ ਭੂਚਾਲ ਆ ਜਾਂਦਾ

ਉਹ ਧਰਤੀ ਨਹੀਂ ਚੁੱਕਦਾ
ਉਸ ਦੀ ਖ਼ਾਮੋਸ਼ੀ ਦਾ ਫ਼ਾਇਦਾ ਚੁੱਕਦਾ
ਉਸਨੂੰ ਸੋਭਦਾ
ਧਰਤੀ ਦਾ ਬੇਜ਼ੁਬਾਨ ਹੋਣਾ
ਚੁੱਪ ਨਾਲ ਮੁਹੱਬਤ ਹੈ ਉਸਨੂੰ
ਉਹ ਮੁਹੱਬਤ 'ਚ ਜ਼ਹਿਰ ਘੋਲਦਾ
ਤੇ ਪੂਰੇ ਦੇ ਪੂਰੇ ਜੀਵਨ ਨੂੰ
ਨੀਲਾ ਕਰ ਦਿੰਦਾ

ਉਹ ਗੁੱਝੀਆਂ ਸੱਟਾਂ ਮਾਰਦਾ
ਚੰਘਿਆੜਦਾ
ਤੇ ਆਪਣੇ ਸਿਰ ਬੰਨ੍ਹਦਾ
ਪੂਰੀ ਸ੍ਰਿਸ਼ਟੀ ਦੀ ਹੋਂਦ ਦਾ ਸਿਹਰਾ

ਉਜ ਬਹੁਤ ਖ਼ੌਫ਼ਜ਼ਦਾ ਹੈ ਧੌਲ
ਕਿ ਉਸ ਨੂੰ ਮਹਿਸੂਸ ਕਿਉਂ ਨਹੀਂ ਹੁੰਦੀ
ਧਰਤੀ ਅੰਦਰਲੀ ਖਿੱਚ ?
ਉਸਦੇ ਸਿਰ 'ਤੇ
ਚਿੰਗੁਮ ਵਾਂਗ ਕਿਉਂ ਨਹੀਂ ਚਿੰਬੜਦੀ
ਧਰਤ ?
ਫ਼ੁੱਟਬਾਲ ਵਾਂਗ ਬੁੜ੍ਹਕ ਕਿਉਂ ਜਾਂਦੀ
ਹੈ ?

ਜਦੋਂ ਖੁਭਦੇ ਨੇ
ਉਹਦੇ ਜ਼ਿਹਨ 'ਚ ਪ੍ਰਸ਼ਨਾਂ ਦੇ ਤੀਰ
ਤਾਂ ਉਹ ਧਰਤੀ ਦੇ ਹੁੱਝ ਮਾਰਦਾ
ਧਰਤੀ ਦੀਆਂ ਅੱਖਾਂ ਦੇ ਸਮੁੰਦਰ 'ਚ
ਜਵਾਰਭਾਟਾ ਆ ਜਾਂਦਾ
ਸ਼ਿਆਹ ਚੁੰਨੀ ਦੇ ਸਿਤਾਰੇ ਕਿਰ ਜਾਂਦੇ
ਮੱਥੇ ਦਾ ਚੰਦ
ਮੱਸਿਆ ਦੇ ਨ੍ਹੇਰੇ 'ਚ ਗੁਆਚ ਜਾਂਦਾ
ਗਲ ਦਾ ਮੰਗਲ-ਸੂਤਰ
ਥਰ-ਥਰ ਕੰਬਣ ਲੱਗਦਾ
ਘਰਾਂ ਦੀਆਂ ਨੀਹਾਂ ਹਿੱਲ ਜਾਂਦੀਆਂ
ਚੀਨੀ ਮਿੱਟੀ ਨਾਲ ਬਣੀਆਂ
ਰਿਸ਼ਤਿਆਂ ਦੀਆਂ ਪਲੇਟਾਂ ਤਿੜਕ
ਜਾਂਦੀਆਂ

ਤੁਹਾਨੂੰ ਲੱਗਦਾ
ਧਰਤੀ ਡੋਲਦੀ ਹੈ
ਨਹੀਂ
ਧਰਤੀ ਨਹੀਂ ਡੋਲਦੀ
ਉਹ ਤਾਂ ਕਰੋੜਾਂ-ਅਰਬਾਂ ਸਾਲਾਂ ਤੋਂ
ਅਡੋਲ ਖੜ੍ਹੀ ਹੈ
ਡੋਲਦਾ ਤਾਂ ਧਰਤੀ ਹੇਠਲਾ ਧੌਲ ਹੈ




# ਆਸਕਰ ਪੁਰਸਕਾਰ 2024 'ਚ

## ਭਾਰਤ ਦੀ ਪ੍ਰਤੀਨਿਧਗੀ ਕਰੇਗੀ ਮਲਿਆਲਮ ਫ਼ਿਲਮ

## '2018-ਐਵਰੀਵਨ ਇਜ਼ ਹੀਰੋ'



ਮਲਿਆਲਮ ਫਿਲਮ '2018' ਨੂੰ ਆਸਕਰ ਲਈ ਭਾਰਤ ਦੀ ਅਧਿਕਾਰਤ ਐਂਟਰੀ ਮਿਲੀ ਹੈ। ਜੂਡ ਐਂਥਨੀ ਜੋਸੇਫ ਦੁਆਰਾ ਨਿਰਦੇਸ਼ਤ ਇਸ ਫਿਲਮ ਨੂੰ ਬੁੱਧਵਾਰ ਨੂੰ ਜਿਊਰੀ ਨੇ ਸਰਵੋਤਮ ਅੰਤਰਰਾਸ਼ਟਰੀ ਫਿਲਮ ਸ਼੍ਰੇਣੀ ਲਈ ਚੁਣਿਆ ਹੈ। 96ਵਾਂ ਆਸਕਰ ਐਵਾਰਡ 10 ਮਾਰਚ, 2024 ਨੂੰ ਲਾਸ ਏਂਜਲਸ ਵਿੱਚ ਆਯੋਜਿਤ ਕੀਤਾ ਜਾਵੇਗਾ।

ਫਿਲਮ 2018 ਦੀ ਕਹਾਣੀ ਸਾਲ 2018 'ਚ ਕੇਰਲ 'ਚ ਆਏ ਭਿਆਨਕ ਹੜ੍ਹ 'ਤੇ ਆਧਾਰਿਤ ਹੈ। ਇਸ ਸਾਲ 5 ਮਈ ਨੂੰ ਰਿਲੀਜ਼ ਹੋਈ, ਇਹ ਫਿਲਮ 2023 ਦੀ ਦੂਜੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਮਲਿਆਲਮ ਫਿਲਮ ਸੀ। ਇਸ ਨੂੰ ਹਿੰਦੀ ਵਿੱਚ ਵੀ ਡੱਬ ਕੀਤਾ ਗਿਆ ਹੈ। ਟੋਵੀਨੋ ਥਾਮਸ, ਆਸਿਫ ਅਲੀ ਅਤੇ ਅਪਰਨਾ ਬਾਲਮੁਰਲੀ ਸਮੇਤ ਕਈ ਕਲਾਕਾਰਾਂ ਨੇ ਫਿਲਮ ਵਿੱਚ ਕੰਮ ਕੀਤਾ।

ਖਬਰਾਂ ਮੁਤਾਬਕ ਇਸ ਸਾਲ ਲਿਸਟ 'ਚ 22 ਫਿਲਮਾਂ ਨੂੰ ਸ਼ਾਰਟਲਿਸਟ ਕੀਤਾ ਗਿਆ ਸੀ। ਇਸ ਵਿੱਚ ਦ ਕੇਰਲਾ ਸਟੋਰੀ, ਗਦਰ-2, ਜ਼ਵੇਗਾਟੋ, ਰੌਕੀ ਔਰ ਰਾਣੀ ਕੀ ਪ੍ਰੇਮ ਕਹਾਣੀ, ਮਿਸਿਜ਼ ਚੈਟਰਜੀ ਬਨਾਮ ਨਾਰਵੇ ਅਤੇ ਘੂਮਰ ਨੂੰ ਬਾਲੀਵੁੱਡ ਤੋਂ ਸ਼ਾਰਟਲਿਸਟ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ 2001 'ਚ ਆਮਿਰ ਖਾਨ ਸਟਾਰਰ ਬਾਲੀਵੁੱਡ ਫਿਲਮ 'ਲਗਾਨ' ਨੂੰ ਇਸ ਸ਼੍ਰੇਣੀ 'ਚ ਨਾਮਜ਼ਦਗੀ ਮਿਲੀ ਸੀ। ਲਗਾਨ ਤੋਂ ਇਲਾਵਾ 1957 'ਚ ਨਰਗਿਸ ਸਟਾਰਰ 'ਮਦਰ ਇੰਡੀਆ' ਅਤੇ 1988 'ਚ ਮੀਰਾ ਨਾਇਰ ਦੀ 'ਸਲਾਮ ਬਾਂਬੇ' ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।2022 ਵਿੱਚ, ਗੁਜਰਾਤੀ ਫਿਲਮ 'ਲਾਸਟ ਫਿਲਮ ਸ਼ੋਅ' ਨੂੰ ਇਸ ਸ਼੍ਰੇਣੀ ਵਿੱਚ ਸ਼ਾਰਟਲਿਸਟ ਕੀਤਾ ਗਿਆ ਸੀ ਪਰ ਨਾਮਜ਼ਦਗੀ ਪ੍ਰਾਪਤ ਨਹੀਂ ਕਰ ਸਕੀ ਸੀ। ਭਾਰਤ ਨੇ ਕਦੇ ਵੀ ਸਰਵੋਤਮ ਵਿਦੇਸ਼ੀ ਭਾਸ਼ਾ ਸ਼੍ਰੇਣੀ ਵਿੱਚ ਆਸਕਰ ਨਹੀਂ ਜਿੱਤਿਆ ਹੈ।

### ਪਿਛਲੇ ਪੰਜ ਸਾਲਾਂ ਵਿੱਚ ਆਸਕਰ ਲਈ ਨਾਮਜ਼ਦ ਭਾਰਤੀ ਫ਼ਿਲਮਾਂ

ਸ਼ੋਅ (2022)
ਕੂਝੰਗਲ (2021)
ਜਲੀਕੱਟੂ (2020)
ਗਲੀ ਬੁਆਏ (2019)
ਵਿਲੇਜ ਰੌਕਸਟਾਰਜ਼ (2018)

ਭਾਰਤ ਨੂੰ 2023 ਆਸਕਰ ਵਿੱਚ 3 ਨਾਮਜ਼ਦਗੀਆਂ ਅਤੇ ਦੋ ਪੁਰਸਕਾਰ ਮਿਲੇ ਹਨ

ਨਟੂ-ਨਟੂ - ਵਧੀਆ ਮੂਲ ਗੀਤ (ਜੇਤੂ)
ਦ ਐਲੀਫੈਂਟ ਵਿਸਪਰਸ - ਸਰਵੋਤਮ ਲਘੂ ਦਸਤਾਵੇਜ਼ੀ (ਜੇਤੂ)
ਆਲ ਦੈਟ ਬ੍ਰੀਡਸ - ਦਸਤਾਵੇਜ਼ੀ ਫੀਚਰ ਫਿਲਮ ਸ਼੍ਰੇਣੀ (ਨਾਮਜ਼ਦ)

# ਬ੍ਰਿਟਿਸ਼-ਆਇਰਿਸ਼ ਅਭਿਨੇਤਾ ਮਾਈਕਲ ਗੈਂਬੋਨ ਦਾ ਦੇਹਾਂਤ

## ਹੈਰੀ ਪੋਟਰ ਫ਼ਿਲਮ ਸੀਰੀਜ਼ ਵਿੱਚ ਪ੍ਰੋਫ਼ੈਸਰ ਐਲਬਸ ਡੰਬਲਡੋਰ ਦੀ ਭੂਮਿਕਾ ਲਈ ਸੀ ਮਸ਼ਹੂਰ



ਬ੍ਰਿਟਿਸ਼-ਆਇਰਿਸ਼ ਅਭਿਨੇਤਾ ਮਾਈਕਲ ਗੈਂਬੋਨ, ਜੋ ਕਿ ਹੈਰੀ ਪੋਟਰ ਫਿਲਮ ਸੀਰੀਜ਼ ਵਿੱਚ ਪ੍ਰੋਫੈਸਰ ਐਲਬਸ ਡੰਬਲਡੋਰ ਦੀ ਭੂਮਿਕਾ ਲਈ ਮਸ਼ਹੂਰ ਸੀ , ਦਾ 28 ਸਤੰਬਰ ਨੂੰ 82 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ।

ਅਭਿਨੇਤਾ ਨਿਮੋਨੀਆ ਨਾਲ ਜੂਝ ਰਿਹਾ ਸੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਗੈਂਬੋਨ ਨੂੰ 1992 ਵਿੱਚ ਬ੍ਰਿਟਿਸ਼ ਸਾਮਰਾਜ ਦੇ ਕਮਾਂਡਰ ਵਜੋਂ ਸਨਮਾਨਿਤ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਨਾਟਕ ਦੀ ਦੁਨੀਆਂ ਵਿੱਚ ਉਸਦੇ ਯੋਗਦਾਨ ਲਈ 1998 ਵਿੱਚ ਨਾਈਟ ਦੀ ਉਪਾਧੀ ਦਿੱਤੀ ਗਈ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਹਸਪਤਾਲ ਵਿੱਚ ਉਸ ਦਾ ਦੇਹਾਂਤ ਹੋ ਗਿਆ । ਉਹ ਆਪਣੇ ਪਿੱਛੇ ਪਤਨੀ ਅਤੇ ਪੁੱਤਰ ਛੱਡ ਗਿਆ ਹੈ। ਜੇਕੇ ਰੌਲਿੰਗ ਦੀ ਹੈਰੀ ਪੋਟਰ ਲੜੀ ਦੇ ਫਿਲਮੀ ਰੂਪਾਂਤਰਾਂ ਵਿੱਚ, ਹਾਗਵਰਟਸ ਸਕੂਲ ਆਫ਼ ਵਿਚਕ੍ਰਾਫਟ ਐਂਡ ਵਿਜ਼ਰਡਰੀ ਦੇ ਮੁਖੀ, ਪ੍ਰੋਫੈਸਰ ਡੰਬਲਡੋਰ ਦੇ ਚਿਤਰਣ ਲਈ ਗੈਂਬੋਨ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ।



ਗੈਂਬਨ ਨੇ ਹੈਰੀ ਪੋਟਰ ਐਂਡ ਦ ਹਾਫ-ਬਲੱਡ ਪ੍ਰਿੰਸ ਵਿੱਚ ਪਾਤਰ ਦੇ ਮੁੱਖ ਪਲ ਤੋਂ ਪਹਿਲਾਂ ਅੱਠ ਹੈਰੀ ਪੋਟਰ ਫਿਲਮਾਂ ਵਿੱਚੋਂ ਛੇ ਵਿੱਚ ਡੰਬਲਡੋਰ ਦੀ ਭੂਮਿਕਾ ਨਿਭਾਈ।

ਗੈਂਬੋਨ ਨੇ ਲੰਬੇ ਸਮੇਂ ਦੀ ਮੈਮੋਰੀ ਸਮੱਸਿਆਵਾਂ ਦੇ ਕਾਰਨ 2015 ਵਿੱਚ ਸਟੇਜ ਤੋਂ ਸੰਨਿਆਸ ਲੈ ਲਿਆ ਪਰ 2019 ਤੱਕ ਉਹ ਸਕਰੀਨ 'ਤੇ ਦਿਖਾਈ ਦਿੰਦਾ ਰਿਹਾ।

# ਦਿਲੀਪ ਜੋਸ਼ੀ ਨੇ 'ਤਾਰਕ ਮਹਿਤਾ...' ਤੋਂ ਲਿਆ ਬ੍ਰੇਕ



ਟੈਲੀਵਿਜ਼ਨ ਸ਼ੋਅ 'ਤਾਰਕ ਮਹਿਤਾ ਕਾ ਉਲਟਾ ਚਸ਼ਮਾ' ਪਿਛਲੇ ਕੁਝ ਸਮੇਂ ਤੋਂ ਵਿਵਾਦਾਂ 'ਚ ਹੈ। ਇਸ ਦੌਰਾਨ ਖ਼ਬਰਾਂ ਹਨ ਕਿ ਜੇਠਾ ਲਾਲ ਦਾ ਕਿਰਦਾਰ ਨਿਭਾਉਣ ਵਾਲੇ ਦਿਲੀਪ ਜੋਸ਼ੀ ਨੇ ਕੁਝ ਸਮੇਂ ਲਈ ਸ਼ੋਅ ਤੋਂ ਬ੍ਰੇਕ ਲਿਆ ਹੈ। ਰਿਪੋਰਟ ਮੁਤਾਬਕ ਦਿਲੀਪ ਜੋਸ਼ੀ ਨੇ ਹਮੇਸ਼ਾ ਸ਼ੋਅ ਦੀ ਸ਼ੂਟਿੰਗ ਨੂੰ ਪਹਿਲ ਦਿੱਤੀ ਹੈ, ਇਸ ਲਈ ਉਨ੍ਹਾਂ ਨੇ ਬਹੁਤ ਘੱਟ ਛੁੱਟੀਆਂ ਲਈਆਂ ਹਨ ਪਰ ਹੁਣ ਉਹ ਕੁਝ ਸਮੇਂ ਲਈ ਸ਼ੋਅ ਤੋਂ ਗਾਇਬ ਰਹਿਣਗੇ।

ਰਿਪੋਰਟ ਮੁਤਾਬਕ ਦਿਲੀਪ ਜੋਸ਼ੀ ਕੰਮ ਤੋਂ ਛੁੱਟੀ ਮਿਲਣ ਤੋਂ ਬਾਅਦ ਆਪਣੇ ਪਰਿਵਾਰ ਨਾਲ ਤਨਜ਼ਾਨੀਆ ਚਲੇ ਗਏ ਹਨ। ਉਹ ਧਾਰਮਿਕ ਯਾਤਰਾ 'ਤੇ ਹਨ ਅਤੇ ਉਥੇ ਸਵਾਮੀਨਾਰਾਇਣ ਮੰਦਰ 'ਚ ਹੋਣ ਵਾਲੇ ਸਮਾਗਮ 'ਚ ਹਿੱਸਾ ਲੈਣਗੇ। ਦਲੀਪ ਜੋਸ਼ੀ ਆਬੂ ਧਾਬੀ ਵੀ ਜਾਣਗੇ। ਦਿਲੀਪ ਜੋਸ਼ੀ 2008 ਤੋਂ ਇਸ ਸ਼ੋਅ ਨਾਲ ਜੁੜੇ ਹੋਏ ਹਨ ਜਦੋਂ ਇਹ ਸ਼ੁਰੂ ਹੋਇਆ ਸੀ। 15 ਸਾਲ ਬਾਅਦ ਵੀ ਜੇਠਾ ਲਾਲ ਦੇ ਕਿਰਦਾਰ (ਬਾਕੀ ਸਫ਼ਾ 30 'ਤੇ)

# ਵਹੀਦਾ ਰਹਿਮਾਨ ਨੂੰ ਮਿਲੇਗਾ ਦਾਦਾ ਸਾਹਿਬ ਫਾਲਕੇ ਪੁਰਸਕਾਰ

## ਅਜੇ ਵੀ ਚਲਦੈ ਵਹੀਦਾ ਰਹਿਮਾਨ ਦਾ ਜਾਦੂ

## ਵਹੀਦਾ ਰਹਿਮਾਨ ਨੇ ਆਪਣੇ 57 ਸਾਲ ਦੇ ਕੈਰੀਅਰ 'ਚ ਕਰੀਬ 90 ਫ਼ਿਲਮਾਂ 'ਚ ਕੰਮ ਕੀਤਾ ਹੈ



ਮਸ਼ਹੂਰ ਅਦਾਕਾਰਾ ਵਹੀਦਾ ਰਹਿਮਾਨ ਨੂੰ ਇਸ ਸਾਲ ਦਾਦਾ ਸਾਹਿਬ ਫ਼ਾਲਕੇ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਵਹੀਦਾ ਨੇ ਆਪਣੇ ਕੈਰੀਅਰ ਵਿੱਚ ਗਾਈਡ, ਰੇਸ਼ਮਾ ਔਰ ਸ਼ੇਰਾ, ਪਿਆਸਾ ਅਤੇ ਰੰਗ ਦੇ ਬਸੰਤੀ ਵਰਗੀਆਂ ਹਿੱਟ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਵਹੀਦਾ ਰਹਿਮਾਨ ਨੇ ਆਪਣੇ 57 ਸਾਲ ਦੇ ਕੈਰੀਅਰ 'ਚ ਕਰੀਬ 90 ਫ਼ਿਲਮਾਂ 'ਚ ਕੰਮ ਕੀਤਾ ਹੈ। ਵਹੀਦਾ ਰਹਿਮਾਨ ਨੇ 1955 ਵਿੱਚ ਤੇਲਗੂ ਫ਼ਿਲਮ ਰੋਜੁਲੁ ਮਰਾਈ ਵਿੱਚ ਡੈਬਿਊ ਕੀਤਾ ਸੀ। ਇਸ ਤੋਂ ਬਾਅਦ ਉਸਨੇ ਬਾਲੀਵੁੱਡ ਨੂੰ ਪਿਆਸਾ, ਗਾਈਡ, ਕਾਗਜ਼ ਕੇ ਫ਼ੂਲ, ਚੌਧਵੀਂ ਕਾ ਚਾਂਦ, ਸਾਹਿਬ ਬੀਵੀ ਔਰ ਗੁਲਾਮ, ਖਾਮੋਸ਼ੀ, ਕਦੇ ਕਭੀ, ਲਮਕੇ, ਰੰਗ ਦੇ ਬਸੰਤ ਅਤੇ ਦਿੱਲੀ 6 ਵਰਗੀਆਂ ਫ਼ਿਲਮਾਂ ਦਿੱਤੀਆਂ।

ਵਹੀਦਾ ਨੂੰ ਦੇਵ ਆਨੰਦ ਸਟਾਰਟ ਫ਼ਿਲਮ ਗਾਈਡ ਲਈ ਆਪਣੇ ਕੈਰੀਅਰ ਦਾ ਪਹਿਲਾ ਫ਼ਿਲਮਫ਼ੇਅਰ ਅਵਾਰੇ ਮਿਲਿਆ। ਆਪਣੇ ਕੈਰੀਅਰ ਵਿੱਚ ਵਹੀਦਾ ਨੇ ਗਾਈਡ (1965) ਅਤੇ ਨੀਲ ਕਮਲ (1968) ਲਈ ਸਰਵੋਤਮ ਅਭਿਨੇਤਰੀ ਦਾ ਫ਼ਿਲਮਫ਼ੇਅਰ ਅਵਾਰੇ ਜਿੱਤਿਆ। ਉਸ ਨੂੰ ਰੇਸ਼ਮਾ ਔਰ ਸ਼ੇਰਾ (1971) ਲਈ ਸਰਵੋਤਮ ਅਭਿਨੇਤਰੀ ਲਈ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਅਭਿਨੇਤਰੀ ਨੂੰ ਪਦਮਸ਼੍ਰੀ ਅਤੇ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਦਾਦਾ ਸਾਹਿਬ ਫ਼ਾਲਕੇ ਪੁਰਸਕਾਰ 1969 ਵਿੱਚ ਸ਼ੁਰੂ ਕੀਤਾ ਗਿਆ ਸੀ। ਹੁਣ ਤੱਕ ਸਿਰਫ਼ 7 ਮਹਿਲਾ ਕਲਾਕਾਰਾਂ ਨੂੰ ਹੀ ਇਹ ਐਵਾਰਡ ਮਿਲਿਆ ਹੈ। 54 ਸਾਲਾਂ ਦੇ ਇਤਿਹਾਸ ਵਿੱਚ ਹੁਣ ਤੱਕ ਇਹ ਪੁਰਸਕਾਰ ਸਿਰਫ਼ 7 ਔਰਤਾਂ ਨੂੰ ਦਿੱਤਾ ਗਿਆ ਹੈ। ਪਹਿਲਾ ਦਾਦਾ ਸਾਹਿਬ ਫ਼ਾਲਕੇ ਪੁਰਸਕਾਰ 1969 ਵਿੱਚ ਅਦਾਕਾਰਾ ਦੇਵਿਕਾ ਰਾਣੀ ਨੂੰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਰੂਬੀ ਮੇਅਰਜ਼ (ਸੁਲੋਚਨਾ), ਕੰਨਨ ਦੇਵੀ, ਦੁਰਗਾ ਖੋਟੇ, ਲਤਾ ਮੰਗੇਸ਼ਕਰ ਅਤੇ ਆਸ਼ਾ ਭੌਂਸਲੇ ਨੂੰ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। 2020 ਵਿੱਚ, ਇਹ ਪੁਰਸਕਾਰ ਅਨੁਭਵੀ ਅਭਿਨੇਤਰੀ ਆਸ਼ਾ ਪਾਰੇਖ ਨੂੰ ਦਿੱਤਾ ਗਿਆ ਸੀ।

ਦਾਦਾ ਸਾਹਿਬ ਫ਼ਾਲਕੇ ਪੁਰਸਕਾਰ ਭਾਰਤੀ ਸਿਨੇਮਾ ਉਦਯੋਗ ਵਿੱਚ ਦਿੱਤਾ ਜਾਣ ਵਾਲਾ ਸਰਵਉੱਚ ਸਨਮਾਨ ਹੈ। ਇਸ ਦਾ ਨਾਂ ਧੁੰਡੀਰਾਜ ਗੋਵਿੰਦ ਫ਼ਾਲਕੇ ਦੇ ਨਾਂ 'ਤੇ ਰੱਖਿਆ ਗਿਆ ਹੈ, ਜਿਸ ਨੂੰ 'ਭਾਰਤੀ ਸਿਨੇਮਾ ਦੇ ਪਿਤਾਮਾ' ਵਜੋਂ ਜਾਣਿਆ ਜਾਂਦਾ ਹੈ, ਜਿਸ ਨੂੰ ਪਿਆਰ ਨਾਲ ਦਾਦਾ ਸਾਹਿਬ ਫ਼ਾਲਕੇ ਕਿਹਾ ਜਾਂਦਾ ਹੈ। ਇਹ ਦਾਦਾ ਸਾਹਿਬ ਹੀ ਸਨ ਜਿਨ੍ਹਾਂ ਨੇ ਸਾਲ 1913 ਵਿੱਚ ਭਾਰਤ ਦੀ ਪਹਿਲੀ ਫ਼ਿਲਮ 'ਰਾਜਾ ਹਰੀਸ਼ ਚੰਦਰ' ਪੇਸ਼ ਕੀਤੀ ਸੀ।

ਇਸ ਪੁਰਸਕਾਰ ਵਿੱਚ ਸੁਨਹਿਰੀ ਕਮਲ, 10 ਲੱਖ ਰੁਪਏ ਨਕਦ, ਇੱਕ ਸਰਟੀਫ਼ਿਕੇਟ, ਇੱਕ ਰੇਸ਼ਮ ਦੀ ਤਖ਼ਤੀ ਅਤੇ ਇੱਕ ਸ਼ਾਲ ਸ਼ਾਮਲ ਹੁੰਦੇ ਹਨ।

# ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਗੈਂਗਸਟਰਵਾਦ ਨੇ ਨੁਕਸਾਨ ਪਹੁੰਚਾਇਆ

ਜਤਿੰਦਰ ਸਾਬੀ





ਪੰਜਾਬੀਆਂ ਦੀ ਮਾਂ ਖੇਡ ਕਬੱਡੀ ਜੋ ਹਰ ਪੰਜਾਬੀ ਦੇ ਖ਼ੂਨ ਵਿੱਚ ਰਚੀ ਹੋਈ ਹੈ, ਨੂੰ ਉੱਚਾ ਚੁੱਕਣ ਵਿੱਚ ਵਿਦੇਸ਼ਾਂ ਵਿੱਚ ਵਸਦੇ ਪ੍ਰਵਾਸੀ ਪੰਜਾਬੀ ਵੀਰਾਂ ਦੇ ਅਹਿਮ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪੰਜਾਬ ਦੀ ਮਿੱਟੀ ਦਾ ਮੋਹ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਹਰ ਸਾਲ ਪੰਜਾਬ ਵੱਲ ਖਿੱਚ ਲੈ ਆਉਂਦਾ ਅਤੇ ਉਹ ਆਪਣੇ ਪਿੰਡਾਂ ਵਿੱਚ ਆ ਕੇ ਕਬੱਡੀ ਦੇ ਵੱਡੇ-ਵੱਡੇ ਮੇਲੇ ਕਰਵਾ ਕੇ ਆਪਣੇ ਸ਼ੌਕ ਵੀ ਪੂਰੇ ਕਰਦੇ ਤੇ ਨਾਲ ਦੀ ਨਾਲ ਮਾਂ ਖੇਡ ਕਬੱਡੀ ’ਤੇ ਲੱਖਾਂ-ਕਰੋੜਾਂ ਖ਼ਰਚ ਕਰ ਕੇ ਨੌਜਵਾਨਾਂ ਨੂੰ ਖੇਡਾਂ ਨਾਲ ਵੀ ਜੋੜਦੇ। ਸਮੇਂ ਦੀਆਂ ਸਰਕਾਰਾਂ ਨੇ ਵੀ ਵਿਉਂਤਬੰਦੀ ਕਰ ਕੇ ਵਿਸ਼ਵ ਕੱਬਡੀ ਕੱਪ ਕਰਵਾ ਕੇ ਇੱਕ ਨਵੀਂ ਪਿਰਤ ਪਾ ਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।ਅੱਜ ਪੰਜਾਬ ਦੀ ਧਰਤੀ ’ਤੇ ਨਾ ਕੋਈ ਕਬੱਡੀ ਦਾ ਵੱਡਾ ਖੇਡ ਮੇਲਾ ਲੱਗਦਾ ਹੈ ਅਤੇ ਨਾ ਹੀ ਮੌਜੂਦਾ ਪੰਜਾਬ ਸਰਕਾਰ ਵਲੋਂ ਆਪਣੇ ਪੱਧਰ ’ਤੇ ਕੋਈ ਵਿਸ਼ਵ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਜੇਕਰ ਵੇਖਿਆ ਜਾਵੇ ਤਾਂ ਪੰਜਾਬ ਵਿਚੋਂ ਮਾਂ ਖੇਡ ਕਬੱਡੀ ਦੇ ਕੂਚ ਦਾ ਵੱਡਾ ਮੁੱਖ ਕਾਰਨ ਡਰੱਗ (ਨਸ਼ਾ) ਹੈ ਅਤੇ ਇਸ ਨੇ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਕਲਾਵੇਂ ’ਚ ਐਸਾ ਜਕੜ ਲਿਆ ਹੈ ਕਿ ਕੋਈ ਇਸ ਤੋਂ ਬਾਹਰ ਨਹੀਂ ਨਿਕਲ ਸਕਿਆ, ਬੇਸ਼ੱਕ ਕਬੱਡੀ ਦੇ ਚੌਧਰੀਆਂ ਨੇ ‘ਡੋਪ ਟੈੱਸਟ’ ਕਰਵਾਉਣ ਦਾ ਰੌਲਾ ਪਾਇਆ ਪਰ ਸਭ ਬੇਕਾਰ ਗਿਆ। ਇਸ ਤੋਂ ਇਲਾਵਾ ਕਬੱਡੀ ਨੂੰ ਵੱਡੀ ਸੱਟ ਪੰਜਾਬ ’ਚ ਵਧਦੇ ਗੈਂਗਸਟਰਵਾਦ ਨੇ ਮਾਰੀ ਅਤੇ ਉਸ ਨੇ ਸਭ ਤੋਂ ਵੱਧ ਇਸ ਖੇਡ ਦਾ ਨੁਕਸਾਨ ਕੀਤਾ। ਦੁਆਬੇ ਦੇ ਖੇਤਰ ’ਚ ਇੱਕ ਵੱਡੇ ਖਿਡਾਰੀ ਦਾ ਸ਼ਰ੍ਹੇਆਮ ਚੱਲਦੇ ਕਬੱਡੀ ਕੱਪ ਵਿੱਚ ਕਤਲ ਹੋਣਾ ਇਸ ਦੀ ਸਭ ਤੋਂ ਵੱਡੀ ਗਵਾਹੀ ਭਰਦਾ ਹੈ। ਇਸ ਤੋਂ ਬਾਅਦ ਜੇਕਰ ਕਿਸੇ ਪਿੰਡ ਦੇ ਇੱਕਾ-ਦੁੱਕਾ ਕਬੱਡੀ ਕਲੱਬ ਨੇ ਕਬੱਡੀ ਟੂਰਨਾਮੈਂਟ ਕਰਵਾਉਣ ਦੀ ਹਿੰਮਤ ਦਿਖਾਈ ਵੀ ਤਾਂ ਗੈਂਗਸਟਰਾਂ ਦੀਆਂ ਸ਼ਰ੍ਹੇਆਮ ਧਮਕੀਆਂ ਨੇ ਉਨ੍ਹਾਂ ਦੇ ਮੂੰਹ ਵੀ ਬੰਦ ਕਰਵਾ ਦਿੱਤੇ।ਅਸਲ ਵਿੱਚ ਹੁਣ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦੀ ਧਰਤੀ ’ਤੇ ਡਰ ਲੱਗਣ ਲੱਗ ਪਿਆ ਹੈ ਅਤੇ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ ਕਿ ਪਤਾ ਨਹੀਂ ਕਦੋਂ, ਕਿਵੇਂ ਉਨ੍ਹਾਂ ’ਤੇ ਕੋਈ ਅਚਾਨਕ ਹਮਲਾ ਨਾ ਹੋ ਜਾਵੇ। ਇਹੋ ਕਾਰਨ ਹੈ ਕਿ ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਦੀ ਧਰਤੀ ਤੋਂ ਮਾਂ ਖੇਡ ਕਬੱਡੀ ਤੋਂ ਕਿਨਾਰਾ ਕਰਨਾ ਹੀ ਬਿਹਤਰ ਸਮਝਿਆ ਹੈ। ਉਹ ਹੁਣ ਵਿਦੇਸ਼ਾਂ ਦੀ ਧਰਤੀ ’ਤੇ ਕਬੱਡੀ ਦੇ ਟੂਰਨਾਮੈਂਟ ਕਰਵਾਉਣ ਨੂੰ ਪਹਿਲ ਦੇਣ ਲੱਗ ਪਏ ਹਨ ਅਤੇ 2024 ਵਿੱਚ ਕੈਨੇਡਾ ਦੀ ਧਰਤੀ ’ਤੇ ਵਿਸ਼ਵ ਕਬੱਡੀ ਕੱਪ ਕਰਵਾਉਣ ਦਾ ਐਲਾਨ ਵੀ ਹੋ ਚੁੱਕਾ ਹੈ। ਇੱਥੋਂ ਤੱਕ ਕਿ ਕੈਨੇਡਾ ਦੀਆਂ ਵੱਖ-ਵੱਖ ਕਬੱਡੀ ਫੈਡਰੇਸ਼ਨਾਂ ਵਲੋਂ ਮਈ ਮਹੀਨੇ ਤੋਂ ਲੈ ਕੇ ਹੁਣ ਤੱਕ 25 ਦੇ ਕਰੀਬ ਕਬੱਡੀ ਦੇ ਵੱਡੇ-ਵੱਡੇ ਟੂਰਨਾਮੈਂਟ ਕਰਵਾਏ ਜਾ ਚੁੱਕੇ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਪ੍ਰਵਾਸੀ ਪੰਜਾਬੀਆਂ ਨੇ ਹੁਣ ਪੂਰੀ ਤਰ੍ਹਾਂ ਨਾਲ ਪੰਜਾਬ ਤੋਂ ਕਬੱਡੀ ਵਿਦੇਸ਼ਾਂ ਨੂੰ ਚਾਲੇ ਪਾ ਦਿੱਤੀ ਹੈ। ਕਿਸੇ ਵੇਲੇ ਪੰਜਾਬ ਵਿੱਚ ਕਬੱਡੀ ਦੇ ਰੁਸਤਮ ਖਿਡਾਰੀ, ਇਸ ਵੇਲੇ ਕਬੱਡੀ ਵਿਦੇਸ਼ਾਂ ਵਿੱਚ ਜਾਣ ਕਾਰਨ ਆਪਣੀ ਰੋਜ਼ੀ ਰੋਟੀ ਦੇ ਵੀ ਮੁਥਾਜ਼ ਹੋ ਗਏ ਹਨ। ਉਨ੍ਹਾਂ ਤੋਂ ਇਲਾਵਾ ਕਈ ਤਾਂ ਸੱਟਾਂ-ਫੇਟਾਂ ਕਾਰਨ ਚੱਲਣ-ਫਿਰਨ ਤੋਂ ਵੀ ਅਸਮਰੱਥ ਹੋ ਗਏ ਹਨ ਅਤੇ ਪੰਜਾਬ ਦੇ ਕੁਮੈਂਟੇਟਰ ਜੋ ਹਰ ਸਾਲ ਕਬੱਡੀ ਖੇਡ ਮੇਲਿਆਂ ਦੀ ਉਡੀਕ ਕਰਦੇ ਸਨ, ਉਹ ਵੀ ਅੱਜ ਬੇਰੁਜ਼ਗਾਰ ਹੋ ਗਏ ਹਨ ਅਤੇ ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਰਿਹਾ। ਸਾਡੀ ਸੂਬੇ ਦੀ ਨਵੀਂ ਸਰਕਾਰ ਨੂੰ ਅਪੀਲ ਹੈ ਕਿ ਪੰਜਾਬ ਵਿੱਚ ਦੂਜੀਆਂ ਖੇਡਾਂ ਦੇ ਨਾਲ-ਨਾਲ ਵਿਸ਼ਵ ਕਬੱਡੀ ਕੱਪ ਕਰਵਾ ਕੇ ਇਸ ਖੇਡ ਨਾਲ ਜੁੜੇ ਨੌਜਵਾਨਾਂ ਅਤੇ ਪ੍ਰਵਾਸੀ ਭਾਰਤੀਆਂ ਦਾ ਮਨੋਬਲ ਮਜ਼ਬੂਤ ਕਰੇ, ਨਹੀਂ ਤਾਂ ਮਾਂ ਖੇਡ ਕਬੱਡੀ ਪੰਜਾਬ ਦੀ ਧਰਤੀ ’ਤੇ ਸਦਾ ਲਈ ਹੀ ਬੇਗ਼ਾਨੀ ਹੋ ਜਾਵੇਗੀ।

# ਭਾਰਤੀ ਖੇਡ ਜਗਤ ਦਾ ਵੱਡਾ ਦੁਖਾਂਤ ਹੈ ਸਰਕਾਰਾਂ ਵੱਲੋਂ ਖਿਡਾਰੀਆਂ ਨੂੰ ਅਣਗੌਲਿਆਂ ਕਰਨਾ

ਅਸ਼ੋਕ

## ਗੁੰਮਨਾਮੀ ਦੀ ਜ਼ਿੰਦਗੀ ਬਸਰ ਕਰਦੇ ਦੁਨੀਆਂ ਤੋਂ ਕੂਚ ਕਰ ਗਏ ਕੌਮਾਂਤਰੀ ਖਿਡਾਰੀ













ਕੌਮਾਂਤਰੀ ਪੱਧਰ ’ਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੇ ਪੁਰਾਣੇ ਕੌਮਾਂਤਰੀ ਖਿਡਾਰੀ ਗੁੰਮਨਾਮੀ ਦੀ ਜ਼ਿੰਦਗੀ ਬਸਰ ਕਰਦੇ ਦੁਨੀਆ ਤੋਂ ਕੂਚ ਕਰ ਗਏ ਪਰ ਕਿਸੇ ਵੀ ਸਰਕਾਰ ਨੇ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਮੁੱਲ ਨਾ ਪਾਇਆ। ਹਾਕਮ ਸਿੰਘ ਭੱਠਲ ਉਨ੍ਹਾਂ ਪੰਜਾਬੀ ਅਥਲੀਟਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਏਸ਼ੀਅਨ ਖੇਡਾਂ ਤੇ ਏਸ਼ਿਆਈ ਅਥਲੈਟਿਕਸ ਮੀਟ ਵਿੱਚ ਦੋ ਸੋਨ ਤਗਮੇ ਜਿੱਤ ਕੇ ਦੇਸ਼ ਤੇ ਰਾਜ ਦਾ ਨਾਂਅ ਰੌਸ਼ਨ ਕੀਤਾ ਸੀ। ਹਾਕਮ ਸਿੰਘ ਨੇ 1978 ਏਸ਼ੀਅਨ ਖੇਡਾਂ ਵਿੱਚ 20 ਕਿੱਲੋਮੀਟਰ ਵਾਕ ਵਿੱਚ ਸੋਨੇ ਦਾ ਤਗਮਾ ਹੀ ਨਹੀਂ ਜਿੱਤਿਆ, ਸਗੋਂ ਆਪਣੇ ਨਾਂਅ ਏਸ਼ੀਅਨ ਰਿਕਾਰਡ ਵੀ ਦਰਜ ਕਰਵਾਇਆ ਸੀ। ਅਗਲੇ ਵਰ੍ਹੇ ਟੋਕੀਓ ਵਿਖੇ ਏਸ਼ੀਅਨ ਟਰੈਕ ਐਂਡ ਅਥਲੈਟਿਕਸ ਮੀਟ ਵਿੱਚ ਵੀ ਹਾਕਮ ਨੇ 20 ਕਿੱਲੋਮੀਟਰ ਵਾਕ ਵਿੱਚ ਨਵਾਂ ਰਿਕਾਰਡ ਪੈਦਾ ਕਰ ਕੇ ਸੋਨੇ ਦਾ ਤਗਮਾ ਜਿੱਤਿਆ ਸੀ। ਮਾਣਮੱਤੀਆਂ ਪ੍ਰਾਪਤੀਆਂ ਦੇ ਬਾਵਜੂਦ ਵੀ ਹਾਕਮ ਸਿੰਘ ਭੱਠਲ ਨੂੰ ਜ਼ਿੰਦਗੀ ਵਿੱਚ ਵਾਰ-ਵਾਰ ਜੱਦੋ-ਜਹਿਦ ਕਰਨੀ ਪਈ। ਸਭ ਤੋਂ ਪਹਿਲਾਂ ਉਸ ਦੇ ਮਨ ’ਤੇ ਉਸ ਸਮੇਂ ਸੱਟ ਲੱਗੀ ਜਦੋਂ ਇਹ ਖਿਤਾਬ ਜਿੱਤਣ ਦੇ ਬਾਵਜੂਦ ਮਹਿਕਮੇ ਵੱਲੋਂ ਉਸ ਨੂੰ ਕੋਈ ਤਰੱਕੀ ਨਹੀਂ ਦਿੱਤੀ ਗਈ। ਆਖਰ ਬੇਆਬਰੂ ਹੋ ਕੇ ਹਾਕਮ ਸਿੰਘ ਭੱਠਲ ਨੇ ਫ਼ੌਜ ਨੂੰ ਅਲਵਿਦਾ ਕਹਿ ਦਿੱਤਾ ਤੇ ਆਪਣੇ ਜੱਦੀ ਪਿੰਡ ਭੱਠਲਾਂ ਵਿਖੇ ਇਕ ਏਕੜ ਜ਼ਮੀਨ ’ਤੇ ਖੇਤੀਬਾੜੀ ਕਰ ਕੇ ਆਪਣੀ ਰੋਜ਼ੀ ਰੋਟੀ ਕਮਾਉਣ ਲੱਗੇ। ਕੁਝ ਸਮੇਂ ਬਾਅਦ ਭਾਰਤ ਸਰਕਾਰ ਵੱਲੋਂ ਉਲਪਿੰਕ ਤੇ ਏਸ਼ੀਅਨ ਖੇਡਾਂ ਵਿਚੋਂ ਸੋਨ ਤਗਮਾ ਜੇਤੂ ਖਿਡਾਰੀਆਂ ਲਈ ਜੀਵਨ ਪੈਨਸ਼ਨ ਸ਼ੁਰੂ ਕੀਤੀ ਗਈ ਸੀ। ਇਸ ਨੂੰ ਹਾਸਿਲ ਕਰਨ ਲਈ ਵੀ ਉਨ੍ਹਾਂ ਨੂੰ ਕਾਫ਼ੀ ਖੱਜਲ ਖ਼ੁਆਰ ਹੋਣਾ ਪਿਆ। ਇਸ ਤੋਂ ਬਾਅਦ ਏਸ਼ੀਅਨ ਚੈਂਪੀਅਨ ਹਾਕਮ ਸਿੰਘ ਨੂੰ ਆਪਣੀ ਰੋਜ਼ੀ ਰੋਟੀ ਦੇ ਰੁਜ਼ਗਾਰ ਲਈ ਦਰ-ਦਰ ਭਟਕਣਾ ਪਿਆ। ਭਾਵੇਂ ਬਾਅਦ ਵਿੱਚ ਉਨ੍ਹਾਂ ਨੂੰ ਪੰਜਾਬ ਪੁਲਿਸ ਵਿਭਾਗ ਵਿੱਚ ਬਤੌਰ ਸਿਪਾਹੀ (ਅਥਲੈਟਿਕਸ ਕੋਚ) ਨੌਕਰੀ ਮਿਲ ਗਈ। ਉਹ ਨੌਕਰੀ ਵੀ ਉਨ੍ਹਾਂ ਨੂੰ ਇਕ ਖਤਰਨਾਕ ਹਾਦਸੇ ਕਾਰਨ ਛੱਡਣੀ ਪਈ। ਉਲੰਪਿਕ, ਵਿਸ਼ਵ, ਏਸ਼ੀਅਨ ਖੇਡਾਂ, ਰਾਸ਼ਟਰਮੰਡਲ ਖੇਡਾਂ ਵਿਚੋਂ ਸੋਨੇ ਦਾ ਤਗਮਾ ਜਿੱਤਣ ਵਾਲੇ ਖਿਡਾਰੀਆਂ ਨੂੰ ਮਿਲਣ ਵਾਲਾ ਵੱਕਾਰੀ ਸਨਮਾਨ ਅਰਜਨ ਐਵਾਰਡ ਵੀ ਹਾਕਮ ਸਿੰਘ ਭੱਠਲ ਨੂੰ 30 ਵਰ੍ਹਿਆਂ ਦੀ ਲੰਬੀ ਉਡੀਕ ਕਰਨ ਉਪਰੰਤ ਮਿਲਿਆ। ਜਿਸ ਵਿੱਚ 3 ਲੱਖ ਰੁਪਏ, ਪ੍ਰਸ਼ੰਸਾ ਪੱਤਰ, ਯਾਦਗਾਰੀ ਚਿੰਨ੍ਹ ਸ਼ਾਮਿਲ ਸਨ। ਭਿਆਨਕ ਬਿਮਾਰੀ ਕਾਰਨ ਉਹ ਜਦੋਂ ਪ੍ਰਾਈਵੇਟ ਹਸਪਤਾਲ ’ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਸੀ ਤਾਂ ਸਹਾਇਤਾ ਲਈ ਨਾ ਸਰਕਾਰ ਤੇ ਨਾ ਹੀ ਪ੍ਰਸ਼ਾਸਨ ਨੇ ਉਨ੍ਹਾਂ ਦੀ ਕੋਈ ਸਾਰ ਲਈ। ਉਨ੍ਹਾਂ ਦੇ ਭੋਗ ਮੌਕੇ ਉਨ੍ਹਾਂ ਦੀ ਯਾਦ ਵਿੱਚ ਯਾਦਗਾਰ ਬਣਾਉਣ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਸੈਨਿਕ ਵਿਭਾਗ ਵਿੱਚ ਤਰਸ ਦੇ ਆਧਾਰ ’ਤੇ ਨੌਕਰੀ ਦੇਣ ਦਾ ਭਰੋਸਾ ਦਿਵਾਇਆ ਗਿਆ ਸੀ, ਪਰ ਅਜੇ ਤੱਕ ਪ੍ਰਸ਼ਾਸਨ ਵੱਲੋਂ ਇਹ ਵਾਅਦਾ ਪੂਰਾ ਨਾ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਦੀ ਯਾਦ ਵਿਚ ਕੋਈ ਯਾਦਗਾਰ ਬਣਾਈ ਗਈ ਹੈ। ਇਸ ਸੰਬੰਧੀ ਉਨ੍ਹਾਂ ਦੇ ਬੇਟੇ ਸੁਖਜੀਤ ਸਿੰਘ, ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਸਿਰਫ਼ ਉਨ੍ਹਾਂ ਦੇ ਬਜ਼ੁਰਗਾਂ ਦੀ ਮਿਲਣ ਵਾਲੀ ਪੈਨਸ਼ਨ ਤੋਂ ਇਲਾਵਾ ਪ੍ਰਾਈਵੇਟ ਠੇਕੇ ਦੀ ਡਰਾਈਵਰੀ ਨੌਕਰੀ ਕਰ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਪਹਿਲੀਆਂ ਏਸ਼ੀਅਨ ਖੇਡਾਂ ਦੇ ਮਹਾਨ ਨਾਇਕ ਨਿੱਕਾ ਸਿੰਘ ਦਾ 7 ਦਹਾਕਿਆਂ ਬਾਅਦ ਵੀ ਕਿਸੇ ਵੀ ਸਰਕਾਰ ਨੇ ਮੁੱਲ ਨਾ ਪਾਇਆ। ਉਹ ਆਪਣੀਆਂ ਮਨ ਦੀਆਂ ਸਧਰਾਂ ਮਨ ਵਿੱਚ ਹੀ ਲੈ ਕੇ ਗੁੰਮਨਾਮੀ ਦੀ ਜਿੰਦਗੀ ਬਸਰ ਕਰਦਿਆਂ 13 ਨਵੰਬਰ 1993 ਨੂੰ ਇਸ ਦੁਨੀਆਂ ’ਚੋਂ ਕੂਚ ਕਰ ਗਏ। ਉਨ੍ਹਾਂ ਦੀ ਇੱਛਾ ਸੀ ਕਿ ਜੇਕਰ ਉਸ ਨੂੰ ਕੋਈ ਰੁਜ਼ਗਾਰ ਨਹੀਂ ਮਿਲਦਾ ਤਾਂ ਘੱਟੋ-ਘੱਟ ਉਸ ਦੇ ਬੱਚਿਆਂ ਨੂੰ ਹੀ ਰੁਜ਼ਗਾਰ ਮਿਲ ਜਾਵੇ, ਪਰ ਉਸ ਦੇ ਮਨ ਦੀ ਇਹ ਇੱਛਾ ਵੀ ਪੂਰੀ ਨਾ ਹੋ ਸਕੀ। ਨਿੱਕਾ ਸਿੰਘ ਨੇ ਪਹਿਲੀਆਂ ਏਸ਼ੀਅਨ ਖੇਡਾਂ 1951 ਅਤੇ 1954 ਵਿੱਚ ਸੋਨੇ ਦਾ ਤਗਮਾ ਹੀ ਨਹੀਂ ਜਿੱਤਿਆ ਸਗੋਂ ਨਵਾਂ ਰਿਕਾਰਡ ਆਪਣੇ ਨਾਂਅ ਦਰਜ ਕਰਵਾ ਕੇ ਦੇਸ਼ ਦੀ ਸ਼ਾਨ ਵਿੱਚ ਵਾਧਾ ਕੀਤਾ ਸੀ। ਅਣਗੌਲਿਆ ਗੋਲੇ ਦਾ ਸਰਬੋਤਮ ਸੁਟਾਵਾ ਪ੍ਰਦੱਮਣ ਸਿੰਘ ਉਨ੍ਹਾਂ ਮਹਾਨ ਪੰਜਾਬੀ ਅਥਲੀਟਾਂ ਵਿਚੋਂ ਇਕ ਸੀ ਜਿਸ ਨੇ ਏਸ਼ੀਅਨ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ ਵਿੱਚ ਕੌਮਾਂਤਰੀ ਪੱਧਰ ’ਤੇ ਸੋਨੇ, ਚਾਂਦੀ, ਕਾਂਸੀ ਦੇ ਤਗਮੇ ਜਿੱਤ ਕੇ ਦੇਸ਼ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਸੀ। ਪ੍ਰਦੱਮਣ ਸਿੰਘ 6 ਫੁੱਟ ਦੇ ਉਚੇ ਕੱਦ ਦੇ ਤਕੜੇ ਜੁੱਸੇ ਦਾ ਮਾਲਕ ਏਸ਼ੀਆ ਦਾ ਸਰਬੋਤਮ ਸੁਟਾਵਾ ਸੀ। ਜਿਸ ਨੇ 1952 ਤੋਂ 1962 ਤੱਕ ਪੂਰੇ 10 ਵਰ੍ਹੇ ਏਸ਼ੀਆ ਦੇ ਕਿਸੇ ਵੀ ਸੁਟਾਵੇ ਨੂੰ ਨੇੜੇ ਨਹੀਂ ਢੁਕਣ ਦਿੱਤਾ। ਪ੍ਰਦੱਮਣ ਸਿੰਘ ਨੇ ਪਹਿਲੀਆਂ ਏਸ਼ੀਅਨ ਖੇਡਾਂ 1951 ਵਿੱਚ ਭਾਗ ਲਿਆ ਸੀ, ਪਰ 1954 ਦੀਆਂ ਮਨੀਲਾ (ਫਿਲੀਪੀਨਜ਼) ਖੇਡਾਂ ਵਿੱਚ ਪ੍ਰਦੱਮਣ ਸਿੰਘ ਦੀ ਗੁੱਡੀ ਸ਼ਿਖਰਾਂ ’ਤੇ ਸੀ। ਉਨ੍ਹਾਂ ਖੇਡਾਂ ਵਿੱਚ ਪ੍ਰਦੱਮਣ ਸਿੰਘ ਨੇ 46 ਫੁੱਟ 11 ਇੰਚ ਗੋਲਾ ਤੇ 54 ਫੁੱਟ 9 ਇੰਚ ਡਿਸਕਸ ਸੁੱਟ ਕੇ 2 ਨਵੇਂ ਰਿਕਾਰਡ ਕਾਇਮ ਕਰ ਕੇ ਏਸ਼ੀਅਨ ਖੇਡਾਂ ਵਿੱਚ ਭਾਰਤ ਲਈ ਦੋ ਸੋਨ ਤਗਮੇ ਜਿੱਤੇ ਸਨ। 1958 ਵਿੱਚ ਟੋਕੀਓ ਏਸ਼ੀਅਨ ਖੇਡਾਂ ਵਿੱਚ ਪ੍ਰਦੱਮਣ ਸਿੰਘ ਨੇ ਟੀਮ ਦੇ ਕਪਤਾਨ ਵਜੋਂ ਭਾਗ ਲਿਆ। ਉਨ੍ਹਾਂ ਦੀ ਅਗਵਾਈ ਹੇਠ ਬਲਕਾਰ ਸਿੰਘ, ਉਡਣਾ ਸਿੱਖ ਮਿਲਖਾ ਸਿੰਘ, ਜੋਗਿੰਦਰ ਸਿੰਘ ਵਰਗੇ ਸਿਰਕੱਢ ਅਥਲੀਟਾਂ ਨੇ ਭਾਗ ਲਿਆ ਸੀ। ਪ੍ਰਦੱਮਣ ਸਿੰਘ ਨੇ ਇਨ੍ਹਾਂ ਖੇਡਾਂ ਵਿੱਚ ਵੀ ਤਰਥੱਲੀ ਮਚਾ ਦਿੱਤੀ ਸੀ। ਪ੍ਰਦੱਮਣ ਨੇ 49.4 ਮੀਟਰ ਗੋਲਾ ਸੁੱਟ ਕੇ ਆਪਣਾ ਪੁਰਾਣਾ ਹੀ ਰਿਕਾਰਡ ਤੋੜਿਆ ਤੇ ਇਕ ਹੋਰ ਸੋਨ ਤਗਮਾ ਦੇਸ਼ ਦੀ ਝੋਲੀ ਵਿੱਚ ਪਾਇਆ। ਵੈਨਕੂਵਰ ਕੈਨੇਡਾ ਦੀਆਂ ਰਾਸ਼ਟਰਮੰਡਲ ਖੇਡਾਂ ਵਿਚ ਪ੍ਰਦੱਮਣ ਸਿੰਘ ਨੇ ਸਭ ਤੋਂ ਦੂਰ ਗੋਲਾ ਸੁੱਟਿਆ। 1962 ਦੀਆਂ ਏਸ਼ੀਅਨ ਖੇਡਾਂ ਜਕਾਰਤਾ ਵਿਖੇ ਡਿਸਕਸ ਸੁੱਟਣ ਲਈ ਵਾਰਮਅਪ ਹੁੰਦੇ ਹੋਏ ਉਸ ਦੇ ਮੂੰਹ ’ਤੇ ਜੋਗਿੰਦਰ ਸਿੰਘ ਕੋਲੋਂ ਡਿਸਕਸ ਵੱਜ ਗਈ। ਮਾਂ ਦੇ ਪੁੱਤ ਨੇ ਫਿਰ ਵੀ ਹੌਸਲਾ ਨਾ ਹਾਰਿਆ। ਮੂੰਹ ਬੰਨ੍ਹ ਕੇ ਵੀ ਮੈਦਾਨ ਵਿੱਚ ਨਿੱਤਰਿਆ ਤੇ 158 ਮੀਟਰ ਡਿਸਕਸ ਸੁੱਟ ਕੇ ਚਾਂਦੀ ਦਾ ਤਗਮਾ ਜਿੱਤਿਆ। 1962 ਤੋਂ ਬਾਅਦ ਗੀਹ ਦੀ ਬਿਮਾਰੀ ਕਾਰਨ ਸਾਰਾ ਕੁਝ ਛੱਡਣਾ ਪਿਆ। 1982 ਵਿੱਚ ਰਾਮਪੁਰਾ ਵਿਖੇ ਮਾਲਵਾ ਕਾਲਜ ਵਿੱਚ ਅਥਲੈਟਿਕਸ ਮੀਟ ਦੇ ਉਦਘਾਟਨ ਉਪਰੰਤ ਵਾਪਸ ਪਰਤਦਿਆਂ ਰਾਹ ਵਿੱਚ ਹਾਦਸਾ ਵਾਪਰ ਗਿਆ। ਜਿਸ ਕਾਰਨ ਉਨ੍ਹਾਂ ਦੀ ਗੀੜ੍ਹ ਦੀ ਹੱਡੀ ’ਤੇ ਸੱਟ ਵੱਜੀ। ਜਿਸ ਕਾਰਨ 3 ਮਹੀਨੇ ਸੀ.ਐਮ.ਸੀ. ਲੁਧਿਆਣਾ ਵਿਖੇ ਜਿੰਦਗੀ ਤੇ ਮੌਤ ਨਾਲ ਸੰਘਰਸ਼ ਕਰਦੇ ਰਹੇ। ਉਹ ਸੰਕਟਮਈ ਘੜੀ ਦੌਰਾਨ ਇਸ ਚੈਂਪੀਅਨ ਦੀ ਸਾਰ ਲੈਣ ਲਈ ਕੋਈ ਨਾ ਬਹੁੜਿਆ। ਇਲਾਜ ਦਾ ਸਾਰਾ ਖ਼ਰਚਾ ਆਪ ਖ਼ੁਦ ਸਹਿਣਾ ਪਿਆ। ਅਥਲੈਟਿਕਸ ਦਾ ਇਹ ਮਹਾਨ ਸਿਤਾਰਾ 42 ਵਰ੍ਹੇ ਸਰਕਾਰੀ ਸਹਾਇਤਾ ਤੇ ਮਾਣ ਸਨਮਾਨ ਲਈ ਤਰਸਦਾ ਰਿਹਾ। 2000 ਵਿੱਚ ਖਿਡਾਰੀਆਂ ਨੂੰ

(ਬਾਕੀ ਸਫ਼ਾ 30 ’ਤੇ)

## 'ਪੰਜਾਬ ਦੀ ਸਿਆਸਤ'

ਸ੍ਰ. ਖਹਿਰਾ ਜੂਨ 2021 ਵਿੱਚ ਮੁੜ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਅਤੇ ਸਾਬਕਾ ਮੰਤਰੀ ਪ੍ਰਤਾਪ ਸਿੰਘ ਬਾਜਵਾ ਨੇ ਪੁਲਿਸ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ,ਭਾਵੇਂ ਕਿ ਉਹਨਾਂ ਦੀ ਖੁਦ ਦੀ ਸਰਕਾਰ ਸਮੇਂ ਅਜਿਹਾ ਆਮ ਹੀ ਹੁੰਦਾ ਰਿਹਾ ਸੀ ਅਤੇ ਇਹ ਕੇਸ ਉਹਨਾਂ ਦੀ ਸਰਕਾਰ ਦੇ ਸਮੇਂ ਦੀ ਉਪਜ ਹੈ ਪਰ ਉਹਨਾਂ ਨੇ ਆਪ ਸਰਕਾਰ ਨੂੰ ਸਿਆਸੀ ਬਦਲਾਖੋਰੀ ਦੱਸਕੇ ਸਿਆਣਪ ਦਾ ਸਬੂਤ ਦਿੱਤਾ।

ਆਮ ਚਰਚਾ ਹੋ ਰਹੀ ਹੈ ਕਿ ਪੰਜਾਬ ਪੁਲਿਸ ਆਪਣਾ ਪੁਰਾਣਾ ਰੰਗ ਮੁੜ ਫੜਦੀ ਜਾ ਰਹੀ ਹੈ। ਅਸਲ ਵਿੱਚ ਪੰਜਾਬ ਪੁਲਿਸ ਦੀ ਰਮਜ਼ ਗਰਮ ਮਿਜ਼ਾਜੀ ਵਾਲੀ ਹੈ, ਇਹ ਚਾਹੇ ਮਜਬੂਰੀ ਸਮਝੋ, ਜਾਂ ਕੁਝ ਹੋਰ। ਇਸੇ ਲਈ ਤਾਂ 80 ਦੇ ਦਹਾਕੇ ਤੋਂ ਹੁਣ ਤੱਕ ਆਮ ਲੋਕਾਂ ਪ੍ਰਤੀ ਪੁਲਿਸ ਦਾ ਵਤੀਰਾ ਖਰਵਾਂ ਰਿਹਾ ਤੇ ਪੰਜਾਬ ਪੁਲਿਸ ਆਮ ਲੋਕਾਂ ਦੇ ਵਿੱਚ ਵਿਸ਼ਵਾਸ ਦੀ ਗੰਢ ਪੀਢੀ ਨਹੀਂ ਕਰ ਸਕੀ। ਪਿੰਡਾਂ ਦੇ ਵਿੱਚ ਹੁਣ ਪੰਜਾਬ ਪੁਲਿਸ ਨੂੰ ਲੋਕਾਂ ਦੀ ਏਕਤਾ ਅੱਗੇ ਆਮ ਝੁਕਦੇ ਹੋਏ ਵੇਖਿਆ ਜਾਂਦਾ ਹੈ।

ਵੱਖ- ਵੱਖ ਸਮੇਂ ਪੰਜਾਬ ਵਿੱਚ ਸੱਤਾ ਤਾਂ ਬਦਲਦੀ ਰਹਿੰਦੀ ਹੈ ਪਰ ਪੁਲਿਸ ਉਹੀ ਰਹਿੰਦੀ ਹੈ। ਇਸ ਕਰਕੇ ਹਰ ਸੱਤਾਧਾਰੀ ਪਾਰਟੀ ਆਪਣੀ ਵਾਰੀ ਵੇਲੇ ਆਪਣੀ ਨੀਤੀ ਚਲਾਉਣਾ ਚਾਹੁੰਦੀ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਸਾਲ 2017 ਦੇ ਦੌਰਾਨ ਲੰਬੀ ਪਿੰਡ ਵਿੱਚ ਇੱਕ ਰੈਲੀ ਸਮੇਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਉੱਤੇ ਕਿਸੇ ਨੌਜਵਾਨ ਵੱਲੋਂ ਸਟੇਜ ਵੱਲ ਜੁੱਤੀ ਸੁੱਟੀ ਗਈ ਸੀ। ਉਸ ਸਮੇਂ ਪੰਜਾਬ ਦੇ ਬੱਚੇ ਬੱਚੇ ਨੇ ਭਾਵੇਂ ਦਬਵੀਂ ਸੁਰ ਵਿੱਚ ਇਸ ਗੱਲ ਦਾ ਵਿਰੋਧ ਕੀਤਾ ਸੀ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਕਾਸ਼ ਸਿੰਘ ਬਾਦਲ ਸਿਆਸਤ ਦੇ ਵਿੱਚ ਆਪਣਿਆਂ ਨੂੰ ਤੇ ਬੇਗਾਨਿਆਂ ਨੂੰ ਇੱਕ ਕੜੀ ਵਿੱਚ ਪਰੋਣ ਦੇ ਮਾਹਿਰ ਸਨ ਪਰ ਹੁਣ ਦੀ ਸਿਆਸਤ ਦੇ ਵਿੱਚ ਜ਼ਮੀਨ ਤੇ ਅਸਮਾਨ ਦਾ ਫ਼ਰਕ ਦਿਖਾਈ ਦਿੰਦਾ ਹੈ। ਹੁਣ ਬਦਲਾਖ਼ੋਰੀ ਦੀ ਰਾਜਨੀਤੀ ਤੇ ਮਿਹਣੋ ਮਿਹਣੀ ਦੇ ਸਿਧਾਂਤ ਦੇ ਉੱਤੇ ਪੂਰ ਜ਼ੋਰਾਂ ਸ਼ੋਰਾਂ ਨਾਲ ਪਹਿਰਾ ਦਿੱਤਾ ਜਾ ਰਿਹਾ ਹੈ। ਹੁਣ ਰਾਜ ਨਹੀਂ, ਧਮਕੀਆਂ ਦਿੱਤੀਆਂ ਜਾਂਦੀਆਂ ਹਨ ਜਿਵੇਂ ਕਿ ਲੰਘੇ ਦਿਨਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਹਾ ਗਿਆ ਕਿ ਪ੍ਰਤਾਪ ਸਿੰਘ ਬਾਜਵਾ ਦੇ ਪੰਜਾਬ ਦੇ ਮੁੱਖ ਮੰਤਰੀ ਬਣਨ ਦੇ ਸੁਪਨੇ ਦੀ ਭਰੂਣ ਹੱਤਿਆ ਹੋ ਚੁੱਕੀ ਹੈ। ਅਜਿਹੇ ਬਿਆਨਾਂ ਨੂੰ ਲੋਕ ਵੀ ਅਕਸਰ ਚੁਸਕੀਆਂ ਲੈ ਕੇ ਪੜ੍ਹਦੇ ਹਨ ਪਰ ਸਿਆਣੇ ਲੋਕ ਸੋਚਦੇ ਹਨ ਕਿ ਆਖ਼ਰ ਪੰਜਾਬ ਦੀ ਸਿਆਸਤ ਜਾ ਕਿਹੜੇ ਰਾਹ ਰਹੀ ਹੈ ?

ਸਿਰਫ਼ ਪੰਜਾਬ ਹੀ ਨਹੀਂ ਬਲਕਿ ਦੇਸ਼ ਦੀ ਸਿਆਸਤ ਵਿੱਚ ਹੀ ਅਜਿਹੇ ਬੋਲ ਕੁਬੋਲ ਅਕਸਰ ਸਿਆਸੀ ਆਗੂਆਂ ਵੱਲੋਂ ਇੱਕ ਦੂਜੇ ਨੂੰ ਬੋਲੇ ਜਾ ਰਹੇ ਹਨ। ਹਰ ਸਿਆਸੀ ਆਗੂ ਇੱਕ ਦੂਜੇ ਨੂੰ ਠਿੱਬੀ ਲਗਾਉਣ ਲਈ ਤਿਆਰ ਬੈਠਾ ਹੈ ਅਤੇ ਢੁਕਵੇਂ ਮੌਕੇ ਦਾ ਇੰਤਜ਼ਾਰ ਕਰ ਰਹੇ ਹਨ। ਕਦੇ ਸਮਾਂ ਹੁੰਦਾ ਸੀ ਲੋਕਾਂ ਦੀ ਰਮਜ਼ ਸਿਆਸਤਦਾਨਾਂ ਦੇ ਪੋਟਿਆਂ 'ਤੇ ਹੁੰਦੀ ਸੀ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਰਮਜ਼ ਪਛਾਣਨ ਵਿੱਚ ਸਿਆਸਤ ਮਾਹਿਰ ਹੁੰਦੇ ਸਨ ਪਰ ਇਹਨਾਂ ਦੇ ਆਪਸੀ ਕਾਟੋ ਕਲੇਸ਼ ਕਾਰਨ ਹੀ ਲੋਕਾਂ ਦੀ ਗੂੰਗੀ ਚੁੱਪ ਤਖ਼ਤੇ ਪਲਟਦੀ ਆ ਰਹੀ ਹੈ ਪਰ ਇਸਦੇ ਬਾਵਜੂਦ ਵੀ ਸਿਆਸੀ ਆਗੂ ਲੋਕਾਂ ਦੇ ਮਨ ਦੀ ਗੱਲ ਬੁੱਝਣ ਤੋਂ ਅਸਮਰਥ ਹਨ।

## ਭਾਈ ਖੰਡਾ ਦੀ ਮੌਤ ਦੇ ਕਾਰਨਾਂ ਦੀ

ਬ੍ਰਿਟੇਨ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਜੱਗੀ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਸਰਕਾਰ ਅੱਗੇ ਚੁੱਕਣ ਨਾਲ ਇਹ ਮਾਮਲਾ ਸੁਲਝਣ ਦੀ ਬਜਾਏ ਹੋਰ ਪੇਚੀਦਾ ਹੋ ਸਕਦਾ ਹੈ। ਪ੍ਰਧਾਨ ਮੰਤਰੀ ਰਿਸ਼ੀ ਸੂਨਕ ਕੇ ਕਿਹਾ ਹੈ ਕਿ ਉਹ ਜੌਹਲ ਦੇ ਕੇਸ ਨੂੰ ਜਲਦੀ ਤੋਂ ਜਲਦੀ ਸੁਲਝਾਉਣ ਲਈ ਵਚਨਬੱਧ ਹਨ।

ਭਾਰਤ ਵਿੱਚ 1980 ਦੇ ਦਹਾਕੇ ਵਿੱਚ ਖ਼ਾਲਿਸਤਾਨ ਦੀ ਮੰਗ ਜ਼ੋਰਾਂ 'ਤੇ ਸੀ ਪਰ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਇਸ ਵਿਚਾਰ ਦਾ ਸਖ਼ਤ ਵਿਰੋਧ ਕੀਤਾ ਸੀ। ਇਸ ਮਗਰੋਂ ਖ਼ਾਲਿਸਤਾਨ ਦੀ ਮੰਗ ਵਧਰੇ ਜ਼ੋਰਦਾਰ ਢੰਗ ਨਾਲ ਨਹੀਂ ਹੋਈ। ਪਰ ਹਾਲ ਹੀ ਦੇ ਸਾਲਾਂ ਵਿੱਚ, ਖਾਸ ਤੌਰ 'ਤੇ ਸਿੱਖ ਡਾਇਸਪੋਰਾ ਵਿੱਚ ਇਸ ਦਾ ਪੁਨਰ-ਉਭਾਰ ਦੇਖਿਆ ਗਿਆ ਹੈ।

ਖ਼ਾਸ ਕਰਕੇ, ਬ੍ਰਿਟੇਨ ਵਿੱਚ ਖ਼ਾਲਿਸਤਾਨ ਪੱਖੀ ਸਮਰਥਨ ਨੇ ਸ਼ਾਂਤਮਈ ਸਰਗਰਮੀ ਦਾ ਰੂਪ ਧਾਰ ਲਿਆ ਹੈ। ਜਦ ਕਿ ਭਾਰਤ ਸਰਕਾਰ ਇਸ ਵੱਖਵਾਦ ਨੂੰ ਅੱਤਵਾਦ ਸਮਝ ਰਹੀ ਹੈ।

ਹਾਲਾਂਕਿ ਦਿੱਲੀ ਅਤੇ ਲੰਡਨ ਵਿਚਕਾਰ ਕਦੇ-ਕਦਾਈਂ ਇਸ ਗੱਲ ਨੂੰ ਲੈ ਕੇ ਤਣਾਅ ਹੋ ਸਕਦਾ ਹੈ ਕਿ 'ਕੱਟੜਵਾਦ' ਕੀ ਹੈ ਅਤੇ ਸਿਆਸੀ ਪ੍ਰਗਟਾਵੇ ਦੀ ਆਜ਼ਾਦੀ ਕੀ ਹੈ। ਮਾਹਿਰਾਂ ਅਨੁਸਾਰ ਆਖਿਰ ਇੰਗਲੈਂਡ ਜਮਹੂਰੀਅਤ ਅਜ਼ਾਦੀ ਤੋਂ ਬਾਹਰ ਜਾ ਕੇ ਭਾਰਤ ਦੀ ਮਦਦ ਨਹੀਂ ਕਰ ਸਕਦਾ।

***

## ਭਾਰਤ 'ਚ ਅਫ਼ਗਾਨੀ

ਅਫ਼ਗਾਨਿਸਤਾਨ ਦੇ ਰਾਜਦੂਤ ਅਤੇ ਹੋਰ ਸੀਨੀਅਰ ਡਿਪਲੋਮੈਟ ਭਾਰਤ ਛੱਡ ਕੇ ਯੂਰਪ ਅਤੇ ਅਮਰੀਕਾ ਚਲੇ ਗਏ ਹਨ ਅਤੇ ਉੱਥੇ ਸ਼ਰਨ ਲਈ ਹੈ। ਇਹ ਅਫਗਾਨ ਡਿਪਲੋਮੈਟਾਂ ਦੇ ਅੰਦਰੂਨੀ ਕਲੇਸ਼ ਬਾਰੇ ਵੀ ਗੱਲ ਕਰਦਾ ਹੈ।

ਦਰਅਸਲ, ਜ਼ਿਆਦਾਤਰ ਦੇਸ਼ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਨਹੀਂ ਦਿੰਦੇ ਹਨ, ਪਰ ਉਨ੍ਹਾਂ ਨੇ ਤਾਲਿਬਾਨ ਨੂੰ ਸੱਤਾਧਾਰੀ ਸ਼ਾਸਨ ਵਜੋਂ ਸਵੀਕਾਰ ਕੀਤਾ ਹੈ। ਇਸ ਦੇ ਨਾਲ ਹੀ ਪਿਛਲੀ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਡਿਪਲੋਮੈਟਾਂ ਨੇ ਤਾਲਿਬਾਨ ਪ੍ਰਸ਼ਾਸਨ ਦੁਆਰਾ ਚੁਣੇ ਗਏ ਪ੍ਰਤੀਨਿਧੀਆਂ ਨੂੰ ਦੂਤਾਵਾਸ ਦੀਆਂ ਇਮਾਰਤਾਂ ਅਤੇ ਜਾਇਦਾਦ ਦਾ ਕੰਟਰੋਲ ਸੌਂਪਣ ਤੋਂ ਇਨਕਾਰ ਕਰ ਦਿੱਤਾ ਹੈ। ਉਥੇ ਹੀ, ਭਾਰਤ ਨੇ ਕਿਹਾ ਹੈ ਕਿ ਉਹ ਤਾਲਿਬਾਨ ਸਰਕਾਰ ਨੂੰ ਮਾਨਤਾ ਦੇਣ ਦਾ ਫੈਸਲਾ ਲੈਣ ਵਿੱਚ ਸੰਯੁਕਤ ਰਾਸ਼ਟਰ ਦੇ ਆਦੇਸ਼ਾਂ ਦੀ ਪਾਲਣਾ ਕਰੇਗਾ।

**ਕਾਬੁਲ ਵਿੱਚ ਭਾਰਤ ਦੀ ਕਿੰਨੀ ਮੌਜੂਦਗੀ ?**

ਅਗਸਤ 2021 ਵਿੱਚ ਤਾਲਿਬਾਨ ਦੇ ਅਫ਼ਗਾਨਿਸਤਾਨ ਉੱਤੇ ਕਬਜ਼ਾ ਕਰਨ ਤੋਂ ਬਾਅਦ ਭਾਰਤ ਨੇ ਰਾਜਧਾਨੀ ਕਾਬੁਲ ਤੋਂ ਆਪਣਾ ਪੂਰਾ ਮਿਸ਼ਨ ਖਾਲੀ ਕਰ ਲਿਆ ਸੀ ਪਰ ਪਿਛਲੇ ਸਾਲ ਜੂਨ ਵਿੱਚ ਆਪਣਾ ਦੂਤਾਵਾਸ ਦੁਬਾਰਾ ਖੋਲ੍ਹਣ ਲਈ ਇੱਕ ਛੋਟੀ ਟੀਮ ਨੂੰ ਵਾਪਸ ਭੇਜਿਆ ਸੀ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ 2022 ਵਿੱਚ ਅਫ਼ਗਾਨਿਸਤਾਨ ਨੂੰ ਕਣਕ, ਦਵਾਈਆਂ, ਕੋਵਿਡ-19 ਟੀਕੇ ਅਤੇ ਸਰਦੀਆਂ ਦੇ ਕੱਪੜੇ ਸਮੇਤ ਹੋਰ ਰਾਹਤ ਸਮੱਗਰੀ ਭੇਜੀ ਸੀ।

***

## ਭਾਈ ਹਰਦੀਪ ਸਿੰਘ ਨਿੱਝਰ

ਪੈਰਿਸ ਸਮਝੌਤਾ 'ਨੇਸ਼ਨ' ਨੂੰ ਰਾਜ ਦਾ ਹੱਕ ਦਿੰਦਾ ਹੈ ਤੇ ਜੇ ਕਿਸੇ ਕਰਕੇ ਕਿਸੇ 'ਨੇਸ਼ਨ' ਨੂੰ ਰਾਜ ਦਾ ਮੌਕਾ ਨਹੀਂ ਮਿਲਦਾ ਤਾਂ ਜਿਸ ਰਾਜ ਦੀਆਂ ਹੱਦਾਂ ਅੰਦਰ ਇਹ 'ਨੇਸ਼ਨ' ਰਿਹਾ ਹੋਵੇ, ਉਸ ਰਾਜ ਨੂੰ ਇਸ ਨੂੰ ਸੰਵਿਧਾਨਕ ਹੱਕ ਦੇਣੇ ਹੋਣਗੇ। ਜੇ ਕੋਈ 'ਨੇਸ਼ਨ' ਆਪਣੀ ਰਾਜਸੀ ਹੋਣੀ ਤੋਂ ਸੰਤੁਸ਼ਟ ਨਹੀਂ ਹੈ ਤਾਂ ਇਸ ਨੂੰ ਲੋਕਤੰਤਰੀ ਤਰੀਕੇ ਨਾਲ ਆਪਣੀ 'ਰਾਜਨੀਤਕ' ਆਜ਼ਾਦੀ' ਅਤੇ 'ਪ੍ਰਭੂਸੱਤਾ' ਮੰਗਣ ਦਾ ਤੇ ਇਸ ਲਈ ਸੰਘਰਸ਼ ਕਰਨ ਦਾ ਪੂਰਾ ਹੱਕ ਹੋਵੇਗਾ। ਇਸ ਸੰਦਰਭ ਵਿੱਚ ਸਿੱਖਾਂ ਨੂੰ ਭਾਰਤੀ ਰਾਜ ਦੀ 'ਸਿੱਖਾਂ ਨੂੰ ਇੱਕ ਨੇਸ਼ਨ' ਵਜੋਂ ਮਾਨਤਾ ਦੇਣ ਵਾਲੇ ਹਰੇਕ ਤੱਤ ਦਾ ਖਾਤਮਾ ਕਰਨ ਦੀ ਨੀਤੀ ਦੀ ਸਮਝ ਪੈ ਜਾਣੀ ਚਾਹੀਦੀ ਹੈ।

***

## ਨਿੱਝਰ ਦੀ ਹੱਤਿਆ ਦੇ ਦੋਸ਼ 'ਚ

ਦਰਅਸਲ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਤੇ ਅਤੇ ਇੰਟੀਗ੍ਰੇਟਿਡ ਨੈਸ਼ਨਲ ਸਕਿਓਰਿਟੀ ਐਨਫੋਰਸਮੈਂਟ ਟੀਮ ਨੇ ਤੂਰ ਨੂੰ ਕਥਿਤ ਚਿਤਾਵਨੀ ਦਿੱਤੀ ਹੈ ਕਿ ਉਸ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਹਾਲਾਂਕਿ ਉਸ ਨੂੰ ਕੋਈ ਨਜ਼ਦੀਕੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ ਸੀ। ਦਸਤਾਵੇਜ਼ ਵਿੱਚ ਕਿਹਾ ਗਿਆ ਸੀ ਕਿ ਫਿਲਹਾਲ ਅਸੀਂ ਧਮਕੀ ਦੇ ਸੰਬੰਧ ਵਿੱਚ ਖਾਸ ਜਾਣਕਾਰੀ ਦੇਣ ਵਿੱਚ ਅਸਮਰੱਥ ਹਾਂ।

## ਨਿੱਝਰ ਹੱਤਿਆ ਕਾਂਡ ਮਾਮਲੇ ਵਿੱਚ

ਹੈ ਕਿ ਕੂਟਨੀਤਕ ਗੱਲਬਾਤ ਉਦੋਂ ਹੀ ਵਧੀਆ ਹੁੰਦੀ ਹੈ ਜਦੋਂ ਉਹ ਨਿੱਜੀ ਰਹਿਣਗੇ।

ਅਮਰੀਕਾ ਵੱਲੋਂ ਭਾਰਤ ਨੂੰ ਜਾਂਚ 'ਚ ਸਹਿਯੋਗ ਕਰਨ ਦੀ ਅਪੀਲ :

ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਹੁਣੇ ਜਿਹੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਨੇ ਕਈ ਮੌਕਿਆਂ 'ਤੇ ਭਾਰਤ ਸਰਕਾਰ ਨਾਲ ਰਾਬਤਾ ਕਰ ਕੇ ਉਨ੍ਹਾਂ ਨੂੰ ਭਾਈ ਨਿੱਝਰ ਦੀ ਮੌਤ ਦੀ ਕੈਨੇਡਾ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, 'ਜਿਵੇਂ ਕਿ ਉਨ੍ਹਾਂ ਉਦੋਂ ਵੀ ਸਪੱਸ਼ਟ ਕੀਤਾ ਸੀ, ਮੈਂ ਹੁਣ ਫਿਰ ਦੁਹਰਾਉਂਦਾ ਹਾਂ, ਅਸੀਂ ਇਸ ਮੁੱਦੇ ਉਤੇ ਆਪਣੇ ਕੈਨੇਡੀਅਨ ਸਹਿਯੋਗੀਆਂ ਨਾਲ ਨੇੜਿਓਂ ਰਾਬਤਾ ਰੱਖ ਰਹੇ ਹਾਂ।' ਮਿਲਰ ਨੂੰ ਜਦ ਪੁੱਛਿਆ ਗਿਆ ਕਿ ਕੀ ਭਾਰਤ ਨੇ ਕੈਨੇਡਾ ਨਾਲ ਸਹਿਯੋਗ ਕਰਨ ਦੀ ਹਾਮੀ ਭਰੀ ਹੈ, ਤਾਂ ਉਨ੍ਹਾਂ ਕਿਹਾ ਕਿ ਇਸ ਦਾ ਜਵਾਬ ਨਵੀਂ ਦਿੱਲੀ ਹੀ ਦੇ ਸਕਦੀ ਹੈ।

ਪੰਜਾਬੀਆਂ ਨੂੰ ਆਉਣਗੀਆਂ ਦਿੱਕਤਾਂ :

ਜ਼ਿਕਰਯੋਗ ਹੈ ਕਿ ਭਾਰਤ ਅਤੇ ਕੈਨੇਡਾ ਵਿਚਾਲੇ ਸਬੰਧਾਂ ਵਿੱਚ ਇਸ ਸਮੇਂ ਤਨਾਓ ਆਇਆ ਹੋਇਆ ਹੈ। ' ਦਿ ਫਾਇਨੈਂਸ਼ੀਅਲ ਟਾਈਮਜ਼' ਦੀ ਇੱਕ ਰਿਪੋਰਟ ਮੁਤਾਬਕ 'ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਹ 10 ਅਕਤੂਬਰ ਤੱਕ ਆਪਣੇ 62 ਵਿਚੋਂ 41 ਡਿਪਲੋਮੈਟ ਵਾਪਸ ਬੁਲਾ ਲਏ।' ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮੁੱਦੇ ਉਤੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਭਾਰਤ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਦੋਵਾਂ ਦੇਸ਼ਾਂ ਵਿੱਚ ਡਿਪਲੋਮੈਟਾਂ ਦੀ ਬਰਾਬਰ ਗਿਣਤੀ ਚਾਹੁੰਦਾ ਹੈ। ਦੱਸਣਯੋਗ ਹੈ ਕਿ ਓਟਾਵਾ ਸਥਿਤ ਭਾਰਤ ਦੇ ਹਾਈ ਕਮਿਸ਼ਨ ਨਾਲੋਂ ਨਵੀਂ ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਵਿੱਚ ਕਈ ਦਰਜਨ ਵੱਧ ਡਿਪਲੋਮੈਟ ਹਨ। ਕੈਨੇਡਾ ਵਿਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਮੌਜੂਦਗੀ ਕਾਰਨ ਵੱਡੇ ਕੌਂਸੂਲਰ ਸੈਕਸ਼ਨ ਦੀ ਲੋੜ ਪੈਂਦੀ ਹੈ। ਮੀਡੀਆ ਰਿਪੋਰਟ ਮੁਤਾਬਕ ਭਾਰਤ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਡਿਪਲੋਮੈਟ 10 ਅਕਤੂਬਰ ਤੱਕ ਵਾਪਸ ਨਾ ਗਏ ਤਾਂ ਇਨ੍ਹਾਂ ਨੂੰ ਮਿਲਦੀ 'ਡਿਪਲੋਮੈਟਿਕ ਇਮਿਊਨਿਟੀ' (ਕੂਟਨੀਤਕ ਪੱਧਰ 'ਤੇ ਮਿਲਦੀ ਵਿਸ਼ੇਸ਼ ਸਹੂਲਤ) ਖ਼ਤਮ ਕਰ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਦੇਣਾ ਪਹਿਲਾਂ ਹੀ ਬੰਦ ਕੀਤਾ ਹੋਇਆ ਹੈ। ਇਸ ਨਾਲ ਕੈਨੇਡਾ ਗੋਰਿਆਂ ਉਪਰ ਤਾਂ ਕੋਈ ਅਸਰ ਨਹੀਂ ਪਵੇਗਾ,ਪਰ ਕੈਨੇਡਾ ਵਿਚ ਰਹਿੰਦੇ ਪੰਜਾਬੀਆਂ ਉਪਰ ਵਡਾ ਅਸਰ ਪਵੇਗਾ। ਇਸ ਨਾਲ ਰਿਸ਼ਤੇਦਾਰ ਆਪਸ ਵਿਚ ਨਹੀਂ ਮਿਲ ਸਕਣਗੇ। ਇੰਡੀਆ ਵਿੱਚ ਰਹਿੰਦੇ ਮਾਂ ਬਾਪ ਨਹੀਂ ਮਿਲ ਸਕਣਗੇ। ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀ ਕੈਨੇਡਾ ਜਾਣ ਬਾਰੇ ਨਹੀਂ ਸੋਚ ਸਕਣਗੇ,ਕਿਉਂ ਕਿ ਭਾਰਤ ਵਿਚ ਕੈਨੇਡਾ ਸਟਾਫ ਦੀ ਕਮੀ ਕਾਰਣ ਰੁਕਾਵਟਾਂ ਪੰਜਾਬੀਆਂ ਨੂੰ ਆਉਣਗੀਆਂ। ਇੰਝ ਜਾਪਦਾ ਹੈ ਜਿਵੇਂ ਇਹ ਸਜ਼ਾ ਕੈਨੇਡਾ ਦੀ ਥਾਂ ਪੰਜਾਬੀਆਂ ਨੂੰ ਦਿੱਤੀ ਜਾ ਰਹੀ ਹੈ। ਇਸ ਤਰਾਂ ਪੰਜਾਬੀਆਂ ਨੂੰ ਕੈਨੇਡਾ ਅਤੇ ਭਾਰਤ ਵਿਚਾਲੇ ਤਨਾਓ ਕਾਰਨ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਐਨ.ਆਰ.ਆਈ. ਪੰਜਾਬੀਆਂ ਨੂੰ ਤਾਂ ਵੀਜ਼ਾ ਨਾ ਮਿਲਣ ਕਾਰਨ ਆਪਣੀਆਂ ਬੁੱਕ ਕਰਵਾਈਆਂ ਹੋਈਆਂ ਹਵਾਈ ਟਿੱਕਟਾਂ ਵੀ ਕੈਂਸਲ ਕਰਵਾਉਣੀਆਂ ਪੈ ਰਹੀਆਂ ਹਨ।

## ਅਮਰੀਕਾ ਨੇ ਭਾਰਤ ਨੂੰ ਸਹਿਯੋਗ

ਜਿਸ ਵਿੱਚ ਕਿਹਾ ਗਿਆ ਸੀ ਕਿ ਖ਼ਾਲਿਸਤਾਨ ਸਮਰਥਕਾਂ ਵੱਲ ਧਿਆਨ ਖਿੱਚਣ ਲਈ ਹਿੰਦੂਆਂ ਨੇ ਖੁਦ ਹਿੰਦੂ ਮੰਦਰ ਵਿੱਚ ਭੰਨਤੋੜ ਕੀਤੀ ਸੀ। ਪਿਛਲੇ ਸਾਲ ਲੰਚੈਸਟਰ, ਲੰਡਨ ਵਿੱਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਦਾ ਦੋਸ਼ ਵੀ ਸੱਜੇ-ਪੱਖੀ ਹਿੰਦੂਤਵੀ ਸਮੂਹਾਂ ਉੱਤੇ ਲਾਇਆ ਗਿਆ ਸੀ, ਜਦੋਂ ਕਿ ਭਾਰਤ ਸਰਕਾਰ ਨੇ ਖੁੱਲ੍ਹ ਕੇ ਹਿੰਦੂ ਭਾਈਚਾਰੇ ਦਾ ਪੱਖ ਲਿਆ ਸੀ।

ਕੈਨੇਡਾ ਦੀ ਘਟਨਾ ਤੋਂ ਬਾਅਦ ਮੋਦੀ ਦੀ ਵਿਸ਼ਵ ਮੰਚ 'ਤੇ ਦਬਦਬਾ ਬਣਾਉਣ ਦੀ ਇੱਛਾ ਸਖ਼ਤ ਜਾਂਚ ਦੇ ਘੇਰੇ ਵਿੱਚ ਆ ਗਈ ਹੈ। ਇਸ ਨੇ ਮੋਦੀ ਦੇ ਇੱਕ ਸਤਿਕਾਰਤ ਵਿਸ਼ਵ ਰਾਜਨੇਤਾ ਵਜੋਂ ਉਸਾਰੇ ਅਕਸ ਨੂੰ ਤੋੜ ਦਿੱਤਾ ਹੈ ਜੋ 'ਲੋਕਤੰਤਰ ਦੀ ਮਾਤਾ' ਦਾ ਮੁਖੀ ਹੈ ਅਤੇ ਭਾਰਤ ਨੂੰ ਵਿਸ਼ਵ ਨੇਤਾ ਬਣਾ ਰਿਹਾ ਹੈ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਦੇ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦੀ ਸਿਆਸਤ ਸਿਰਫ਼ ਭਾਰਤ ਹੀ ਨਹੀਂ ਵਿਸ਼ਵ ਲਈ ਖ਼ਤਰਾ ਬਣ ਸਕਦੀ ਹੈ।

***

## ਟਰੰਪ ਖਿਲਾਫ਼ ਧੋਖਾਧੜੀ ਦੇ ਮਾਮਲੇ

ਜੇਮਸ ਦੇ ਦਫਤਰ ਦੇ ਇੱਕ ਵਕੀਲ ਕੇਵਿਨ ਵੈਲੇਸ ਨੇ ਆਪਣੇ ਸ਼ੁਰੂਆਤੀ ਬਿਆਨ ਵਿੱਚ ਕਿਹਾ, ਇਹ ਆਮ ਵਾਂਗ ਕਾਰੋਬਾਰ ਨਹੀਂ ਹੈ ਅਤੇ ਇਹ ਇਸ ਤਰ੍ਹਾਂ ਨਹੀਂ ਹੈ ਕਿ ਪਾਰਟੀਆਂ ਇੱਕ ਦੂਜੇ ਨਾਲ ਕਿਵੇਂ ਪੇਸ਼ ਆਉਂਦੀਆਂ ਹਨ। ਇਹ ਮੁਆਫ਼ੀਯੋਗ ਅਪਰਾਧ ਨਹੀਂ ਹੈ।

**ਟਰੰਪ ਦੇ ਵਕੀਲ ਨੇ ਦੋਸ਼ਾਂ ਨੂੰ ਦੱਸਿਆ ਝੂਠ**

ਟਰੰਪ ਦੇ ਵਕੀਲ ਕ੍ਰਿਸਟੋਫਰ ਨੇ ਆਪਣੇ ਸ਼ੁਰੂਆਤੀ ਬਿਆਨ ਵਿੱਚ ਕਿਹਾ ਕਿ ਟਰੰਪ ਦੀ ਵਿੱਤੀ ਸਥਿਤੀ ਪੂਰੀ ਤਰ੍ਹਾਂ ਕਾਨੂੰਨੀ ਸੀ। ਜਿਸ ਨੇ ਕਿਹਾ, ਉਸਨੇ ਅਸਲ ਵਿੱਚ ਰੀਅਲ ਅਸਟੇਟ ਨਿਵੇਸ਼ ਵਿੱਚ ਬਹੁਤ ਸਾਰਾ ਪੈਸਾ ਕਮਾਇਆ। ਉਸ ਦਾ ਧੋਖਾਧੜੀ ਕਰਨ ਦਾ ਕੋਈ ਇਰਾਦਾ ਨਹੀਂ ਸੀ। ਇਸ ਵਿੱਚ ਕੋਈ ਗੈਰ-ਕਾਨੂੰਨੀ, ਕੋਈ ਡਿਫਾਲਟ, ਕੋਈ ਉਲੰਘਣਾ ਨਹੀਂ ਸੀ, ਬੈਂਕਾਂ 'ਤੇ ਕੋਈ ਨਿਰਭਰਤਾ ਨਹੀਂ ਸੀ, ਕੋਈ ਅਨੁਚਿਤ ਫਾਇਦਾ ਨਹੀਂ ਸੀ ਅਤੇ ਕੋਈ ਪੀੜਤ ਨਹੀਂ ਸਨ। ਇੱਕ ਹੋਰ ਅਟਾਰਨੀ ਅਲੀਨਾ ਹੱਬਾ ਨੇ ਜੱਜ ਐਂਗੋਰੋਨ ਨੂੰ ਦੱਸਿਆ ਕਿ ਟਰੰਪ ਦੀਆਂ ਜਾਇਦਾਦਾਂ ਨੂੰ ਜੇਕਰ ਟਰੰਪ ਨੇ ਵੇਚਿਆ ਤਾਂ ਉਸ ਨੂੰ ਪ੍ਰੀਮੀਅਮ ਕੀਮਤਾਂ ਮਿਲ ਸਕਦੀਆਂ ਹਨ।

***

## ਕੈਨੇਡੀਅਨ ਭਾਰਤੀਆਂ ਦੇ ਵੀਜ਼ੇ

ਜਿਨ੍ਹਾਂ ਨੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ 'ਚੋਂ ਫੀਸਾਂ ਭਰ ਕੇ ਆਫ਼ਰ ਲੈਟਰਜ਼ ਹਾਸਿਲ ਕੀਤੇ ਹਨ ਅਤੇ ਇਸ ਕੰਮ ਲਈ ਲੱਖਾਂ ਰੁਪਏ ਖ਼ਰਚ ਚੁੱਕੇ ਹਨ, ਉਹ ਵੀ ਬੇਹੱਦ ਚਿੰਤਤ ਹਨ। ਇੱਕ ਤਰ੍ਹਾਂ ਨਾਲ ਪੰਜਾਬ ਦੀ ਵੱਡੀ ਆਬਾਦੀ ਇਸ ਵੇਲੇ ਅਨਿਸ਼ਚਿਤਤਾ ਦੇ ਘੇਰੇ ਵਿੱਚ ਫਸੀ ਹੋਈ ਹੈ।

ਖ਼ਾਲਸਾ ਨੇ ਅਮਰੀਕਾ ਸਰਕਾਰ ਵੱਲੋਂ ਸਿੱਖ ਧਰਮ ਦਾ ਮਾਣ ਵਧਾਉਣ 'ਤੇ ਪਹਿਲੀ ਵਾਰ ਅਮਰੀਕੀ ਪ੍ਰਤੀਨਿਧੀ ਸਭਾ ਦਾ ਸੈਸ਼ਨ ਸਿੱਖ ਅਰਦਾਸ ਨਾਲ ਸ਼ੁਰੂ ਕਰਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਿੱਖ ਕੌਮ ਲਈ, ਸਮੁੱਚੇ ਵਿਸ਼ਵ ਸਿੱਖ ਭਾਈਚਾਰੇ ਲਈ ਬਹੁਤ ਖੁਸ਼ੀ ਦਾ ਮੌਕਾ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਸਾਡੀ ਪੰਥਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਵਖਰੇਵਿਆਂ ਨੂੰ ਸਾਂਝੀਵਾਲਤਾ ਵਿੱਚ ਬਦਲਣ ਦੀ ਮੁਹਿੰਮ ਚਲਾਕੇ ਵਿਸ਼ਵ ਸ਼ਾਂਤੀ ਅਰਥਾਤ ਸਰਬਤ ਦੇ ਭਲੇ ਵਿੱਚ ਆਪਣਾ ਆਪਣਾ ਕਿਰਦਾਰ ਅਦਾ ਕਰਦੇ ਰਹੀਏ।

***

## ਅਮਰੀਕਾ 'ਚ 39 ਸਾਲ

ਘੋਸ਼ਿਤ ਕਰ ਦਿੱਤਾ। ਪੱਤਰਕਾਰ ਕਰੂਗਰ ਫਿਲਾਡੇਲਫੀਆ ਸ਼ਹਿਰ ਦੇ ਗ੍ਰੇਜ਼ ਫੈਰੀ ਦੇ ਇਲਾਕੇ ਵਿੱਚ ਰਹਿੰਦਾ ਸੀ ਅਤੇ ਇੱਕ ਫ੍ਰੀਲਾਂਸ ਰਿਪੋਰਟਰ ਵਜੋਂ ਕੰਮ ਕਰਦਾ ਸੀ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਮਾਮਲੇ ਵਿੱਚ ਕੋਈ ਵੀ ਗ੍ਰਿਫ਼ਤਾਰੀ ਨਹੀਂ ਹੋਈ ਹੈ ਅਤੇ ਨਾ ਹੀ ਕੋਈ ਹਥਿਆਰ ਬਰਾਮਦ ਹੋਇਆ ਹੈ। ਫਿਲਾਡੇਲਫੀਆ ਦੇ ਮੇਅਰ ਜਿਮ ਕੇਨੀ ਨੇ ਐਕਸ 'ਤੇ ਲਿਖਿਆ ਕਿ ਜੋਸ਼ ਕਰੂਗਰ ਦੀ ਮੌਤ ਨਾਲ ਸਾਨੂੰ ਬਹੁਤ ਵੱਡਾ ਸਦਮਾ ਪੁੱਜਾ ਹੈ।

***

## ਸਿਰ ਦਾ ਮਾਮੂਲੀ ਦਰਦ

ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

**ਬ੍ਰੇਨ ਟਿਊਮਰ ਦਾ ਇਲਾਜ**

ਬ੍ਰੇਨ ਟਿਊਮਰ ਦਾ ਇਲਾਜ ਸਰਜਰੀ ਰਾਹੀਂ ਹੀ ਸੰਭਵ ਹੈ। ਪਰ ਇਹ ਸਰਜਰੀ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਟਿਊਮਰ ਦਾ ਆਕਾਰ ਛੋਟਾ ਹੋਵੇ। ਨਾਲ ਹੀ, ਇਹ ਬਹੁਤ ਦੂਰ ਨਾ ਫੈਲਿਆ ਹੋਵੇ। ਅੱਜ ਕੱਲ੍ਹ, ਐਕਸ-ਰੇ ਜਾਂ ਪ੍ਰੋਟੋਨ ਵਰਗੇ ਰੇਡੀਏਸ਼ਨ ਵੀ ਟਿਊਮਰ ਦੇ ਟਿਸ਼ੂਜ਼ ਨੂੰ ਮਾਰਨ ਲਈ ਵਰਤੇ ਜਾਂਦੇ ਹਨ। ਕੁਝ ਮਾਮਲਿਆਂ 'ਚ ਕੀਮੋਥੈਰੇਪੀ ਦੀ ਵਰਤੋਂ ਟਿਊਮਰ ਟਿਸ਼ੂਜ਼ ਨੂੰ ਨਸ਼ਟ ਕਰਨ ਲਈ ਵੀ ਕੀਤੀ ਜਾਂਦੀ ਹੈ। ਅਜਿਹੇ 'ਚ ਡਾਕਟਰਾਂ ਦਾ ਮੰਨਣਾ ਹੈ ਕਿ ਜਿੰਨੀ ਜਲਦੀ ਇਸ ਬਿਮਾਰੀ ਦਾ ਪਤਾ ਲੱਗ ਜਾਵੇ, ਓਨਾ ਹੀ ਚੰਗਾ ਹੈ। ਤੁਸੀਂ ਵੀ ਇਸੇ ਗੱਲ ਦਾ ਧਿਆਨ ਰੱਖਣਾ ਹੈ

***

## ਮਾਲਦੀਵ ਦੀਆਂ ਰਾਸ਼ਟਰਪਤੀ ਚੋਣਾਂ 'ਚ

ਇਸ ਲਈ 'ਭਾਰਤ ਆਊਟ' ਵਾਲਿਆਂ ਦੀ ਜਿੱਤ ਇਸੇ ਪ੍ਰਤੀਕਰਮ ਦਾ ਨਤੀਜਾ ਹੈ।

ਮੁਹੰਮਦ ਮੁਈਜ਼ੂ ਨੇ ਨਵੰਬਰ ਵਿੱਚ ਅਹੁਦਾ ਸੰਭਾਲਣਾ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦੇ ਪਹਿਲੇ ਦਿਨ ਤੋਂ ਹੀ ਭਾਰਤੀ ਫੌਜੀਆਂ ਦੀ ਵਾਪਸੀ ਸ਼ੁਰੂ ਹੋ ਜਾਵੇਗੀ। ਉਨ੍ਹਾਂ ਇਹ ਵੀ ਧਮਕੀ ਦਿੱਤੀ ਹੈ ਕਿ ਜਿਹੜੇ ਵਿਦੇਸ਼ੀ ਸਮਝੌਤੇ ਉਨ੍ਹਾਂ ਦੇ ਦੇਸ਼ ਲਈ ਲਾਭਦਾਇਕ ਨਹੀਂ ਹੋਣਗੇ, ਉਹ ਰੱਦ ਕਰ ਦਿੱਤੇ ਜਾਣਗੇ ਤੇ ਵਿਦੇਸ਼ੀ ਕੰਪਨੀਆਂ ਨੂੰ ਬਾਹਰ ਕੱਢ ਦੇਣਗੇ। ਉਨ੍ਹਾਂ ਚੀਨੀ ਯੋਜਨਾਵਾਂ ਲਿਆਉਣ ਲਈ ਸਾਬਕਾ ਰਾਸ਼ਟਰਪਤੀ ਯਾਮੀਨ ਦੀ ਤਾਰੀਫ਼ ਕੀਤੀ ਹੈ। ਉਨ੍ਹਾਂ ਕਿਹਾ ਯਾਮੀਨ ਦੀ ਸਰਕਾਰ ਨੇ ਚੀਨ ਨਾਲ ਨੇੜਲੇ ਸੰਬੰਧ ਬਣਾਏ ਸਨ, ਜੋ ਸਾਡੇ ਦੇਸ਼ ਦੇ ਹਿੱਤ ਵਿੱਚ ਹਨ। ਉਸ ਦੇਸ਼ ਨੇ ਸਾਡੀਆਂ ਹੱਦਾਂ ਨਹੀਂ ਉਲੰਘੀਆਂ ਤੇ ਸਾਡੀ ਅਜ਼ਾਦੀ ਵਿੱਚ ਦਖ਼ਲ ਨਹੀਂ ਦਿੱਤਾ।

ਮਾਲਦੀਵ ਵਿੱਚ ਅਗਲੇ ਮਹੀਨੇ ਸੰਵਿਧਾਨ ਲਈ ਵੋਟਾਂ ਪੈਣਗੀਆਂ। ਇਨ੍ਹਾਂ ਵਿੱਚ ਵੋਟਰ ਫੈਸਲਾ ਕਰਨਗੇ ਕਿ ਦੇਸ਼ ਵਿੱਚ ਰਾਸ਼ਟਰਪਤੀ ਪ੍ਰਣਾਲੀ ਰਹੇ ਜਾਂ ਪਾਰਲੀਮੈਂਟਰੀ ਸਿਸਟਮ ਸ਼ੁਰੂ ਹੋਵੇ। ਮੁਹੰਮਦ ਨਸ਼ੀਦ ਦੀ ਲੰਮੇ ਸਮੇਂ ਤੋਂ ਮੰਗ ਰਹੀ ਹੈ ਕਿ ਦੇਸ਼ ਵਿੱਚ ਪਾਰਲੀਮੈਂਟਰੀ ਸਿਸਟਮ ਲਾਗੂ ਕੀਤਾ ਜਾਵੇ। ਯਾਦ ਰਹੇ ਕਿ ਮੁਹੰਮਦ ਨਸ਼ੀਦ ਇਸ ਸਮੇਂ ਜੇਲ ਵਿੱਚ ਹੈ ਤੇ ਉਸ ਉੱਤੇ ਚੋਣ ਲੜਨ ਦੀ ਪਾਬੰਦੀ ਹੈ। ਇਸ ਦੇ ਬਾਵਜੂਦ ਚੋਣਾਂ ਵਿੱਚ ਜਿੱਤ ਨੂੰ ਉਸੇ ਦੀ ਜਿੱਤ ਸਮਝਿਆ ਜਾ ਰਿਹਾ ਹੈ।

ਮੋਦੀ ਸਰਕਾਰ ਉੱਤੇ ਪਸਾਰਵਾਦ ਦਾ ਏਨਾ ਭੂਤ ਸਵਾਰ ਹੈ ਕਿ ਉਹ ਆਪਣੇ ਮਿੱਤਰਾਂ ਤੋਂ ਵੀ ਦੂਰ ਹੁੰਦਾ ਜਾ ਰਿਹਾ ਹੈ। ਚੋਣ ਤੋਂ ਬੜਾ ਚਿਰ ਪਹਿਲਾਂ ਇਹ ਕਨਸੋਆਂ ਆ ਰਹੀਆਂ ਸਨ ਕਿ ਮਾਲਦੀਵ ਵਿੱਚ ਭਾਰਤ ਵਿਰੋਧੀ ਭਾਵਨਾਵਾਂ ਜ਼ੋਰ ਫੜ ਰਹੀਆਂ ਹਨ, ਪਰ ਭਾਰਤੀ ਹਾਕਮ ਸੁੱਤੇ ਰਹੇ।

***

## ਲੰਡਨ 'ਚ ਭਾਰਤੀ ਸਫ਼ਾਰਤਖ਼ਾਨੇ ਬਾਹਰ

ਇਸ ਮੌਕੇ ਭਾਈ ਅਵਤਾਰ ਸਿੰਘ ਖੰਡੇ ਦੀ ਸ਼ੱਕੀ ਹਾਲਾਤ ਵਿੱਚ ਹੋਈ ਮੌਤ ਦੀ ਜਾਂਚ ਸ਼ੁਰੂ ਕਰਨ ਦੀ ਆਵਾਜ ਵੀ ਬੁਲੰਦ ਹੋਈ। ਇਸ ਮੌਕੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਸਿੱਖ ਫੈਡਰੇਸ਼ਨ ਯੂ.ਕੇ ਦੇ ਮੁਖੀ ਭਾਈ ਅਮਰੀਕ ਸਿੰਘ ਗਿੱਲ, ਭਾਈ ਦਵਿੰਦਰਜੀਤ ਸਿੰਘ, ਭਾਈ ਕੁਲਵੰਤ ਸਿੰਘ ਮੁਠੱਡਾ, ਸਿੱਖਸ ਫਾਰ ਜਸਟਿਸ ਦੇ ਆਗੂ ਭਾਈ ਦੁਪਿੰਦਰਜੀਤ ਸਿੰਘ, ਭਾਈ ਪਰਮਜੀਤ ਸਿੰਘ ਪੰਮਾ,ਭਾਈ ਗੁਰਪ੍ਰੀਤ ਸਿੰਘ, ਧਰਮਯੁੱਧ ਜਥਾ ਯੂ.ਕੇ (ਦਮਦਮੀ ਟਕਸਾਲ) ਦੇ ਆਗੂ ਭਾਈ ਬਲਵਿੰਦਰ ਸਿੰਘ ਵੁਲਵਰਹੈਂਪਟਨ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ ਦੇ ਭਾਈ ਰਜਿੰਦਰ ਸਿੰਘ ਚਿੱਟੀ, ਭਾਈ ਜੈ ਸਿੰਘ ਜੰਡੂ, ਨੌਜਵਾਨ ਜਸ ਸਿੰਘ, ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਮੁਖਤਿਆਰ ਸਿੰਘ ਆਦਿ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਆਖਿਆ ਕਿ ਭਾਰਤ ਸਰਕਾਰ ਪਾਸੋਂ ਕੈਨੇਡਾ ਸਰਕਾਰ ਨੇ ਇਕ ਕਤਲ ਦਾ ਹਿਸਾਬ ਮੰਗਿਆ ਹੈ ਜਦਕਿ ਸਿੱਖ ਕੌਮ ਨੇ ਜੂਨ 1984 ਦੇ ਖੂਨੀ ਘੱਲੂਘਾਰੇ, ਨਵੰਬਰ 1984 ਦੌਰਾਨ ਸਿੱਖ ਨਸਲਕੁਸ਼ੀ ਸਮੇਤ ਪੰਜਾਬ ਵਿੱਚ ਸ਼ਹੀਦ ਕੀਤੇ ਗਏ ਹਜਾਰਾਂ ਸਿੱਖ ਨੌਜਵਾਨਾਂ ਦੀਆਂ ਸ਼ਹਾਦਤਾਂ ਦਾ ਹਿਸਾਬ ਅਜੇ ਲੈਣਾ ਬਾਕੀ ਹੈ ਜੋ ਕਿ ਹਰ ਹਾਲਤ ਵਿੱਚ ਲਿਆ ਜਾਵੇਗਾ। ਖਾਲਿਸਤਾਨ ਦਾ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕਰਦਿਆਂ ਦੁਨੀਆ ਭਰ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਕੈਨੇਡਾ ਸਰਕਾਰ ਦੇ ਨਕਸ਼ੇ ਕਦਮਾਂ @ਤੇ ਚੱਲਦਿਆਂ ਭਾਰਤ ਸਰਕਾਰ ਦੇ ਵਿਰੋਧ ਅਤੇ ਸਿੱਖ ਕੌਮ ਦੇ ਹੱਕ ਵਿੱਚ ਨਿੱਤਰ ਆਉਣ ਦੀ ਭਾਵਪੂਰਵਕ ਅਪੀਲ ਕੀਤੀ ਗਈ ਅਤੇ ਨਾਲ ਹੀ ਸਿੱਖ ਕੌਮ ਦੇ ਖੁੱਸੇ ਹੋਏ ਰਾਜ ਦੀ ਮੁੜ ਬਹਾਲੀ ਲਈ ਯਤਨ ਕਰ ਰਹੀ ਸਿੱਖ ਕੌਮ ਦਾ ਡੱਟ ਕੇ ਸਾਥ ਦੀ ਅਪੀਲ ਕੀਤੀ ਗਈ।

## ਵਿਦਿਆਰਥੀਆਂ ਦੇ ਪਰਵਾਸ

ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਕਈ ਕਾਲਜਾਂ ਵਿਚ ਦਾਖਲਾ 15-40% ਤੱਕ ਘਟ ਗਿਆ ਹੈ। ਬੀਏ, ਬੀਐੱਸਸੀ, ਐੱਮਏ ਅਤੇ ਤਕਨਾਲੋਜੀ ਦੇ ਕੋਰਸਾਂ ਵਿੱਚ ਕਾਲਜਾਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਇਹ ਖ਼ਬਰਾਂ ਜਲੰਧਰ ਅਤੇ ਅੰਮ੍ਰਿਤਸਰ ਸਥਿਤ ਕਾਲਜਾਂ ਤੋਂ ਮਿਲ ਰਹੀਆਂ ਹਨ (ਪੰਜਾਬੀ ਟ੍ਰਿਬਿਊਨ ਤੇ ਦਿ ਟ੍ਰਿਬਿਊਨ, 19 ਜੂਨ 2023, 17 ਜੁਲਾਈ 2023)। ਛੋਟੇ ਸ਼ਹਿਰਾਂ ਕਸਬਿਆਂ ਦੇ ਕਾਲਜ ਬੰਦ ਹੋਣ ਕਿਨਾਰੇ ਪੁੱਜ ਗਏ ਹਨ। ਬੰਦ ਹੋਣ ਵਾਲੇ ਕਾਲਜਾਂ ਵਿਚ ਨਰਸਿੰਗ, ਬੀਐੱਡ, ਬੀਡੀਐੱਸ ਅਤੇ ਤਕਨਾਲੋਜੀ ਤੇ ਮੈਨੇਜਮੈਂਟ ਨਾਲ ਸਬੰਧਿਤ ਹਨ। ਇਨ੍ਹਾਂ ਦੀਆਂ ਇਮਾਰਤਾਂ ਅਤੇ ਸਾਜ਼ੋ-ਸਾਮਾਨ 'ਤੇ ਕਰੋੜਾਂ ਰੁਪਏ ਖਰਚ ਹੋਏ ਹਨ ਜਿਹੜੇ ਹੁਣ ਵਿਅਰਥ ਹੋ ਗਏ ਲਗਦੇ ਹਨ। ਇਸ ਵਰਤਾਰੇ ਨਾਲ ਪੰਜਾਬ ਵਿੱਚ ਕਾਰੋਬਾਰ ਨੂੰ ਧੱਕਾ ਲਗਦਾ ਹੈ ਅਤੇ ਸਮਾਜਿਕ ਤੌਰ 'ਤੇ ਬੌਧਿਕ ਅਸੰਤੁਲਨ ਪੈਦਾ ਹੋ ਰਿਹਾ ਹੈ। ਇਸ ਕਾਰਨ ਸੱਭਿਆਚਾਰਕ ਤੌਰ 'ਤੇ ਵਿਗਾੜ ਪੈਦਾ ਹੋ ਰਹੇ ਹਨ। ਨੌਜਵਾਨਾਂ ਵਿੱਚ ਨਸ਼ਿਆਂ ਦਾ ਫੈਲਾਓ ਅਤੇ ਗੈਂਗਸਟਰ ਗਰੁੱਪਾਂ ਦਾ ਪੈਦਾ ਹੋਣਾ ਇਸ ਦੇ ਸੂਚਕ ਹਨ।

ਇੰਨੀ ਵੱਡੀ ਗਿਣਤੀ ਵਿੱਚ ਛੋਟੀ ਉਮਰੇ ਵਿਦਿਆਰਥੀਆਂ ਦਾ ਵਿਦੇਸ਼ ਜਾਣਾ ਬੱਚਿਆਂ ਵਾਸਤੇ ਮੁਸ਼ਕਿਲਾਂ ਪੈਦਾ ਕਰਦਾ ਹੈ। ਮਾਪਿਆਂ ਵਾਸਤੇ ਵੀ ਕਾਫ਼ੀ ਮਹਿੰਗਾ ਸੌਦਾ ਹੈ। ਕਈ ਵਾਰ ਇਹ ਉਨ੍ਹਾਂ ਦੀ ਸਾਰੀ ਉਮਰ ਦੀ ਕਮਾਈ ਅਤੇ ਜਾਇਦਾਦ ਨੂੰ ਵੀ ਖਾ ਜਾਣ ਦਾ ਸਬੱਬ ਬਣ ਜਾਂਦਾ ਹੈ। ਇਹ ਪੰਜਾਬ ਦੇ ਖ਼ਿੱਤੇ ਵਿਚੋਂ ਭੌਤਿਕ ਅਤੇ ਮਨੁੱਖੀ ਸਰਮਾਏ ਨੂੰ ਬਾਹਰ ਭੇਜ ਕੇ ਇਥੇ ਵਿਕਾਸ ਦੀ ਗਤੀ ਨੂੰ ਧੀਮਾ ਕਰਦਾ ਹੈ ਅਤੇ ਸੂਬੇ ਵਾਸਤੇ ਕਾਫ਼ੀ ਨੁਕਸਾਨ ਦਾ ਕਾਰਨ ਹੈ। ਇਸ ਵਰਤਾਰੇ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਸਰਕਾਰ ਇਸ ਬਾਰੇ ਗੰਭੀਰ ਅਧਿਐਨ ਕਰ ਕੇ/ਕਰਵਾ ਕੇ ਨੀਤੀਗਤ ਫ਼ੈਸਲੇ ਕਰੇ। ਇਸ ਕਿਸਮ ਦੇ ਪਰਵਾਸ ਦੇ ਕਾਰਨਾਂ ਦਾ ਪਤਾ ਲਗਾਉਣ ਬਾਅਦ ਇਸ ਵਰਤਾਰੇ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣਾ ਅੱਜ ਸਮੇਂ ਦੀ ਲੋੜ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀਆਂ ਦਾ ਵਿਦੇਸ਼ ਪੜ੍ਹਨਾ ਬਿਲਕੁਲ ਬੰਦ ਕਰਨਾ ਹੈ। ਕੁਝ ਵਿਦਿਆਰਥੀ ਉਚੇਰੀ ਸਿੱਖਿਆ ਅਤੇ ਨਵੀਂ ਤਕਨੀਕ ਵਾਸਤੇ ਵਿਦੇਸ਼ ਵੀ ਪੜ੍ਹਨੇ ਚਾਹੀਦੇ ਹਨ ਪਰ ਉਨ੍ਹਾਂ ਵਾਸਤੇ ਲੋੜੀਂਦੇ ਵਜ਼ੀਫਿ ?ਆਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।

ਪੰਜਾਬ ਦੇ ਵਿਦਿਅਕ ਢਾਂਚੇ ਵਿੱਚ ਸੁਧਾਰ ਕਰ ਕੇ ਵਿਦਿਆ ਦਾ ਮਿਆਰ ਸੁਧਾਰਨਾ ਅਤੇ ਪੜ੍ਹੇ ਲਿਖੇ ਨੌਜਵਾਨਾਂ ਵਾਸਤੇ ਮਿਆਰੀ ਰੁਜ਼ਗਾਰ ਦਾ ਪ੍ਰਬੰਧ ਕਰਨਾ, ਸਿਵਲ ਤੇ ਪੁਲਿਸ ਪ੍ਰਸ਼ਾਸਨ ਸੁਧਾਰਨਾ ਤਾਂ ਕਿ ਲੋਕਾਂ ਦੀ ਜਾਨ ਮਾਲ ਸੁਰੱਖਿਅਤ ਹੋਵੇ ਅਤੇ ਲੋਕ ਪੰਜਾਬ ਵਿੱਚ ਰਹਿਣ 'ਤੇ ਮਾਣ ਮਹਿਸੂਸ ਕਰਨ। ਇਸ ਤੋਂ ਇਲਾਵਾ ਸਿਹਤ ਸਹੂਲਤਾਂ ਦਾ ਪਸਾਰ ਅਤੇ ਮਿਆਰ ਠੀਕ ਕਰਨ ਨਾਲ ਮਨੁੱਖੀ ਸਰੋਤ ਤੇ ਭੌਤਿਕ ਸਰਮਾਏ ਦੇ ਵਿਕਾਸ ਨਾਲ ਸੂਬਾ ਖੁਸ਼ਹਾਲੀ ਵੱਲ ਵਧ ਸਕਦਾ ਹੈ। ਪੰਜਾਬ ਸਰਕਾਰ ਇਸ ਬਾਬਤ ਮੌਲਿਕ ਭੂਮਿਕਾ ਨਿਭਾ ਸਕਦੀ ਹੈ। ਆਈਲੈਟਸ ਕੇਂਦਰਾਂ ਅਤੇ ਟਰੈਵਲ ਏਜੰਟਾਂ ਨੂੰ ਰੈਗੂਲੇਟਰ/ਨਿਯਮਿਤ ਕਰਨ ਦੀ ਪ੍ਰਕਿਰਿਆ ਅਤੇ ਆਰਥਿਕ ਸਮਾਜਿਕ ਵਿਕਾਸ ਦੇ ਠੋਸ ਪ੍ਰੋਗਰਾਮ ਇਸ ਕਾਰਜ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ।

***

## ਦਿਲੀਪ ਜੋਸ਼ੀ ਨੇ 'ਤਾਰਕ ਮਹਿਤਾ...'

ਵਿੱਚ ਉਨ੍ਹਾਂ ਦੀ ਪ੍ਰਸਿੱਧੀ ਪਹਿਲਾਂ ਵਾਂਗ ਹੀ ਹੈ। ਸਾਲਾਂ ਦੌਰਾਨ, ਕਈ ਅਦਾਕਾਰਾਂ ਨੇ ਸ਼ੋਅ ਨੂੰ ਅਲਵਿਦਾ ਕਹਿ ਦਿੱਤਾ ਹੈ। ਇਨ੍ਹਾਂ 'ਚੋਂ ਇੱਕ ਹੈ ਦਿਸ਼ਾ ਵਕਾਨੀ ਜੋ ਦਯਾਬੇਨ ਦੇ ਕਿਰਦਾਰ 'ਚ ਨਜ਼ਰ ਆਈ ਸੀ। ਦਿਸ਼ਾ 2017 ਵਿੱਚ ਮੈਟਰਨਿਟੀ ਬ੍ਰੇਕ ਤੋਂ ਬਾਅਦ ਸ਼ੋਅ ਵਿੱਚ ਵਾਪਸ ਨਹੀਂ ਆਈ। ਉਨ੍ਹਾਂ ਤੋਂ ਇਲਾਵਾ ਸ਼ੈਲੇਸ਼ ਲੋਢਾ, ਜੈਨੀਫਰ ਬੈਨੀਵਾਲ ਮਿਸਤਰੀ, ਰਾਜ ਅਨਦਕਟ ਵਰਗੇ ਕਲਾਕਾਰ ਵੀ ਪਿਛਲੇ ਇਕ ਸਾਲ ਦੇ ਅੰਦਰ ਹੀ ਸ਼ੋਅ ਛੱਡ ਚੁੱਕੇ ਹਨ।

***

## ਇੰਡੀਆ ਤੇ ਪੱਛਮ ਦੀ ਖਿੱਚੋਤਾਣ ਸਿੱਖਾਂ ਲਈ

ਭਾਈ ਦਲਜੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਇਸ ਵੇਲੇ ਖ਼ਿੱਤੇ ਵਿਚਲੀਆਂ ਦੋਸਤ ਤਾਕਤਾਂ ਜਿਵੇਂ ਕਿ ਦੂਸਰੀਆਂ ਕੌਮਾਂ/ਕੌਮੀਅਤਾਂ, ਐਸ.ਸੀ, ਐਸ.ਟੀ. ਭਾਈਚਾਰੇ ਅਤੇ ਸੰਘਰਸ਼ਸ਼ੀਲ ਧਿਰਾਂ ਨਾਲ ਨੇੜਤਾ ਅਤੇ ਸਹਿਯੋਗ ਵਧਾਉਣ ਦੀ ਲੋੜ ਹੈ।

ਭਾਈ ਸਤਨਾਮ ਸਿੰਘ ਖੰਡੇਵਾਲਾ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਨੇ ਕਿਹਾ ਕਿ ਇਸ ਵੇਲੇ ਦਿੱਲੀ ਦਰਬਾਰ ਸਿੱਖਾਂ ਨੂੰ ਘੇਰਨ ਅਤੇ ਦਬਾਉਣ ਵਿੱਚ ਇਸ ਲਈ ਕਾਮਯਾਬ ਹੋ ਰਿਹਾ ਹੈ ਕਿ ਸਿੱਖਾਂ ਦੀ ਤਾਕਤ ਦੇ ਕੇਂਦਰਾਂ, ਜਿਨ੍ਹਾਂ ਵਿੱਚ ਵੱਖ-ਵੱਖ ਸੰਸਥਾਵਾਂ, ਸੰਪਰਦਾਵਾਂ, ਅਦਾਰੇ, ਪਾਰਟੀਆਂ ਤੇ ਜਥੇ ਹਨ, ਨੂੰ ਸੂਤਰਬੱਧ ਕਰਨ ਵਾਲਾ ਧੁਰਾ ਇਸ ਵੇਲੇ ਕਾਇਮ ਅਤੇ ਕਾਰਜਸ਼ੀਲ ਨਹੀਂ ਹੈ। ਮੌਜੂਦਾ ਹਾਲਾਤ ਵਿੱਚ ਸਿੱਖਾਂ ਨੂੰ ਗੁਰੂ ਬਖ਼ਸ਼ੇ ਅਸਲ 'ਅਕਾਲੀ ਗੁਣਾਂ' ਵਾਲੀਆਂ ਨਿਸ਼ਕਾਮ ਸ਼ਖਸੀਅਤਾਂ ਉੱਤੇ ਅਧਾਰਤ ਇੱਕ ਜਥਾ ਉਭਾਰਨ ਦੀ ਲੋੜ ਹੈ ਜੋ ਪੰਚ ਪ੍ਰਧਾਨੀ ਅਗਵਾਈ ਅਤੇ ਗੁਰਮਤਾ ਸੰਸਥਾ ਅਨੁਸਾਰ ਸਿੱਖਾਂ ਦੀ ਤਾਕਤ ਦੇ ਵੱਖ-ਵੱਖ ਕੇਂਦਰਾਂ ਨੂੰ ਸੂਤਰਬੱਧ ਕਰੇ।

***

## ਸਿੱਖਾਂ ਦੇ ਵੱਖਵਾਦ ਬਾਰੇ ਭਾਰਤ ਦੀਆਂ

ਮਾਈਕਲ ਕੁਗਲਮੈਨ ਦਾ ਕਹਿਣਾ ਹੈ ਕਿ 9/11 ਜਿਹਾਦੀ ਹਿੰਸਕ ਹਮਲੇ ਤੋਂ ਤੁਰੰਤ ਬਾਅਦ ਦੇ ਯੁੱਗ ਵਿੱਚ, ਚੀਨ ਦੀ ਚੁਣੌਤੀ ਦਾ ਮੁਕਾਬਲਾ ਕਰਨ ਤੋਂ ਪਹਿਲਾਂ ਅਮਰੀਕਾ ਭਾਰਤ ਜਿਹਾਦ ਦੇ ਮਾਮਲੇ ਵਿੱਚ ਇੱਕ ਦੂਸਰੇ ਦੇ ਸਹਿਯੋਗੀ ਬਣ ਗਏ ਸਨ। ਭਾਰਤ ਅੱਤਵਾਦ ਵਿਰੋਧੀ ਭਾਈਵਾਲੀ ਦਾ ਉਦੋਂ ਇੱਕ ਮੁੱਖ ਕੇਂਦਰ ਬਣ ਗਿਆ ਸੀ - ਜਦੋਂ ਬੰਬਈ, ਭਾਰਤ ਵਿੱਚ ਨਵੰਬਰ 2008 ਦੇ ਹਮਲਿਆਂ ਦੌਰਾਨ ਬੰਦੂਕਧਾਰੀ ਅੱਤਵਾਦੀਆਂ ਨੇ 166 ਲੋਕਾਂ ਨੂੰ ਛੇ ਅਮਰੀਕੀਆਂ ਸਮੇਤ ਮਾਰ ਦਿੱਤਾ ਸੀ। ਅਮਰੀਕੀ ਅਤੇ ਭਾਰਤੀ ਅਧਿਕਾਰੀ ਇਸ ਹਮਲੇ ਲਈ ਲਸ਼ਕਰ-ਏ-ਤੋਇਬਾ , ਇੱਕ ਪਾਕਿਸਤਾਨ-ਪ੍ਰਾਯੋਜਿਤ ਅਤੇ ਭਾਰਤ-ਕੇਂਦ੍ਰਿਤ ਅੱਤਵਾਦੀ ਜਥੇਬੰਦੀ ਨੂੰ ਦੋਸ਼ੀ ਠਹਿਰਾਇਆ ਸੀ। ਹਮਲਿਆਂ ਤੋਂ ਬਾਅਦ, ਵਾਸ਼ਿੰਗਟਨ ਨੇ ਪਾਕਿਸਤਾਨ ਵਿੱਚ ਆਪਣੀਆਂ ਗੁਪਤ ਏਜੰਸੀਆਂ ਦੀ ਮੌਜੂਦਗੀ ਨੂੰ ਵਧਾ ਦਿੱਤਾ ਸੀ, ਅਤੇ ਇਸ ਦੀ ਮੁੱਖ ਮਨੋਰਥ ਲਸ਼ਕਰ ਬਾਰੇ ਹੋਰ ਜਾਣਕਾਰੀ ਇਕੱਠੀ ਕਰਨਾ ਸੀ। ਵਾਸ਼ਿੰਗਟਨ ਅਤੇ ਭਾਰਤ ਆਮ ਤੌਰ 'ਤੇ ਲਸ਼ਕਰ-ਏ-ਤੋਇਬਾ, ਅਲ-ਕਾਇਦਾ, ਜੈਸ਼-ਏ-ਮੁਹੰਮਦ (ਇੱਕ ਹੋਰ ਪਾਕਿਸਤਾਨੀ ਭਾਰਤ-ਕੇਂਦ੍ਰਿਤ ਜਥੇਬੰਦੀ) ਅਤੇ ਖਤਰਨਾਕ ਅੱਤਵਾਦੀ ਜਥੇਬੰਦੀ ਇਸਲਾਮਿਕ ਸਟੇਟ ਦੁਆਰਾ ਦਿੱਤੀਆਂ ਗਈਆਂ ਧਮਕੀਆਂ 'ਤੇ ਨਜ਼ਰ ਰੱਖਦੇ ਹਨ। ਸੀਨੀਅਰ ਅਮਰੀਕੀ ਅਤੇ ਭਾਰਤੀ ਨੇਤਾਵਾਂ ਵਿਚਕਾਰ ਮੀਟਿੰਗਾਂ ਦੇ ਸਾਂਝੇ ਬਿਆਨ - ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੂਨ ਵਿੱਚ ਵਾਸ਼ਿੰਗਟਨ ਦੀ ਰਾਜ ਫੇਰੀ ਤੋਂ ਬਾਅਦ ਹਰੇਕ ਮਿਲਣੀ ਵਿੱਚ ਅਕਸਰ ਅੱਤਵਾਦ ਦਾ ਮੁਕਾਬਲਾ ਕਰਨ ਦੇ ਮਜ਼ਬੂਤ ਵਾਅਦੇ ਹੁੰਦੇ ਸਨ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 23 ਜੂਨ ਨੂੰ ਵਾਸ਼ਿੰਗਟਨ, ਡੀ.ਸੀ. ਵਿੱਚ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਵਿਦੇਸ਼ ਸਕੱਤਰ ਐਂਟਨੀ ਬਲਿੰਕਨ ਦੁਆਰਾ ਆਯੋਜਿਤ ਦੁਪਹਿਰ ਦੇ ਖਾਣੇ ਵਿੱਚ ਸ਼ਾਮਲ ਹੋਏ ਸਨ।

ਮਾਈਕਲ ਕੁਗਲਮੈਨ ਦਾ ਕਹਿਣਾ ਹੈ ਕਿ ਹਾਲਾਂਕਿ, ਅਮਰੀਕਾ ਅਤੇ ਹੋਰ ਪੱਛਮੀ ਅਧਿਕਾਰੀਆਂ ਨੇ ਸਿੱਖ ਵੱਖਵਾਦ ਦੀ ਸਪੱਸ਼ਟ ਤੌਰ 'ਤੇ ਨਿੰਦਾ ਨਹੀਂ ਕੀਤੀ ਹੈ। ਅਮਰੀਕੀ ਅਧਿਕਾਰੀਆਂ ਅਤੇ ਸੰਸਦ ਮੈਂਬਰਾਂ ਨੇ ਇਸ ਸਾਲ ਦੇ ਸ਼ੁਰੂ ਵਿੱਚ ਸਾਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ ਵਿੱਚ ਖਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਦੀਆਂ ਦੋ ਕਾਰਵਾਈਆਂ ਦੀ ਨਿੰਦਾ ਕੀਤੀ ਸੀ। ਇੱਕ ਜੁਲਾਈ ਵਿੱਚ ਖ਼ਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਵੱਲੋਂ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਸੀ। ਦੂਜਾ ਮਾਰਚ ਵਿੱਚ ਸੀ, ਜਦੋਂ ਖ਼ਾਲਿਸਤਾਨੀਆਂ ਪ੍ਰਦਰਸ਼ਨਕਾਰੀਆਂ ਨੇ ਦਾਖ਼ਲੇ ਦੀਆਂ ਰੁਕਾਵਟਾਂ ਦੀ ਉਲੰਘਣਾ ਕੀਤੀ ਅਤੇ ਕੌਂਸਲੇਟ ਦੇ ਮੈਦਾਨ ਵਿੱਚ ਦੋ ਖ਼ਾਲਿਸਤਾਨੀ ਝੰਡੇ ਲਗਾਏ ਪਰ ਅਮਰੀਕਾ ਨੇ ਭਾਰਤ ਵੱਲੋਂ ਨਿੱਝਰ ਨੂੰ ਖਾੜਕੂ ਵਜੋਂ ਸ਼੍ਰੇਣੀਬੱਧ ਕਰਨ ਦਾ ਸਮਰਥਨ ਨਹੀਂ ਕੀਤਾ ਹੈ (ਭਾਰਤੀ ਪ੍ਰੈਸ ਰਿਪੋਰਟਾਂ ਦਾ ਦਾਅਵਾ ਹੈ ਕਿ ਨਿੱਝਰ ਯੂਐਸ ਦੀ ਨੋ-ਫਲਾਈ ਸੂਚੀ ਵਿੱਚ ਸੀ, ਪਰ ਵਾਸ਼ਿੰਗਟਨ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ)। ਵਾਸ਼ਿੰਗਟਨ ਨੇ ਰਸਮੀ ਤੌਰ 'ਤੇ ਕਿਸੇ ਵੀ ਖਾੜਕੂ ਖ਼ਾਲਿਸਤਾਨੀ ਜਥੇਬੰਦੀ ਨੂੰ ਖਾੜਕੂ ਸੰਗਠਨਾਂ ਵਜੋਂ ਨਾਮਜ਼ਦ ਨਹੀਂ ਕੀਤਾ ਹੈ - ਹਾਲਾਂਕਿ ਇਸ ਨੇ 2019 ਵਿੱਚ ਪਾਕਿਸਤਾਨ ਵਿੱਚ ਇੱਕ ਹੋਰ ਦੱਖਣੀ ਏਸ਼ੀਆਈ ਵੱਖਵਾਦੀ ਸੰਗਠਨ, ਬਲੋਚਿਸਤਾਨ ਲਿਬਰੇਸ਼ਨ ਆਰਮੀ ਨੂੰ ਅੱਤਵਾਦੀ ਜਥੇਬੰਦੀ ਵਜੋਂ ਨਾਮਜ਼ਦ ਕੀਤਾ ਸੀ।

ਮਾਈਕਲ ਕੁਗਲਮੈਨ ਇਹਨਾਂ ਕਾਰਨਾਂ ਦਾ ਤਰਕ ਦਿੰਦਾ ਹੋਇਆ ਆਖਦਾ ਹੈ ਕਿ ਸਿੱਖ ਵੱਖਵਾਦ ਦੇ ਖ਼ਤਰਿਆਂ ਬਾਰੇ ਭਾਰਤ ਦੀਆਂ ਚਿਤਾਵਨੀਆਂ ਦਾ ਪੱਛਮੀ ਸਰਕਾਰਾਂ ਉਪਰ ਅਸਰ ਇਸ ਲਈ ਨਹੀਂ ਹੈ ਕਿ ਖ਼ਾਲਿਸਤਾਨੀ ਲਹਿਰ, ਇਸਲਾਮੀ ਅੱਤਵਾਦ ਦੇ ਉਲਟ, ਪੱਛਮੀ ਦੇਸ਼ਾਂ ਲਈ ਕੋਈ ਖਤਰਾ ਪੈਦਾ ਨਹੀਂ ਕਰਦੀ। ਇਸ ਦੀ ਹਿੰਸਾ ਮੁੱਖ ਤੌਰ 'ਤੇ ਭਾਰਤ ਨੂੰ ਨਿਸ਼ਾਨਾ ਬਣਾਉਂਦੀ ਹੈ। ਹਾਲਾਂਕਿ ਇਸ ਦੇ ਸਮਰਥਕਾਂ ਨੇ ਪੱਛਮ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਧਮਕਾਇਆ ਸੀ ਅਤੇ 1985 ਵਿੱਚ ਸਿੱਖ ਖਾੜਕੂਆਂ ਉਪਰ ਦੋਸ਼ ਲਗੇ ਸਨ ਕਿ ਉਨ੍ਹਾਂ ਨੇ ਮਾਂਟਰੀਅਲ ਤੋਂ ਉਡਾਣ ਭਰਨ ਵਾਲੇ ਏਅਰ ਇੰਡੀਆ ਦੇ ਇੱਕ ਜਹਾਜ਼ ਨੂੰ ਉਡਾ ਦਿੱਤਾ ਸੀ, ਜਿਸ ਵਿੱਚ ਸਾਰੇ ਕੈਨੇਡੀਅਨ ਮਾਰੇ ਗਏ ਸਨ।

ਇਸ ਤੋਂ ਇਲਾਵਾ, ਸਿੱਖ ਵੱਖਵਾਦੀ ਹਿੰਸਾ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਗਿਰਾਵਟ ਆਈ ਹੈ, ਇਸ ਨੂੰ ਪੱਛਮ ਵਿੱਚ ਸੁਰਖ਼ੀਆਂ ਤੋਂ ਬਾਹਰ ਰਖਿਆ ਹੋਇਆ ਹੈ। 1980 ਅਤੇ 1990 ਦੇ ਦਹਾਕੇ ਵਿੱਚ ਭਾਰਤ ਵਿੱਚ ਖ਼ਾਲਿਸਤਾਨੀ ਬਗਾਵਤ ਹੋਈ ਸੀ। ਉਸ ਸਮੇਂ, ਅਸਲ ਵਿੱਚ, ਯੂਐਸ ਅਧਿਕਾਰੀ ਇਸ ਬਾਰੇ ਕਾਫ਼ੀ ਚਿੰਤਤ ਸਨ। 1987 ਵਿੱਚ ਪ੍ਰਕਾਸ਼ਿਤ ਇੱਕ ਗੈਰ-ਕਲਾਸਫੀਡ ਸੀਆਈਏ ਮੀਮੋ ਵਿੱਚ ਸਿੱਖ ਕੱਟੜਪੰਥੀ ਨੂੰ ਲੰਬੇ ਸਮੇਂ ਦੇ ਖਾੜਕੂਵਾਦ ਦੇ ਖ਼ਤਰੇ ਵਜੋਂ ਦਰਸਾਇਆ ਗਿਆ ਸੀ। ਤਿੰਨ ਸਾਲ ਪਹਿਲਾਂ, ਕੱਟੜਪੰਥੀ ਖ਼ਾਲਿਸਤਾਨ ਸਮਰਥਕਾਂ ਨੇ ਅੰਮ੍ਰਿਤਸਰ, ਭਾਰਤ ਵਿੱਚ ਧਾਰਮਿਕ ਅਸਥਾਨ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਸੀ, ਜਿਸ ਨੂੰ ਕੰਟਰੋਲ ਕਰਨ ਲਈ ਫੌਜੀ ਹਮਲਾ ਕੀਤਾ ਗਿਆ ਸੀ। ਇਸ ਖੂਨੀ ਸਰਕਾਰੀ ਕਾਰਵਾਈ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਦੋ ਸਿੱਖ ਅੰਗ ਰੱਖਿਅਕਾਂ ਨੇ ਉਸ ਦੀ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਫਿਰਕੂ ਭੀੜਾਂ ਵੱਲੋਂ ਸਿੱਖਾਂ ਉਪਰ ਹਮਲੇ ਕੀਤੇ ਗਏ ਸਨ ਅਤੇ ਧਾਰਮਿਕ ਹਿੰਸਾ ਨੂੰ ਭੜਕਾਇਆ ਗਿਆ ਸੀ। ਇਹ ਘਲੂਘਾਰਾ ਉਸ ਸਮੇਂ, 1947 ਦੀ ਭਾਰਤ ਪਾਕਿ ਵੰਡ ਤੋਂ ਬਾਅਦ ਸਭ ਤੋਂ ਭੈੜਾ ਤੇ ਖਤਰਨਾਕ ਵਰਤਾਰਾ ਸੀ। ਭਾਰਤੀ ਇਨ੍ਹਾਂ ਦੁਖਦਾਈ ਘਟਨਾਵਾਂ ਨੂੰ ਨਹੀਂ ਭੁੱਲੇ ਹਨ, ਪਰ ਪੱਛਮ ਦੇ ਬਹੁਤ ਸਾਰੇ ਲੋਕ, ਖਾਸ ਕਰਕੇ ਕੈਨੇਡਾ ਤੋਂ ਬਾਹਰ, ਇਨ੍ਹਾਂ ਤੋਂ ਜਾਣੂ ਵੀ ਨਹੀਂ ਹਨ।

ਮਾਈਕਲ ਕੁਗਲਮੈਨ ਆਖਦਾ ਹੈ ਕਿ ਲੋਕਤੰਤਰ ਪੱਛਮ ਦੇ ਸੰਜਮ ਨੂੰ ਵੀ ਚਲਾਉਂਦਾ ਹੈ। ਭਾਰਤ ਦਾ ਮੰਨਣਾ ਹੈ ਕਿ ਬਹੁਤ ਸਾਰੇ ਖ਼ਤਰਨਾਕ ਸਿੱਖ ਵੱਖਵਾਦੀ ਪੱਛਮੀ ਦੇਸ਼ਾਂ - ਕੈਨੇਡਾ, ਗ੍ਰੇਟ ਬ੍ਰਿਟੇਨ, ਆਸਟ੍ਰੇਲੀਆ ਅਤੇ ਅਮਰੀਕਾ ਵਿੱਚ ਸਥਿਤ ਹਨ। ਇਹ ਦੇਸ ਫਾਈਵ ਆਈਜ਼ ਖ਼ੁਫ਼ੀਆ-ਸ਼ੇਅਰਿੰਗ ਗਠਜੋੜ ਦੇ ਸਾਰੇ ਮੈਂਬਰ ਹਨ। ਪਰ ਇਹ ਦੇਸ਼ ਲੋਕਤਾਂਤਰਿਕ ਸਿਧਾਂਤਾਂ ਨੂੰ ਬਰਕਰਾਰ ਰੱਖਦੇ ਹਨ ਜੋ ਅਹਿੰਸਾਵਾਦੀ ਸਿੱਖ ਕਾਰਕੁਨਾਂ ਨੂੰ ਇਕੱਠੇ ਹੋਣ ਅਤੇ ਪ੍ਰਦਰਸ਼ਨ ਕਰਨ ਲਈ ਥਾਂ ਦਿੰਦੇ ਹਨ। ਪੱਛਮੀ ਦੇਸ਼ ਅਜਿਹੀਆਂ ਨੀਤੀਆਂ ਦੀ ਸ਼ੁਰੂਆਤ ਨਹੀਂ ਕਰਨਾ ਚਾਹੁੰਦੇ ਜੋ ਹਿੰਸਕ ਸਿੱਖ ਵੱਖਵਾਦੀਆਂ ਤੇ ਬਹੁਤ ਵੱਡੀ ਗਿਣਤੀ ਦੇ ਅਹਿੰਸਾਵਾਦੀ ਸਿੱਖ ਭਾਈਚਾਰੇ ਜੋ ਕਿ ਵੱਖਰੇ ਸਿੱਖ ਰਾਜ ਦੀ ਮੰਗ ਨਾਲ ਸਹਿਮਤ ਹਨ, ਨਾਲ ਮਿਲਾਕੇ ਖਤਰਾ ਮੁੱਲ ਲੈ ਸਕਣ ਤੇ ਲੋਕਤੰਤਰਿਕ ਕੀਮਤਾਂ ਦੇ ਉਲਟ ਭੁਗਤਣ।

ਮਾਈਕਲ ਕੁਗਲਮੈਨ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ, ਅਮਰੀਕਾ ਤੋਂ ਭਾਰਤ ਉਮੀਦ ਕਰ ਸਕਦਾ ਹੈ ਕਿ ਪੱਛਮੀ ਧਰਤੀ ਤੋਂ ਵੱਧ ਰਹੇ ਭਾਰਤ ਵਿੱਚ ਖਾਲਿਸਤਾਨੀ ਖ਼ਤਰੇ ਬਾਰੇ ਸੁਚੇਤ ਹੋਵੇਗਾ ਤੇ ਅਮਰੀਕਾ ਅਤੇ ਇਸ ਦੇ ਫਾਈਵ ਆਈਜ਼ ਦੇ ਸਹਿਯੋਗੀਆਂ ਨੂੰ ਇਸ ਦਾ ਮੁਕਾਬਲਾ ਕਰਨ ਲਈ ਹੋਰ ਕੁਝ ਕਰਨ ਦੀ ਲੋੜ ਹੈ। ਇਹ ਇੱਕ ਨਾਜ਼ੁਕ ਗੱਲਬਾਤ ਹੋਵੇਗੀ। ਇਸ ਵਿੱਚ ਅਮਰੀਕਾ ਭਾਰਤ ਨਾਲ ਗੱਲਬਾਤ ਦੌਰਾਨ ਅਮਰੀਕਾ ਵਿੱਚ ਸਿੱਖ ਨਾਗਰਿਕਾਂ ਦੇ ਖਤਰਿਆਂ ਬਾਰੇ ਮਾਮਲਾ ਉਠਾ ਸਕਦਾ ਹੈ। ਅਮਰੀਕਾ ਹੁਣ ਭਾਰਤ ਨੂੰ ਚੀਨੀ ਸ਼ਕਤੀ ਦੇ ਵਿਰੁੱਧ ਇੱਕ ਨਾਜ਼ੁਕ ਜਵਾਬਦੇਹ ਵਜੋਂ ਦੇਖ ਰਿਹਾ ਹੈ। ਫਿਰ ਵੀ, ਅੱਜ ਖ਼ਾਲਿਸਤਾਨ ਬਾਰੇ ਅਮਰੀਕਾ ਅਤੇ ਭਾਰਤ ਦੇ ਵੱਖੋ-ਵੱਖਰੇ ਰੁਖ ਇੱਕ ਗੰਭੀਰ ਯਾਦ ਦਿਵਾਉਂਦੇ ਹਨ ਕਿ ਇੱਕ ਹੋਰ ਡੂੰਘੀ ਸਾਂਝੇਦਾਰੀ ਵਿੱਚ ਵੀ, ਕੁਝ ਇਤਿਹਾਸਕ ਮੁੱਦੇ ਅਜੇ ਵੀ ਲਟਕੇ ਹੋਏ ਹਨ।

***

## ਭਾਜਪਾ ਗਠਜੋੜ 'ਚ ਲਗਭਗ ਗ਼ੈਰ-ਮਹੱਤਵਪੂਰਨ

ਇਸ ਗੱਠਜੋੜ ਤੋਂ ਬਾਹਰ ਖੜ੍ਹੀਆਂ ਦੋ ਵੱਡੀਆਂ ਖੇਤਰੀ ਸ਼ਕਤੀਆਂ (ਵਾਈ.ਐਸ.ਆਰ. ਕਾਂਗਰਸ ਅਤੇ ਬੀਜੂ ਜਨਤਾ ਦਲ) ਵੀ ਅਖ਼ੀਰ ਵਿੱਚ ਭਾਜਪਾ ਦੇ ਖ਼ਿਲਾਫ਼ ਹੀ ਚੋਣ ਲੜਨਗੀਆਂ। ਭਾਵ, ਉਸ ਸਮੇਂ ਦੇਸ਼ ਦਾ ਸੰਘਵਾਦ ਭਾਜਪਾ ਦੇ ਨਾਲ ਸੀ, ਅੱਜ ਉਹ ਉਸੇ ਸੰਘਵਾਦ ਨਾਲ ਜੂਝ ਰਹੀ ਹੈ। ਇੱਕ ਹਰਮਨ-ਪਿਆਰਾ ਚਿਹਰਾ ਹੋਣਾ ਅਤੇ ਕੋਈ ਖ਼ਾਸ 'ਐਂਟੀਇਨਕੁਬੈਂਸੀ' (ਸੱਤਾ ਵਿਰੋਧੀ ਭਾਵਨਾ) ਨਾ ਹੋਣਾ ਅੱਜ ਦੀ ਸੱਤਾਧਾਰੀ ਪਾਰਟੀ ਦੀ ਵੱਡੀ ਸ਼ਕਤੀ ਸਮਝੀ ਜਾ ਰਹੀ ਹੈ। ਸਹੀ ਵੀ ਹੈ। ਨੇਤਾ ਦੇ ਰੂਪ 'ਚ ਵਿਅਕਤੀ ਦੀ ਹਾਜ਼ਰੀ ਹੋਣ 'ਤੇ ਵੋਟਰਾਂ ਨੂੰ, ਉਸ ਨੂੰ ਸਮਝਣ, ਸਵੀਕਾਰ ਕਰਨ ਜਾਂ ਖ਼ਾਰਜ ਕਰਨ ਦਾ ਫ਼ੈਸਲਾ ਲੈਣ 'ਚ ਸੌਖ ਹੁੰਦੀ ਹੈ। ਜੇਕਰ ਵਿਅਕਤੀ ਸਾਹਮਣੇ ਨਾ ਹੋਵੇ ਤਾਂ ਵੋਟਰ ਨੂੰ ਮੋਰਚਾ ਜਾਂ ਗੱਠਜੋੜ ਕੁਝ-ਕੁਝ ਅਮੂਰਤ ਜਿਹਾ ਲਗਦਾ ਹੈ। 'ਇੰਡੀਆ' ਇਸ ਸਮੱਸਿਆ ਦਾ ਹੱਲ ਉਦੋਂ ਕਰ ਸਕਦਾ ਹੈ, ਜਦੋਂ ਉਹ ਆਉਣ ਵਾਲੇ ਚਾਰ-ਪੰਜ ਮਹੀਨਿਆਂ 'ਚ ਧੂੰਆਂਧਾਰ ਪ੍ਰਚਾਰ ਮੁਹਿੰਮ ਚਲਾਏ, ਵੋਟਰਾਂ 'ਚ ਆਪਣੀ ਹੋਂਦ ਨੂੰ ਪ੍ਰਮਾਣਿਤ ਕਰਕੇ ਦਿਖਾਏ ਅਤੇ ਭਾਜਪਾ ਨੂੰ ਵੋਟ ਨਾ ਦੇਣ ਵਾਲੇ ਵੋਟਰਾਂ ਨੂੰ ਲੱਗਣ ਲੱਗੇ ਕਿ ਉਹ ਗ਼ੈਰ-ਭਾਜਪਾ ਉਮੀਦਵਾਰ ਨੂੰ ਸਰਕਾਰ ਬਣਾਉਣ ਲਈ ਸਮਰਥਨ ਦੇ ਰਹੇ ਹਨ। ਜੇਕਰ ਅਜਿਹੀ ਪ੍ਰਚਾਰ ਮੁਹਿੰਮ ਨਾ ਚਲਾਈ ਜਾ ਸਕੀ ਤਾਂ 'ਇੰਡੀਆ' ਲਈ ਦੱਖਣ ਭਾਰਤ ਤੋਂ ਬਾਹਰ ਲੋਕ ਸਭਾ ਚੋਣਾਂ ਦੇ ਸੰਦਰਭ 'ਚ ਮੋਦੀ ਅਤੇ ਭਾਜਪਾ ਨੂੰ ਵੱਡੀ ਚੁਣੌਤੀ ਦੇਣਾ ਮੁਸ਼ਕਿਲ ਹੋ ਜਾਵੇਗਾ। ਪਰ ਇਨ੍ਹਾਂ ਦਰਪੇਸ਼ ਕਮਜ਼ੋਰੀਆਂ ਦੇ ਬਾਵਜੂਦ 'ਇੰਡੀਆ' ਗਠਜੋੜ ਵਿੱਚ ਸੱਤਾਧਾਰੀ ਪਾਰਟੀ ਦੇ ਮਨ 'ਚ ਕੁਝ ਗੰਭੀਰ ਸ਼ੰਕੇ ਅਤੇ ਬੇਚੈਨੀਆਂ ਪੈਦਾ ਕਰਨ ਦੀ ਸਮਰੱਥਾ ਹੈ। ਇਸ ਦਾ ਕਾਰਨ ਹੈ ਭਾਜਪਾ ਅਤੇ ਮੋਦੀ ਦੇ ਅਜੋਕੇ ਬਹੁਮਤ ਦੀ ਪ੍ਰਕ੍ਰਿਤੀ।

ਟੀ.ਵੀ. 'ਤੇ ਭਾਜਪਾ ਬੁਲਾਰਿਆਂ ਵੱਲੋਂ ਇਸ ਨੂੰ 'ਪ੍ਰਚੰਡ ਬਹੁਮਤ' ਜਾਂ 'ਪੂਰਨ ਬਹੁਮਤ' ਦੀ ਸੰਗਿਆ ਦਿੱਤੀ ਜਾਂਦੀ ਹੈ ਪਰ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਭਾਜਪਾ ਸਰਕਾਰ ਨੂੰ ਪ੍ਰਾਪਤ ਬਹੁਮਤ, ਬਹੁਮਤ ਨਾਲੋਂ ਸਿਰਫ਼ 31 ਸੀਟਾਂ ਵੱਧ ਅਤੇ ਕੁਲ ਜਮ੍ਹਾਂ 37 ਫ਼ੀਸਦੀ ਤੋਂ ਕੁਝ ਹੀ ਜ਼ਿਆਦਾ ਵੋਟਾਂ 'ਤੇ ਅਧਾਰਤ ਬਹੁਮਤ ਹੈ। ਦੂਸਰਾ, ਭਾਜਪਾ ਦੀਆਂ 303 ਸੀਟਾਂ ਅਤੇ ਵੋਟਾਂ ਦਾ ਪ੍ਰਤੀਸ਼ਤ ਉਸ ਦੇ ਪ੍ਰਭਾਵ ਖੇਤਰ 'ਚ ਲਗਭਗ ਸੌ ਫ਼ੀਸਦੀ ਨਤੀਜੇ ਕੱਢਣ 'ਤੇ ਆਧਾਰਿਤ ਹੈ। ਭਾਵ ਭਾਜਪਾ ਨੇ 2019 'ਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਕਰਨਾਟਕ, ਰਾਜਸਥਾਨ, ਛੱਤੀਸਗੜ੍ਹ, ਹਰਿਆਣਾ, ਦਿੱਲੀ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵਰਗੇ ਦਸ ਸੂਬਿਆਂ ਦੀਆਂ 225 ਸੀਟਾਂ 'ਚੋਂ 190 'ਤੇ ਜਿੱਤ ਹਾਸਿਲ ਕੀਤੀ ਸੀ। ਉੱਤਰ ਪ੍ਰਦੇਸ਼ ਨੂੰ ਛੱਡ ਕੇ ਬਾਕੀ ਸਾਰੀਆਂ ਥਾਂਵਾਂ ਉਸ ਦਾ ਸਟ੍ਰਾਈਕ ਰੇਟ ਕਰੀਬ ਸੌ ਫ਼ੀਸਦੀ ਸੀ। ਜੇਕਰ ਵਿਰੋਧੀ ਏਕਤਾ ਕਾਰਨ ਭਾਜਪਾ ਨੇ ਇਨ੍ਹਾਂ ਸੂਬਿਆਂ 'ਚ ਤਿੰਨ-ਤਿੰਨ, ਚਾਰ-ਚਾਰ ਸੀਟਾਂ ਵੀ ਗੁਆ ਦਿੱਤੀਆਂ ਤਾਂ ਉਹ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਬਹੁਮਤ ਤੋਂ ਹੇਠਾਂ ਆ ਜਾਵੇਗੀ। ਉਸ ਨੂੰ ਦੁਬਾਰਾ ਸੌ ਫ਼ੀਸਦੀ ਪ੍ਰਦਰਸ਼ਨ ਦੀ ਗਾਰੰਟੀ ਕਰਨੀ ਹੋਵੇਗੀ, ਜੋ ਕਿ ਬਹੁਤ ਮੁਸ਼ਕਿਲ ਕੰਮ ਹੈ। ਪਿਛਲੀ ਵਾਰ ਭਾਜਪਾ ਕੋਲ ਬਿਹਾਰ ਅਤੇ ਮਹਾਰਾਸ਼ਟਰ ਵਿੱਚ ਮਜ਼ਬੂਤ ਖੇਤਰੀ ਸ਼ਕਤੀਆਂ ਸਨ, ਜੋ ਇਸ ਵਾਰ ਉਸ ਦੇ ਖ਼ਿਲਾਫ਼ ਖੜ੍ਹੀਆਂ ਹਨ। ਇਨ੍ਹਾਂ ਸੂਬਿਆਂ ਵਿੱਚ ਵੀ ਉਹ ਸ਼ੰਕਾਵਾਂ ਦਾ ਸ਼ਿਕਾਰ ਹੈ। ਇਸੇ ਤਰ੍ਹਾਂ ਬੰਗਾਲ ਵਿੱਚ ਉਸ ਨੇ 18 ਸੀਟਾਂ ਜਿੱਤ ਲਈਆਂ ਸਨ, ਪਰ ਇਸ ਵਾਰ ਮਮਤਾ ਬੈਨਰਜੀ ਉਸ ਨੂੰ ਸ਼ਾਇਦ ਹੀ ਪੁਰਾਣਾ ਪ੍ਰਦਰਸ਼ਨ ਦੁਹਰਾਉਣ ਦੇਵੇ। ਇਨ੍ਹਾਂ ਸੰਭਾਵਨਾਵਾਂ ਦੇ ਬਾਵਜੂਦ ਭਾਜਪਾ ਸਰਕਾਰ ਬਣਾ ਸਕਦੀ ਹੈ, ਪਰ ਜੇਕਰ ਉਹ 2019 ਨਾ ਦੁਹਰਾ ਸਕੀ ਤਾਂ ਉਸ ਦੇ ਬਹੁਮਤ ਦੀ ਪ੍ਰਕ੍ਰਿਤੀ ਤਾਂ ਬਦਲੇਗੀ ਹੀ, ਉਸ ਦੀ ਸਰਕਾਰ ਦੀ ਪ੍ਰਕ੍ਰਿਤੀ ਵੀ ਬਦਲ ਜਾਵੇਗੀ। ਉਸ ਸੂਰਤ ਵਿਚ ਭਾਜਪਾ ਨੂੰ ਕੋਈ ਦੂਜਾ ਨੇਤਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਤਿਆਰ ਕਰਨਾ ਪਵੇਗਾ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਭਾਜਪਾ ਨਵੀਆਂ ਹਾਲਤਾਂ ਵਿਚ 2019 ਨੂੰ ਦੁਹਰਾਉਣ ਤੋਂ ਵੀ ਪਰ੍ਹੇ ਜਾ ਸਕਦੀ ਹੈ। ਉਸ ਸੂਰਤ 'ਚ 2024 ਤੋਂ 2029 ਦੌਰਾਨ ਵਿਰੋਧੀ ਧਿਰ ਦੀ ਹਾਜ਼ਰੀ ਸਿਰਫ਼ ਰਸਮੀ ਰਹਿ ਜਾਵੇਗੀ।

***

## ਮੌਜੂਦਾ ਭਾਰਤੀ ਰਾਜਸੀ ਵਿਵਸਥਾ ਨੇ

ਮੁਹੰਮਦ ਈਸਾਰ ਨੂੰ ਪਹਿਲਾਂ ਇੱਕ ਭਗਵਾਂ ਕੱਪੜੇ ਰਾਹੀਂ ਖੰਭੇ ਨਾਲ ਬੰਨ੍ਹਿਆ ਗਿਆ ਤੇ ਫਿਰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਇਹ ਉਹੀ ਇਲਾਕਾ ਹੈ ਜਿੱਥੇ 2020 ਵਿੱਚ ਦੰਗਿਆਂ ਦੌਰਾਨ 53 ਵਿਅਕਤੀ ਮਾਰੇ ਗਏ ਸਨ। ਇਨ੍ਹਾਂ ਵਿੱਚ ਸਭ ਤੋਂ ਵੱਧ ਮੁਸਲਮਾਨ ਸਨ । ਪੁਲਿਸ ਨੇ ਦੋਸ਼ੀ ਬਣਾ ਕੇ ਗ੍ਰਿਫ਼ਤਾਰ ਵੀ ਮੁਸਲਮਾਨਾਂ ਨੂੰ ਕੀਤਾ ਸੀ ।

ਇੱਕ ਵਿਅਕਤੀ ਨੂੰ ਇਸ ਤਰ੍ਹਾਂ ਕੁੱਟ ਕੁੱਟ ਕੇ ਮਾਰ ਦੇਣਾ ਸਮਾਜ ਵਿੱਚ ਸੰਵੇਦਨਹੀਣਤਾ ਦੇ ਪਸਾਰ ਦੀ ਨਿਸ਼ਾਨਦੇਹੀ ਹੈ । ਕੁੱਟਮਾਰ ਕਰਨ ਵਾਲੀ ਫਿਰਕੂ ਭੀੜ ਲਈ ਉਹ ਮਨੁੱਖ ਨਹੀਂ, ਮੁਸਲਮਾਨ ਸੀ। ਉਸ ਦਾ ਮਾਰਿਆ ਜਾਣਾ ਹਿੰਦੂ ਰਾਸ਼ਟਰਵਾਦੀ ਸਿਆਸਤ ਦੀ ਜ਼ਰੂਰਤ ਸੀ। ਇਹ ਸਭ ਘਟਨਾਵਾਂ ਦੱਸਦੀਆਂ ਹਨ ਕਿ ਫਿਰਕੂ ਫਾਸ਼ੀਵਾਦੀ ਸਿਆਸਤ ਨੇ ਭਾਰਤ ਨੂੰ ਜੰਗਲ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ।

***

## ਭਾਰਤੀ ਖੇਡ ਜਗਤ ਦਾ ਵੱਡਾ ਦੁਖਾਂਤ

ਦਿੱਤੇ ਜਾਣ ਵਾਲੇ ਸਰਬੋਤਮ ਐਵਾਰਡ ਅਰਜਨ ਐਵਾਰਡ ਲਾਈਫ ਆਫ ਅਚੀਵਮੈਂਟ ਉਸ ਸਮੇਂ ਦੇ ਕੇ ਨਿਵਾਜਿਆ ਗਿਆ ਜਦੋਂ ਉਹ ਜ਼ਿੰਦਗੀ ਤੇ ਮੌਤ ਨਾਲ ਸੰਘਰਸ਼ ਕਰ ਰਿਹਾ ਸੀ। ਸਰਕਾਰਾਂ ਵੱਲੋਂ ਖਿਡਾਰੀਆਂ ਨੂੰ ਅਣਗੌਲਿਆਂ ਕਰਨਾ ਭਾਰਤੀ ਖੇਡ ਜਗਤ ਦਾ ਸਭ ਤੋਂ ਵੱਡਾ ਦੁਖਾਂਤ ਹੈ। ਮੌਜੂਦਾ ਆਪ ਸਰਕਾਰ ਨੇ ਵੀ ਆਪਣੇ ਇਕ ਵਰ੍ਹੇ ਦੇ ਕਾਰਜਕਾਲ ਦੌਰਾਨ ਪੁਰਾਣੇ ਕੌਮਾਂਤਰੀ ਖਿਡਾਰੀਆਂ ਦੀ ਸਾਰ ਨਹੀਂ ਲਈ।

ਭਾਰਤ ਦੇ ਏਸ਼ੀਆਈ ਚੈਂਪੀਅਨ ਬਲਕਾਰ ਸਿੰਘ ਨੂੰ ਖੰਡ ਮਿਲ ਜ਼ੀਰਾ ਵਿਖੇ ਨੌਕਰੀ ਕਰਨ ਲਈ ਮਜਬੂਰ ਹੋਣਾ ਪਿਆ। ਇਸੇ ਤਰ੍ਹਾਂ ਮਨੀਲਾ ਦੀਆਂ ਏਸ਼ਿਆਈ ਖੇਡਾਂ ਵਿਚੋਂ 800 ਮੀਟਰ ਦੌੜ ਵਿਚੋਂ ਚਾਂਦੀ ਦਾ ਤਗਮਾ ਜਿੱਤਣ ਵਾਲੇ ਸੋਹਣ ਸਿੰਘ ਨੂੰ ਆਪਣੇ ਆਖ਼ਰੀ ਦਿਨਾਂ ਵਿੱਚ ਆਪਣੀ ਰੋਜ਼ੀ ਰੋਟੀ ਲਈ ਜਲੰਧਰ ਦੇ ਇਕ ਸਿਨੇਮੇ ਦੇ ਗੇਟਕੀਪਰ ਦੀ ਨੌਕਰੀ ਕਰਨ ਲਈ ਮਜਬੂਰ ਹੋਣਾ ਪਿਆ। ਇੱਥੇ ਹੀ ਬੱਸ ਨਹੀਂ ਰੋਮ ਤੇ ਟੋਕੀਓ ਉਲੰਪਿਕ ਖੇਡਾਂ ਵਿੱਚ ਦੇਸ਼ ਦੀ ਪ੍ਰਤੀਨਿਧਤਾ ਕਰਨ ਵਾਲੇ ਤੇ ਚੌਥੀਆਂ ਏਸ਼ਿਆਈ ਖੇਡਾਂ ਵਿਚ ਉਡਣੇ ਸਿੱਖ ਨਾਲ 4ਗ400 ਮੀਟਰ ਦੀ ਰਿਲੇਅ ਟੀਮ ਵਿੱਚ ਦੌੜਦਿਆਂ ਸੋਨੇ ਦੇ ਤਗਮਾ ਜੇਤੂ ਮਹਾਨ ਦੌੜਾਕ ਮੱਖਣ ਸਿੰਘ ਨੂੰ ਵੀ ਆਪਣੇ ਆਖਰੀ ਦਿਨਾਂ ਵਿੱਚ ਰੋਜ਼ੀ ਰੋਟੀ ਲਈ ਟਰੱਕ ਡਰਾਈਵਰ ਬਣਨ ਲਈ ਮਜਬੂਰ ਹੋਣਾ ਪਿਆ। ਇਹੀ ਭਾਰਤੀ ਖੇਡ ਜਗਤ ਦਾ ਸਭ ਤੋਂ ਵੱਡਾ ਦੁਖਾਂਤ ਹੈ।

## 'ਜੀਵਨ ਦੇ ਰੁੱਖ' ਦੀਆਂ

ਨਹੀਂ ਹੈ ਅਤੇ ਸੰਬੰਧਿਤ ਫਾਸਿਲ ਰਿਕਾਰਡ ਵੀ ਅਧੂਰਾ ਹੈ। ਪ੍ਰੋਫੈਸਰ ਗੇਰਾਰਡੋ ਸੇਬਾਲੋਸ ਦੇ ਅਨੁਸਾਰ ਇਹ ਮਨੁੱਖੀ ਗਤੀਵਿਧੀਆਂ ਦੇ ਕਾਰਨ ਹੈ, ਜਿਵੇਂ ਕਿ ਫਸਲਾਂ ਜਾਂ ਬੁਨਿਆਦੀ ਢਾਂਚੇ ਲਈ ਹੋਰ ਜੀਵਾਂ ਦੇ ਨਿਵਾਸ ਸਥਾਨਾਂ ਦੇ ਨਾਲ-ਨਾਲ ਵੱਧ ਮੱਛੀਆਂ ਫੜਨ ਅਤੇ ਸ਼ਿਕਾਰ ਕਰਨਾ। ਇਸ ਖੋਜਕਰਤਾ ਦੇ ਤਰਕ ਅਨੁਸਾਰ, ਜੇ ਤੁਸੀਂ ਇੱਕ ਇੱਟ ਹਟਾਓਗੇ ਤਾਂ ਕੰਧ ਨਹੀਂ ਡਿੱਗੇਗੀ। ਜੇਕਰ ਤੁਸੀਂ ਹੋਰ ਇੱਟਾਂ ਹਟਾਓਗੇ ਤਾਂ ਕੰਧ ਢਹਿ ਜਾਵੇਗੀ। ਸਾਡੀ ਚਿੰਤਾ ਇਹ ਹੈ ਕਿ ਅਸੀਂ ਚੀਜ਼ਾਂ ਨੂੰ ਇੰਨੀ ਤੇਜ਼ੀ ਨਾਲ ਗੁਆ ਰਹੇ ਹਾਂ ਕਿ ਸਾਡੇ ਲਈ ਇਹ ਸਭਿਅਤਾ ਦਾ ਅੰਤ ਹੈ। ਇਹ ਵਾਪਰਨ ਦਾ ਸੰਕੇਤ ਹੈ।

ਸਾਰੇ ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਪ੍ਰਜਾਤੀਆਂ ਦੇ ਵਿਨਾਸ਼ ਦੀ ਮੌਜੂਦਾ ਦਰ ਚਿੰਤਾਜਨਕ ਹੈ, ਪਰ ਕੀ ਇਹ ਦਰ ਜੀਵ-ਵਿਗਿਆਨਕ ਪ੍ਰਜਾਤੀਆਂ ਦੇ ਛੇਵੇਂ ਸਮੂਹਿਕ ਵਿਨਾਸ਼ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ, ਜਿਵੇਂ ਕਿ ਪਿਛਲੀ ਵਾਰ ਇੱਕ ਵੱਡੇ ਉਲਕਾਪਿੰਡ ਧਰਤੀ ਨਾਲ ਟਕਰਾਏ ਸਨ ? ਕੀ ਡਾਇਨਾਸੌਰ ਧਰਤੀ ਤੋਂ ਅਲੋਪ ਹੋ ਗਏ ਸਨ ? ? ਇਹ ਅਜੇ ਵੀ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ।

ਵਿਗਿਆਨੀ ਥੋੜ੍ਹੇ ਸਮੇਂ ਦੇ ਅੰਦਰ 75 ਪ੍ਰਤੀਸ਼ਤ ਪ੍ਰਜਾਤੀਆਂ ਦੇ ਨੁਕਸਾਨ ਦੇ ਤੌਰ 'ਤੇ ਸਮੂਹਿਕ ਵਿਨਾਸ਼ ਨੂੰ ਪਰਿਭਾਸ਼ਿਤ ਕਰਦੇ ਹਨ। ਜੀਵ-ਵਿਗਿਆਨੀ ਰੌਬਰਟ ਕੌਵੀ ਇਸ 'ਇਕ-ਪਾਸੜ' ਪਰਿਭਾਸ਼ਾ ਦੀ ਵਰਤੋਂ ਕਰਦੇ ਹਨ ਅਤੇ ਕਹਿੰਦੇ ਹਨ ਕਿ ਛੇਵਾਂ ਪੁੰਜ ਵਿਨਾਸ਼ ਅਜੇ ਨਹੀਂ ਹੋਇਆ ਹੈ ਪਰ ਉਸਨੇ ਚਿਤਾਵਨੀ ਦਿੱਤੀ, ਜੇ ਅਸੀਂ ਇਹ ਮੰਨ ਲਈਏ ਕਿ ਜੀਵ-ਵਿਗਿਆਨਕ ਪ੍ਰਜਾਤੀਆਂ ਦੇ ਸਾਰੇ ਸਮੂਹ ਮੌਜੂਦਾ ਦਰ ਜਾਂ ਇਸ ਤੋਂ ਵੀ ਤੇਜ਼ੀ ਨਾਲ ਅਲੋਪ ਹੋ ਜਾਣਗੇ, ਤਾਂ ਅਸੀਂ ਨਿਸ਼ਚਤ ਤੌਰ 'ਤੇ ਕਹਿ ਸਕਦੇ ਹਾਂ ਕਿ ਇਹ ਇੱਕ ਸੰਭਾਵਿਤ ਛੇਵੇਂ ਸਮੂਹਿਕ ਵਿਨਾਸ਼ ਦੀ ਸ਼ੁਰੂਆਤ ਹੈ।

***

## ਵਾਤਾਵਰਨ ਨੂੰ ਪ੍ਰਦੂਸ਼ਣ ਤੋਂ

ਨਾਈਟ੍ਰੋਜਨ ਦੇ ਆਕਸਾਈਡ, ਕਲੋਰੀਨ, ਲੀਡ, ਅਮੋਨੀਆ, ਕੈਡਮੀਅਮ, ਧੂੜ ਆਦਿ ਮਨੁੱਖ ਦੁਆਰਾ ਬਣਾਏ ਮੁੱਖ ਹਵਾ ਪ੍ਰਦੂਸ਼ਕ ਹਨ।

**ਹਵਾ ਪ੍ਰਦੂਸ਼ਣ ਦੇ ਪ੍ਰਭਾਵ**

ਪ੍ਰਦੂਸ਼ਿਤ ਹਵਾ ਕਾਰਨ ਸੂਰਜ ਦੀ ਰੌਸ਼ਨੀ ਦੀ ਮਾਤਰਾ ਘੱਟ ਜਾਂਦੀ ਹੈ ਜੋ ਪੌਦਿਆਂ ਦੀ ਪ੍ਰਕਾਸ਼ ਸੰਸ਼ਲੇਸ਼ਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੀ ਹੈ। ਹਵਾ ਪ੍ਰਦੂਸ਼ਣ ਮਨੁੱਖੀ ਸਾਹ ਪ੍ਰਣਾਲੀ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਨਾਲ ਦਮਾ, ਬ੍ਰੌਨਕਾਈਟਸ, ਸਿਰ ਦਰਦ, ਫੇਫੜਿਆਂ ਦਾ ਕੈਂਸਰ, ਖੰਘ, ਅੱਖਾਂ ਦੀ ਜਲਣ, ਗਲੇ ਵਿੱਚ ਦਰਦ, ਨਿਮੋਨੀਆ, ਦਿਲ ਦੇ ਰੋਗ, ਉਲਟੀਆਂ ਅਤੇ ਜ਼ੁਕਾਮ ਆਦਿ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ ਜਦੋਂ ਹਵਾ ਦੇ ਪ੍ਰਦੂਸ਼ਿਤ ਖੇਤਰਾਂ ਵਿੱਚ ਮੀਂਹ ਪੈਂਦਾ ਹੈ ਤਾਂ ਮੀਂਹ ਵਿੱਚ ਕਈ ਤਰ੍ਹਾਂ ਦੀਆਂ ਗੈਸਾਂ ਅਤੇ ਜ਼ਹਿਰੀਲੇ ਪਦਾਰਥ ਘੁਲ ਕੇ ਧਰਤੀ 'ਤੇ ਆ ਜਾਂਦੇ ਹਨ, ਜਿਸ ਨੂੰ 'ਤੇਜ਼ਾਬੀ ਮੀਂਹ' ਕਿਹਾ ਜਾਂਦਾ ਹੈ।

**ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨ**

ਵਾਹਨਾਂ ਵਿੱਚ ਜੈਵਿਕ ਈਂਧਨ ਦਾ ਬਲਨ,ਫੈਕਟਰੀਆਂ ਦਾ ਧੂੰਆਂ,ਫਰਿੱਜ, ਏਅਰ ਕੰਡੀਸ਼ਨਰ ਆਦਿ ਦੁਆਰਾ ਨਿਕਲਣ ਵਾਲੀਆਂ ਗੈਸਾਂ,ਖੇਤੀਬਾੜੀ ਦੇ ਕੰਮ ਵਿੱਚ ਕੀਟਨਾਸ਼ਕਾਂ ਅਤੇ

ਐਂਟੀਬੈਕਟੀਰੀਅਲ ਦਵਾਈਆਂ ਦੀ ਵਰਤੋਂ,ਫਰਨੀਚਰ ਪੋਲਿਸ਼ ਅਤੇ ਸਪਰੇਅ ਪੇਂਟ ਵਿੱਚ ਵਰਤਿਆ ਜਾਣ ਵਾਲਾ ਘੋਲਨ ਵਾਲਾ,ਸੜਦਾ ਕੂੜਾ ਅਤੇ ਨਾਲੀਆਂ ਦੀ ਸਫ਼ਾਈ ਨਾ ਕੀਤੀ ਜਾਵੇ।

**ਹਵਾ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਉਪਾਅ**

ਉਦਯੋਗਾਂ ਦੀਆਂ ਚਿਮਨੀਆਂ ਦੀ ਉਚਾਈ ਉੱਚੀ ਹੋਣੀ ਚਾਹੀਦੀ ਹੈ। ਕੋਲੇ ਜਾਂ ਡੀਜ਼ਲ ਇੰਜਣਾਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ, ਮੋਟਰ ਵਾਹਨਾਂ ਦੇ ਕਾਰਬੋਰੇਟਰ ਨੂੰ ਸਾਫ਼ ਕਰਕੇ ਕਾਰਬਨ ਮੋਨੋਆਕਸਾਈਡ ਦੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ। ਲੀਡ ਮੁਕਤ ਪੈਟਰੋਲ ਨੂੰ ਬਾਲਣ ਵਜੋਂ ਵਰਤਿਆ ਜਾਣਾ ਚਾਹੀਦਾ ਹੈ, ਪੁਰਾਣੇ ਵਾਹਨਾਂ ਨੂੰ ਚਲਾਉਣ 'ਤੇ ਪਾਬੰਦੀ ਹੋਣੀ ਚਾਹੀਦੀ ਹੈ, ਘਰਾਂ ਵਿੱਚ ਸੂਰਜੀ ਊਰਜਾ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ, ਯੂਰੋ ਦੇ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਓਜ਼ੋਨ ਪਰਤ ਨੂੰ ਨਸ਼ਟ ਕਰਨ ਵਾਲੇ ਕਲੋਰੋਫਲੋਰੋਕਾਰਬਨ (ਫ੍ਰੀਓਨ-11 ਅਤੇ ਫ੍ਰੀਓਨ-12) ਦੇ ਉਤਪਾਦਨ ਅਤੇ ਵਰਤੋਂ ਨੂੰ ਘਟਾਇਆ ਜਾਣਾ ਚਾਹੀਦਾ ਹੈ। ਫੈਕਟਰੀਆਂ ਦੀਆਂ ਚਿਮਨੀਆਂ ਵਿੱਚ ਬੈਗ ਫਿਲਟਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।

**ਪਾਣੀ ਦਾ ਪ੍ਰਦੂਸ਼ਣ**

ਜਦੋਂ ਪਾਣੀ ਵਿੱਚ ਬਾਹਰੋਂ ਮਿਲੇ ਕੁਝ ਪਦਾਰਥ ਪਾਣੀ ਦੇ ਕੁਦਰਤੀ ਗੁਣਾਂ ਨੂੰ ਇਸ ਤਰ੍ਹਾਂ ਬਦਲ ਦਿੰਦੇ ਹਨ ਕਿ ਇਹ ਮਨੁੱਖਾਂ ਲਈ ਅਪੀਣਯੋਗ ਬਣ ਜਾਂਦਾ ਹੈ ਤਾਂ ਪਾਣੀ ਦਾ ਪ੍ਰਦੂਸ਼ਣ ਪੈਦਾ ਹੋ ਜਾਂਦਾ ਹੈ।

***

## ਸ੍ਰੀ ਗੁਰੂ ਨਾਨਕ ਜਹਾਜ਼ ਦਾ

ਸ਼ਹੀਦਾਂ ਨੂੰ ਯਾਦ ਕਰਨ ਅਤੇ ਇਤਿਹਾਸਕ ਗੁਨਾਹਾਂ ਦੀਆਂ ਮੁਆਫ਼ੀਆਂ ਮੰਗਣ ਦੇ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪ੍ਰਵਾਸੀਆਂ ਨਾਲ ਰੰਗ ਨਸਲ ਜਾਤ ਧਰਮ ਅਤੇ ਬੋਲੀ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਗੁਰੂ ਨਾਨਕ ਜਹਾਜ਼ ਦੇ 376 ਮੁਸਾਫਰਾਂ ਵਿੱਚ 337 ਸਿੱਖਾਂ ਤੋਂ ਇਲਾਵਾ 12 ਹਿੰਦੂ ਅਤੇ 27 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ -ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖਿਲਾਫ਼ ਲੜੇ।

ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦਾ ਸਾਂਝਾ ਸੰਘਰਸ਼ ਇਸ ਗੱਲ ਦਾ ਵੀ ਸੂਚਕ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਜਿਸ ਤਰੀਕੇ ਨਾਲ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ। ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖਿਲਾਫ਼ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨਾਲ ਹੋਏ ਅਨਿਆਂ ਸਬੰਧੀ ਆਵਾਜ਼ ਉਠਾਉਣਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਆਪਣੇ- ਆਪ ਵਿੱਚ ਇਹ ਦੋਗਲੀ ਨੀਤੀ ਤੋਂ ਵੱਧ ਕੁਝ ਨਹੀਂ ਹੈ। ਬੀਤੇ ਸਮੇਂ ਦੀ, ਚਿੱਟੇ ਲੋਕਾਂ ਦੀ ਧਰਤੀ ਕੈਨੇਡਾ ਅੱਜ 'ਮਨੁੱਖੀ ਹੱਕਾਂ ਦਾ ਚੈਂਪੀਅਨ' ਅਖਵਾਉਂਦਾ ਹੈ, ਪਰ ਬੀਤੇ ਸਮੇਂ ਦੀ ਬਸਤੀ ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਦੁਖਾਂਤਾਂ ਨੂੰ ਜਨਮ ਦੇ ਰਹੇ ਹਨ। ਨਵ ਬਸਤੀਵਾਦ ਦੀ ਧਾਰਨੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ 'ਚ ਸੁੱਟਿਆ ਜਾ ਰਿਹਾ ਹੈ, ਜੋ ਕਿਸੇ ਹੋਰ ਕੋਮਾਗਾਟਾਮਾਰੂ ਦੇ ਦੁਖਾਂਤ ਤੋਂ ਘੱਟ ਨਹੀਂ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ ਸਵਰਕਰ ਦੇ ਪੈਰੋਕਾਰ ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ। ਸਮੁੱਚੇ ਰੂਪ ਵਿਚ ਗੁਰੂ ਨਾਨਕ ਜਹਾਜ਼ ਦੇ ਜਿਨ੍ਹਾਂ ਮੁਸਾਫ਼ਰਾਂ ਨੇ ਜੋ ਕੁਰਬਾਨੀਆਂ ਦਿੱਤੀਆਂ ਅਤੇ ਸ਼ਹੀਦੀਆਂ ਪਾਈਆਂ, ਉਨ੍ਹਾਂ ਦਾ ਸੁਨਹਿਰੀ ਇਤਿਹਾਸ ਸਦਾ ਮਾਰਗ ਦਰਸ਼ਨ ਕਰਦਾ ਰਹੇਗਾ। ਅੰਤ ਵਿੱਚ ਕਹਿਣਾ ਚਾਹਾਂਗੇ ਕਿ 'ਗੁਰੂ ਨਾਨਕ ਜਹਾਜ਼' ਸ਼ਬਦ ਵਰਤਣ ਦੀ ਬੇਨਤੀ ਕਰਨ ਤੋਂ ਬਾਅਦ, ਜਿੱਥੇ ਅਨੇਕਾਂ ਸੱਜਣਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਹੈ ਅਤੇ ਵਾਅਦਾ ਕੀਤਾ ਹੈ ਕਿ ਅੱਗੇ ਤੋਂ 'ਗੁਰੂ ਨਾਨਕ ਜਹਾਜ਼' ਸ਼ਬਦ ਵਰਤਿਆ ਕਰਨਗੇ, ਉਥੇ ਕੁਝ ਅਜਿਹੇ ਸੱਜਣ ਵੀ ਹਨ ਜਿਨ੍ਹਾਂ ਦਾ ਇਹ ਇਤਰਾਜ਼ ਹੈ ਕਿ ਇਹ ਮੁੱਦਾ ਕਿਉਂ ਉਠਾਇਆ ਗਿਆ ? ਇਹ ਸੱਚ ਹੈ ਕਿ ਜਹਾਜ਼ ਦਾ ਨਾਮਕਰਨ 'ਗੁਰੂ ਨਾਨਕ ਜਹਾਜ਼' ਕੀਤਾ ਗਿਆ ਸੀ, 'ਗੁਰੂ ਨਾਨਕ ਜਹਾਜ਼' ਸ਼ਬਦ ਇੱਕ ਫਲਸਫਾ ਹੈ, ਜਿੱਥੇ ਗੁਰਮੁਖੀ, ਪੰਜਾਬੀ, ਗੁਰੂ ਨਾਨਕ ਵਿਚਾਰ, ਸਰਬੱਤ ਨੂੰ ਕਲਾਵੇ ਵਿੱਚ ਲੈਣ ਵਾਲੀ ਸੋਚ ਹੈ। ਇਹ ਇਤਰਾਜ਼ ਤੱਥਾਂ ਤੇ ਅਧਾਰਤ ਨਹੀਂ। ਬਾਬਾ ਗੁਰਦਿੱਤ ਸਿੰਘ ਨੇ ਜਹਾਜ਼ ਕਿਰਾਏ 'ਤੇ ਲਿਆ ਅਤੇ ਫਿਰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਵਾ ਕੇ, ਅਰਦਾਸ ਉਪਰੰਤ, ਹੁਕਮਨਾਮਾ ਲੈ ਕੇ, ਇਸ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਤੇ ਇਸ 'ਤੇ ਕਿਤਾਬ ਲਿਖੀ।

ਭਾਈ ਗੁਰਦਿੱਤ ਸਿੰਘ ਜੀ ਦੀ ਲਿਖੀ 'ਸ੍ਰੀ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਿਰਾਂ ਦੀ ਦਰਦ ਭਰੀ ਦਾਸਤਾਨ', ਭਾਈ ਰਾਜਵਿੰਦਰ ਸਿੰਘ ਰਾਹੀ ਦੀ ਲਿਖੀ ਕਿਤਾਬ ਕਾਮਾਗਾਟਾ ਮਾਰੂ ਜਹਾਜ਼ ਦਾ ਅਸਲੀ ਸੱਚ, ਸ. ਅਜਮੇਰ ਸਿੰਘ, ਡਾਕਟਰ ਪੂਰਨ ਸਿੰਘ ਗਿੱਲ ਅਤੇ ਡਾਕਟਰ ਗੰਡਾ ਸਿੰਘ ਹੁਰਾਂ ਨੇ ਵੀ ਆਪਣੀਆਂ ਕਿਤਾਬਾਂ ਵਿੱਚ ਗੁਰੂ ਨਾਨਕ ਜਹਾਜ਼ ਸ਼ਬਦ ਵਰਤਿਆ ਹੈ। ਪਰ ਖੁਦ ਨੂੰ ਅਗਾਂਹ ਵਧੂ ਅਖਵਾਉਣ ਵਾਲੇ ਲੇਖਕ ਤੇ ਸਿਆਸਤਦਾਨ ਚਾਨਣਾ ਪਾਉਣ ਕਿ ਕਿਹੜੀ ਵਿਚਾਰਧਾਰਾ ਉਹਨਾਂ ਨੂੰ ਇਹ ਸੱਚ ਬੋਲਣ ਤੋਂ ਰੋਕ ਰਹੀ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਦਾ ਅਸਲੀ ਨਾਂ ਨਹੀਂ ਸੀ, ਅਸਲੀ ਨਾਂ 'ਗੁਰੂ ਨਾਨਕ ਜਹਾਜ਼' ਸੀ, ਫਿਰ ਵੀ ਗੁਰੂ ਨਾਨਕ ਜਹਾਜ ਨਾਂ ਕਿਉਂ ਨਹੀਂ ਲਿਆ ਜਾ ਰਿਹਾ ? ਦੱਸਣ ਦੀ ਕਿਰਪਾ ਕਰੋ।

ਆਓ ! ਸ਼ਬਦ 'ਗੁਰੂ ਨਾਨਕ ਜਹਾਜ਼' ਵਰਤਿਆ ਕਰੀਏ। ਦਰਅਸਲ ਗੁਰੂ ਨਾਨਕ ਜਹਾਜ਼ ਸ਼ਬਦ 'ਤੇ ਇਤਰਾਜ਼ ਕਰਨ ਦੀ ਇੱਕ ਖ਼ਾਸ ਸਾਜਸ਼ੀ ਬਿਰਤਾਂਤ ਦੀ ਹੈ, ਜਿਹੜੇ ਹਰ ਗੱਲ ਪ੍ਰਤੀ ਸਿੱਖੀ ਕਰਕੇ, ਨਫਰਤ ਪੈਦਾ ਕਰਦੇ ਹਨ ਤੇ ਜਦੋਂ ਮੌਕਾ ਮਿਲੇ, ਸਿੱਖੀ ਦੀ ਗੱਲਬਾਤ ਕਰਨ ਵਾਲਿਆਂ 'ਤੇ ਬੌਧਿਕ ਕੰਗਾਲੀ ਦਾ ਹਮਲਾ ਕਰਦੇ ਹਨ।

ਆਖ਼ਰੀ ਵਿਚਾਰ ਪਾਠਕਾਂ 'ਤੇ ਛੱਡਦੇ ਹਾਂ ਕਿ ਕੀ 'ਗੁਰੂ ਨਾਨਕ ਜਹਾਜ਼' ਨਾਂਅ ਹੋਣ ਦੇ ਬਾਵਜੂਦ, ਗੁਰੂ ਨਾਨਕ ਜਹਾਜ਼ ਸ਼ਬਦ ਅਤੇ ਬਿਰਤਾਂਤ ਵਰਤਣਾ ਸਹੀ ਹੈ ਜਾਂ ਨਹੀਂ ? ਆਖਰੀ ਫੈਸਲਾ ਆਪ ਨੇ ਹੀ ਕਰਨਾ ਹੈ।

***

## ਔਰਤਾਂ ਲਈ ਰਾਖਵਾਂਕਰਨ

ਭੂਮਿਕਾ ਨਾਂਹ ਦੇ ਬਰਾਬਰ ਹੈ। ਅਸਲ 'ਚ ਭਾਰਤੀ ਸਮਾਜ ਵਿੱਚ ਔਰਤਾਂ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਜ਼ਿੰਮੇਵਾਰੀਆਂ ਦੇ ਕੇ ਘਰਾਂ ਤੱਕ ਸੀਮਤ ਕੀਤਾ ਹੋਇਆ ਹੈ। ਇਥੇ ਹੀ ਔਰਤਾਂ ਨਾਲ ਨਾ-ਬਰਾਬਰੀ ਸ਼ੁਰੂ ਹੁੰਦੀ ਹੈ।ਆਓ ਭਾਰਤ ਦੇ ਪਿਛੋਕੜ ਅਤੇ ਇਸ ਸਮਾਜ ਵਿੱਚ ਔਰਤਾਂ ਦੀ ਸਥਿਤੀ 'ਤੇ ਝਾਤ ਮਾਰੀਏ। ਆਦਮ ਯੁੱਗ ਵਿੱਚ ਔਰਤ ਪ੍ਰਧਾਨ ਸਮਾਜ ਸੀ, ਜਿਸ ਵਿੱਚ ਨਾਰੀ ਦੀ ਦਸ਼ਾ ਸੁਖਾਲੀ ਸੀ। ਵੈਦਿਕ ਯੁੱਗ ਵਿੱਚ ਨਾਰੀ ਨੂੰ ਸਮਾਨਤਾ ਦੇ ਅਧਿਕਾਰ ਸਨ। ਵੈਦਿਕ ਯੁੱਗ ਤੋਂ ਬਾਅਦ ਉੱਤਰ ਵੈਦਿਕ ਯੁੱਗ 'ਚ ਨਾਰੀ ਦੀ ਸਥਿਤੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋਈ। ਬ੍ਰਾਹਮਣਵਾਦ ਦਾ ਜ਼ੋਰ ਵਧਿਆ। ਜਾਤਪਾਤ ਦਾ ਸੰਕਲਪ ਆਇਆ, ਇਸ ਉਪਰੰਤ ਨਾਰੀ ਦੀ ਦਸ਼ਾ ਤਰਸਯੋਗ ਹੋ ਗਈ। ਮਨੂ-ਸਿਮ੍ਰਿਤੀ ਅਨੁਸਾਰ ਨਾਰੀ ਸਭ ਕਸ਼ਟਾਂ ਦਾ ਕਾਰਨ ਹੈ, ਨਾਰੀ ਦਾ ਬਚਪਨ ਪਿਤਾ ਅਧੀਨ, ਜਵਾਨੀ ਪਤੀ ਅਧੀਨ ਅਤੇ ਬੁਢਾਪਾ ਪੁੱਤਰ ਅਧੀਨ ਰਹਿਣਾ ਚਾਹੀਦਾ ਹੈ। ਇਸਤਰੀ ਨੂੰ ਕਿਸੇ ਵੀ ਪੜਾਅ 'ਤੇ ਸੁਤੰਤਰ ਨਹੀਂ ਹੋਣਾ ਚਾਹੀਦਾ।

ਆਜ਼ਾਦੀ ਦੇ ਬਾਅਦ ਇਹ ਸੰਕਲਪ ਟੁੱਟਾ ਹੈ ਪਰ ਹਾਲੇ ਵੀ ਮਰਦ ਪ੍ਰਧਾਨ ਸਮਾਜ 'ਚ ਉਹ ਤਕਲੀਫ਼ਾਂ ਦੁੱਖਾਂ ਦੇ ਪਹਾੜ ਸਿਰ 'ਤੇ ਚੁੱਕੀ ਬੈਠੀ ਹੈ। ਉਸ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਸੁਖਾਵੀਂ ਨਹੀਂ ਹੈ। ਹੇਠਲੀ ਸਮਾਜਿਕ ਸਥਿਤੀ 'ਚ ਔਰਤਾਂ ਘਰਾਂ ਵਿੱਚ ਬੰਨ੍ਹ ਕੇ ਹੀ ਰੱਖੀਆਂ ਹੋਈਆਂ ਹਨ। ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ। ਪੜ੍ਹ ਲਿਖ ਕੇ ਵੀ ਘਰੇਲੂ ਜ਼ੁੰਮੇਵਾਰੀ ਤੱਕ ਸੀਮਤ ਕਰ ਦਿੱਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਦੀ ਸਿਆਸੀ ਖੇਤਰ 'ਚ ਜਾਣ 'ਚ ਵੱਡੀ ਰੁਕਾਵਟ ਹੈ।

ਬਿਨ੍ਹਾਂ ਸ਼ੱਕ ਔਰਤ ਨੂੰ ਮਰਦਾਂ ਬਰੋਬਰ ਹੱਕ ਹਨ। ਪਰ ਇਨ੍ਹਾਂ ਹੱਕਾਂ ਦੇ ਮਿਲਣ ਬਾਅਦ ਵੀ ਉਹਨਾਂ ਨੂੰ ਨਾ ਜ਼ਮੀਨ ਜਾਇਦਾਦ 'ਚ ਬਰਾਬਰ ਦਾ ਹੱਕ ਹੈ ਅਤੇ ਨਾ ਹੀ ਪੜ੍ਹਾਈ ਕਰਨ ਲਈ ਭਰਾਵਾਂ ਬਰਾਬਰ ਹੱਕ।

ਪਰ ਜਿਹੜੇ ਹੱਕ ਔਰਤਾਂ ਨੂੰ ਮਿਲਣੇ ਚਾਹੀਦੇ ਹਨ, ਉਹ ਔਰਤਾਂ ਹੀ ਜਾਣ ਸਕਦੀਆਂ ਹਨ, ਔਰਤਾਂ ਲਈ ਲੋਕ ਸਭਾ, ਵਿਧਾਨ ਸਭਾਵਾਂ 'ਚ ਲਈ ਬਣਾਏ ਕਾਨੂੰਨ ਸਬੰਧੀ ਸਿਆਸੀ ਧਿਰਾਂ ਵੱਲੋਂ ਵੱਖੋ-ਵੱਖਰੇ ਸਵਾਲ ਵੀ ਉਠਾਏ ਜਾ ਰਹੇ ਹਨ ਭਾਵੇਂ ਕਿ ਸਿਆਸੀ ਧਿਰਾਂ ਵੱਲੋਂ ਇਸ ਕਾਨੂੰਨ ਨੂੰ ਵੱਡਾ ਸਮਰਥਨ ਮਿਲਿਆ ਹੈ। ਲੋਕ ਸਭਾ, ਵਿਧਾਨ ਸਭ ਸੀਟਾਂ ਵਿੱਚ ਐਸ.ਸੀ. ਵਰਗ ਲਈ ਰਾਖਵਾਂਕਰਨ ਹੈ ਪਰ ਸਿਆਸੀ ਧਿਰਾਂ ਓ.ਬੀ.ਸੀ. ਲਈ ਰਾਖਵਾਂਕਰਨ ਮੰਗ ਰਹੀਆਂ ਹਨ।

ਬਿਨ੍ਹਾਂ ਸ਼ੱਕ ਇਸ ਨਾਲ ਸਮਾਜ ਦੇ ਹੇਠਲੇ ਵਰਗ ਵਿਚੋਂ ਔਰਤਾਂ ਚੁਣੀਆਂ ਜਾਣਗੀਆਂ। ਪਰ ਜਿਸ ਢੰਗ ਨਾਲ ਦੇਸ਼ ਵਿੱਚ ਨੌਕਰੀਆਂ 'ਚ ਰਾਖਵੇਂਕਰਨ ਕਾਰਨ ਕੁਝ ਉਪਰਲੇ ਚੁਣਿੰਦਾ ਐਸ.ਸੀ. ਐਸ. ਟੀ ਵਰਗ ਦੇ ਲੋਕ ਫਾਇਦਾ ਚੁੱਕ ਲੈਂਦੇ ਹਨ, ਆਮ ਲੋਕਾਂ ਤੱਕ ਰਿਜ਼ਰਵੇਸ਼ਨ ਦੇ ਫਾਇਦੇ ਤੇ ਸਹੂਲਤਾਂ ਪੁੱਜਦੀਆਂ ਹੀ ਨਹੀਂ, ਇਸ ਨਾਲ ਰਿਜ਼ਰਵੇਸ਼ਨ ਵੀ ਇੱਕ ਕਾਲੀਨ ਵਰਗ ਪੈਦਾ ਨਾ ਹੋ ਜਾਏ, ਜੋ ਆਪਣੇ ਹਿੱਤਾਂ ਤੱਕ ਹੀ ਸੀਮਤ ਹੋ ਜਾਏ, ਇਸ ਦਾ ਵੀ ਡਰ ਹੈ।

ਸਵਾਲ ਤਾਂ ਇਹ ਹੈ ਕਿ ਇਹ ਕਾਨੂੰਨ ਲਾਗੂ ਕਦੋਂ ਹੋਏਗਾ ? ਕੀ ਇਹ ਕਾਨੂੰਨੀ ਪੇਚੀਦਗੀਆਂ ਵਿੱਚ ਹੀ ਤਾਂ ਨਹੀਂ ਰੁਲ ਜਾਏਗਾ ? ਕੀ ਇਹ ਚੋਣ ਜੁਮਲਾ ਹੀ ਤਾਂ ਨਹੀਂ ਬਣਨੇ ਰਹਿ ਜਾਏਗਾ ? ਕੀ ਸਰਕਾਰ ਇਸ ਨੂੰ ਲਾਗੂ ਕਰਨ ਲਈ ਸੰਜੀਦਾ ਹੋਏਗੀ ?

ਜਾਂ ਫਿਰ ਕੀ ਇਹ ਊਠ ਦਾ ਬੁੱਲ੍ਹ ਬਣਨੇ ਰਹਿ ਜਾਏਗਾ, ਜਿਸ ਬਾਰੇ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਜਦੋਂ ਊਠ ਜੁਗਾਲੀ ਕਰਦਾ ਹੈ ਤਾਂ ਮੰਨਿਆ ਜਾਂਦਾ ਹੈ ਕਿ ਬੁੱਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ, ਪਰ ਡਿਗਦਾ ਉਹ ਕਦੇ ਵੀ ਨਹੀਂ।

***

## ਤੱਕ ਵੀ ਪਹੁੰਚ ਸਕਦੈ

ਸਿਰਫ਼ ਸਿੱਖਾਂ ਨੂੰ ਇਕੱਠੇ ਹੋਣ ਤੇ ਸਿਆਣੇ ਬਣਨ ਦੀ ਇਤਿਹਾਸਿਕ ਲੋੜ ਹੈ। ਹੁਣ ਦੁਨੀਆਂ ਦੇ ਇਨਸਾਫ ਪਸੰਦ ਲੋਕਾਂ ਨੂੰ ਪਤਾ ਲੱਗੇਗਾ ਕਿ ਸਾਡਾ ਗਜਿੰਦਰ ਸਿੰਘ, ਜੋ ਦਲ ਖਾਲਸਾ ਦਾ ਬਾਨੀ ਹੈ, ਉਹ 42 ਸਾਲਾਂ ਤੋਂ ਜਲਾਵਤਨ ਹੈ। ਸਾਡਾ ਜਗਤਾਰ ਸਿੰਘ ਹਵਾਰਾ ਜੇਲ੍ਹ ਵਿੱਚ ਨਜ਼ਰਬੰਦ ਹੈ ਜਿਸ ਨੂੰ 5 ਲੱਖ ਸਿੱਖਾਂ ਦੀ ਹਾਜ਼ਰੀ ਵਿੱਚ ਹੋਏ ਸਰਬੱਤ ਖਾਲਸਾ ਨੇ ਬਾਹਵਾਂ ਖੜ੍ਹੀਆਂ ਕਰਕੇ ਅਕਾਲ ਤਖਤ ਦਾ ਜਥੇਦਾਰ ਚੁਣਿਆ ਸੀ। ਸਾਡੇ ਆਜ਼ਾਦੀ ਸੰਗਰਾਮੀਏ ਬਲਵੰਤ ਸਿੰਘ ਰਾਜੋਆਣਾ ਉੱਤੇ ਫਾਂਸੀ ਦੀ ਤਲਵਾਰ ਲਟਕ ਰਹੀ ਹੈ। ਸਾਡੇ ਪਰਮਜੀਤ ਸਿੰਘ ਭਿਓਰਾ ਤੇ ਜਗਤਾਰ ਸਿੰਘ ਤਾਰਾ ਜੇਲ੍ਹਾਂ ਵਿੱਚ ਬੰਦ ਹਨ। ਸਾਡੇ ਦਰਜਨਾਂ ਨੌਜਵਾਨ ਸਜ਼ਾਵਾਂ ਪੂਰੀਆਂ ਕਰਕੇ ਵੀ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਅਤੇ ਕੌਮੀ ਇਨਸਾਫ ਮੋਰਚਾ ਪਿਛਲੇ ਅੱਠ ਮਹੀਨਿਆਂ ਤੋਂ ਉਨ੍ਹਾਂ ਦੀ ਆਜ਼ਾਦੀ ਲਈ ਸੰਘਰਸ਼ ਕਰ ਰਿਹਾ ਹੈ। ਵਾਰਸ ਪੰਜਾਬ ਦੇ ਜਥੇਬੰਦੀ ਦਾ ਆਗੂ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਪੰਜਾਬ ਤੋਂ 2 ਹਜ਼ਾਰ ਕਿਲੋਮੀਟਰ ਦੂਰ ਅਸਾਮ ਦੀ ਜੇਲ੍ਹ ਵਿੱਚ ਸੁੱਟੇ ਗਏ ਹਨ।

ਮਨੁੱਖੀ ਅਧਿਕਾਰਾਂ ਦੇ ਮਹਾਨ ਰਾਖੇ ਸਾਡੇ ਜਸਵੰਤ ਸਿੰਘ ਖਾਲੜਾ ਨੂੰ ਕਿਵੇਂ ਇਹਨਾਂ ਨੇ ਕੋਹ ਕੋਹ ਕੇ ਮਾਰਿਆ। ਆਜ਼ਾਦੀ ਦੀ ਲਹਿਰ ਵਿੱਚ ਮਾਰੇ ਗਏ ਹਜ਼ਾਰਾਂ ਸਾਡੇ ਨੌਜਵਾਨਾਂ ਨੂੰ ਇਨਸਾਫ ਦੇਣ ਲਈ ਅਜੇ ਤੱਕ ਕੋਈ ਅੰਤਰਰਾਸ਼ਟਰੀ ਕਮਿਸ਼ਨ ਨਹੀਂ ਬਣਿਆ।

ਨਵੰਬਰ 84 ਵਿੱਚ ਹੋਏ ਭਿਆਨਕ ਸਿੱਖ ਕਤਲੇਆਮ ਦੇ ਦੋਸ਼ੀ ਖੁੱਲ੍ਹੇ ਆਮ ਘੁੰਮ ਰਹੇ ਹਨ ਅਤੇ ਵਿਧਵਾਵਾਂ 40 ਸਾਲਾਂ ਤੋਂ ਇਨਸਾਫ ਲੈਣ ਲਈ ਦਰ ਦਰ ਭਟਕ ਰਹੀਆਂ ਹਨ। ਸਾਡੇ ਕੁਦਰਤੀ ਸਰੋਤ ਸਾਡੇ ਤੋਂ ਖੋਹ ਲਏ ਗਏ ਹਨ, ਸਾਡੇ ਕਲਚਰ, ਸਾਡੀ ਬੋਲੀ ਨੂੰ ਤਬਾਹ ਕਰਨ ਦੀਆਂ ਸੂਖਸ਼ਮ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਾਡੇ ਕੋਲ ਤਾਂ ਆਪਣੀ ਰਾਜਧਾਨੀ ਵੀ ਨਹੀਂ ਹੈ। ਸਾਡੇ ਪੰਜਾਬ ਵਿੱਚ ਹੀ ਸਿੱਖਾਂ ਨੂੰ ਘੱਟ ਗਿਣਤੀ ਵਿੱਚ ਖੜ੍ਹਾ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਹਰ ਰੋਜ਼ ਐਨ.ਆਈ.ਏ. ਦੇ ਛਾਪੇ ਵੱਜਦੇ ਹਨ ਤੇ ਸੈਂਕੜੇ ਨੌਜਵਾਨਾਂ ਨੂੰ ਥਾਣਿਆਂ ਵਿੱਚ ਬੁਲਾ ਕੇ ਖੱਜਲ ਖੁਆਰ ਤੇ ਪਰੇਸ਼ਾਨ ਕੀਤਾ ਜਾਂਦਾ ਹੈ।

ਨਦੀ ਨੇ ਚਾਂਦ ਸੇ ਸਰਗੋਸ਼ੀਓਂ ਮੇਂ ਪੂਛ ਲੀਆ।
ਅਭੀ ਔਰ ਕਿਤਨੀ ਸ਼ਬੇ-ਇੰਤਜ਼ਾਰ ਬਾਕੀ ਹੈ।

***

## ਭਾਈ ਨਿੱਝਰ ਦੇ ਕਤਲ ਦਾ

ਇਕ ਲੱਖ ਕਰੋੜ ਕੈਨੇਡੀਅਨ ਪ੍ਰੋਵੀਡੈਂਟ ਫੰਡ ਦਾ ਨਿਵੇਸ਼ ਭਾਰਤ ਵਿੱਚ ਹੈ।

ਜਿਵੇਂ ਕਿ ਚੇਅਰਮੈਨ ਟੈਕਨੋਕਰਾਫਟ ਸਨਅਤ ਸ੍ਰੀ ਸ਼ਰਦ ਕੁਮਾਰ ਸ਼ਰਾਫ ਦਾ ਕਹਿਣਾ ਹੈ ਕਿ ਆਪਸੀ ਵਪਾਰ ਨਿਰੋਲ ਕਮਰਸ਼ੀਅਲ ਅਧਾਰ 'ਤੇ ਹੁੰਦਾ ਹੈ। ਰਾਜਨੀਤਕ ਖਟਾਸ ਜਾਂ ਹਿਲਜੁਲ ਕਮਵਕਤੀ ਹੁੰਦੀ ਹੈ ਜਿਸਦਾ ਵਪਾਰ, ਨਿਵੇਸ਼ ਤਕਨੀਕੀ ਅਤੇ ਵਿੱਤੀ ਅਦਾਨ-ਪ੍ਰਦਾਨ 'ਤੇ ਕੋਈ ਅਸਰ ਨਹੀਂ ਪੈਂਦਾ ਅਨੁਸਾਰ ਦੋਹਾਂ ਦੇਸ਼ਾਂ ਨੂੰ ਇਸ ਨੂੰ ਚਾਲੂ ਰਖਣਾ ਚਾਹੀਦਾ ਹੈ।

ਸੋ ਹੱਥ ਰੱਸਾ ਸਿਰੇ 'ਤੇ ਗੰਢ - ਭਾਰਤ ਅਤੇ ਕੈਨੇਡਾ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਇਸ ਲਈ ਦੋਹਾਂ ਦੇਸ਼ਾਂ ਦੇ ਰਾਜਨੀਤਕ ਆਗੂਆਂ ਨੂੰ ਭਾਰਤੀ-ਕੈਨੇਡੀਅਨ ਭਾਈਚਾਰਕ ਸਾਂਝ ਅਤੇ ਮਾਨਵੀ ਅਦਾਨ-ਪ੍ਰਦਾਨ ਨੂੰ ਮੁੱਖ ਰੱਖਦੇ ਸਭ ਮਸਲੇ ਮਿਲ ਬੈਠ ਕੇ ਤੁਰੰਤ ਸੁਲਝਾ ਲੈਣੇ ਚਾਹੀਦੇ ਹਨ।

***

## ਵਿੱਦਿਅਕ ਢਾਂਚੇ ਵਿੱਚ

ਕਰਨ ਅਤੇ ਉਹਨਾਂ ਨੂੰ ਸਮਾਜ ਨਾਲ ਜੋੜਨ ਦੀ ਥਾਂ ਘੋਟਾ ਲਾਊ ਪੜ੍ਹਾਈ ਉੱਪਰ ਜ਼ੋਰ ਦਿੰਦੀ ਹੈ। ਇੰਝ ਸਿੱਖਿਆ ਸਰਬਪੱਖੀ ਵਿਕਾਸ ਕਰਨ ਦੀ ਥਾਂ ਬੱਚਿਆਂ ਦੀ ਮਾਨਸਿਕਤਾ ਦਾ ਨਾਸ ਮਾਰਨ ਦਾ ਕੰਮ ਕਰਦੀ ਹੈ।

ਇਸ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਹਰ ਵਿਅਕਤੀ

ਲਈ ਢੁਕਵੇਂ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ ਤਾਂ ਵੰਨ-ਸੁਵੰਨੇ ਕੰਮਾਂ ਵਿਚਲਾ ਆਰਥਿਕ ਸਮਾਜਿਕ ਪਾੜਾ ਵੀ ਖਤਮ ਕੀਤਾ ਜਾਵੇ। ਇਸ ਨਾਲ ਹੀ ਸਿੱਖਿਆ ਸਰਬਪੱਖੀ ਵਿਕਾਸ ਦੇ ਆਪਣੇ ਅਸਲ ਉਦੇਸ਼ ਵੱਲ ਵਧ ਸਕਦੀ ਹੈ। ਅਜਿਹੀ ਸਿੱਖਿਆ ਮੁਕਾਬਲੇਬਾਜ਼ੀ ਦੀ ਥਾਂ ਸਹਿਯੋਗ ਨੂੰ ਤੇ ਘੋਟਾ ਲਾਉਣ ਦੀ ਥਾਂ ਅਲੋਚਨਾਤਮਕ ਚਿੰਤਨ ਨੂੰ ਵਿਕਸਤ ਕਰੇਗੀ। ਅਜਿਹੀ ਸਿੱਖਿਆ ਹੀ ਬੱਚਿਆਂ ਉੱਪਰ ਬੋਝ ਬਣਨ ਦੀ ਥਾਂ ਉਹਨਾਂ ਦੀ ਦਿਲਚਸਪੀ ਦਾ ਕੇਂਦਰ ਬਣ ਸਕਦੀ ਹੈ।

**6) ਸਿੱਖਿਆ ਨੂੰ ਪੈਦਾਵਾਰੀ ਕਿਰਤ ਨਾਲ਼ ਜੋੜਿਆ ਜਾਣਾ ਚਾਹੀਦਾ ਹੈ:** ਅੱਜ ਦੀ ਸਿੱਖਿਆ ਪ੍ਰਣਾਲੀ, ਵਿਦਿਆਰਥੀਆਂ ਵਿੱਚ ਬੌਧਿਕਤਾ ਦਾ ਨਕਲੀ ਹੰਕਾਰ ਭਰਦੀ ਹੈ। ਇਹ ਸਰੀਰਕ ਕਿਰਤ ਪ੍ਰਤੀ ਹੀਣਤਾ ਤੇ ਨਫ਼ਰਤ ਪੈਦਾ ਕਰਦੀ ਹੈ ਤੇ ਆਪਣੇ ਆਲ਼ੇ-ਦੁਆਲ਼ੇ ਦੇ ਸੰਸਾਰ ਨਾਲ਼ੋਂ ਤੋੜਦੀ ਹੈ। ਇੰਝ ਇਹ ਸਰੀਰਕ ਕਿਰਤ ਕਰਨ ਵਾਲ਼ੇ ਨੂੰ ਮਾਨਸਿਕ ਕਿਰਤ ਕਰਨ ਵਾਲ਼ੇ ਤੋਂ ਹੀਣਾ ਦੱਸਦੀ ਹੈ ਸਰੀਰਕ ਕਿਰਤ ਕਰਨ ਵਾਲ਼ਿਆਂ ਪ੍ਰਤੀ ਨਫ਼ਰਤ ਭਰਦੀ ਹੈ। ਕਿਰਤ ਮਨੁੱਖ ਦੇ ਸਮਾਜਿਕ ਜੀਵਨ ਦਾ ਅਧਾਰ ਹੈ ਤੇ ਇਸ ਕਰਕੇ ਕਿਰਤੀ ਲੋਕ ਸਮਾਜ ਦਾ ਧੁਰਾ ਬਣਦੇ ਹਨ। ਵਿਦਿਆਰਥੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰੋਜ਼ਾਨਾ ਜ਼ਿੰਦਗੀ ਨੂੰ ਲੀਹ ਉੱਤੇ ਤੋਰਨ ਲਈ ਜ਼ਰੂਰੀ ਚੀਜ਼ਾਂ ਜਿਵੇਂ ਆਟਾ, ਸਬਜ਼ੀਆਂ, ਫਲ਼, ਦੁੱਧ, ਕੱਪੜੇ ਤੇ ਕਿਤਾਬਾਂ ਆਦਿ ਕਿਵੇਂ ਬਣ ਕੇ ਉਹਨਾਂ ਦੇ ਹੱਥਾਂ ਤੱਕ ਪਹੁੰਚਦੀਆਂ ਹਨ। ਇਹਦੇ ਲਈ ਉਹਨਾਂ ਨੂੰ ਅਜਿਹੀ ਪੈਦਾਵਾਰੀ ਕਿਰਤ ਨਾਲ਼ ਵੀ ਜੋੜਨਾ ਚਾਹੀਦਾ ਹੈ। ਕਿਰਤ ਨਾਲ਼ ਜੁੜ ਕੇ ਉਹਨਾਂ ਦਾ ਚਿੰਤਨ ਵਧੇਰੇ ਠੋਸ ਹੁੰਦਾ ਹੈ, ਸਮਝ ਵਿਸ਼ਾਲ ਹੁੰਦੀ ਹੈ, ਸੰਵੇਦਨਾ ਡੂੰਘੀ ਹੁੰਦੀ ਹੈ ਅਤੇ ਉਹ ਕਿਰਤ ਤੇ ਕਿਰਤੀਆਂ ਦਾ ਮਹੱਤਵ ਪਛਾਣਨਾ ਸਿੱਖਦੇ ਹਨ ਤੇ ਸਮਾਜ ਵਿੱਚ ਉਪਯੋਗੀ ਭੂਮਿਕਾ ਨਿਭਾਉਂਦੇ ਹਨ ਇਹ ਬਦਲਵੇਂ ਵਿੱਦਿਅਕ ਢਾਂਚੇ ਦੀ ਇੱਕ ਸੰਖੇਪ ਰੂਪ-ਰੇਖਾ ਹੈ। ਇਹ ਵਿੱਦਿਅਕ ਢਾਂਚਾ ਕੋਈ ਕਲਪਨਾ ਨਹੀਂ ਹੈ ਸਗੋਂ ਅਜਿਹਾ ਵਿੱਦਿਅਕ ਢਾਂਚਾ ਪੂਰੀ ਤਰ੍ਹਾਂ ਸੰਭਵ ਹੈ। ਜਿਸ ਸਮਾਜਿਕ-ਰਾਜਨੀਤਕ ਪ੍ਰਬੰਧ ਦੇ ਕੇਂਦਰ ਵਿੱਚ ਮੁੱਠੀ ਭਰ ਸਰਮਾਏਦਾਰਾਂ ਦੇ ਹਿੱਤਾਂ ਦੀ ਥਾਂ ਬਹੁਗਿਣਤੀ ਕਿਰਤੀ ਲੋਕ ਹੋਣ ਉਸ ਦਾ ਵਿੱਦਿਅਕ ਢਾਂਚਾ ਅਜਿਹਾ ਹੀ ਹੋਵੇਗਾ। ਸਾਬਕਾ ਸਮਾਜਵਾਦੀ ਮੁਲਕਾਂ ਦਾ ਵਿੱਦਿਅਕ ਢਾਂਚਾ ਅਜਿਹਾ ਹੀ ਰਿਹਾ ਹੈ ਜਿਸ ਨੇ ਨਾ ਸਿਰਫ਼ ਵੱਡੇ ਤੇ ਪਛੜੇ ਮੁਲਕਾਂ ਵਿੱਚ ਅਨਪੜ੍ਹਤਾ ਨੂੰ ਖਤਮ ਕੀਤਾ ਸਗੋਂ ਸਮੁੱਚੀ ਵਸੋਂ ਨੂੰ ਮੁਫ਼ਤ, ਲਾਜ਼ਮੀ ਤੇ ਇਕਸਾਰ ਸਿੱਖਿਆ ਦਾ ਹੱਕ ਵੀ ਦਿੱਤਾ। ਉਸ ਵਿੱਦਿਅਕ ਢਾਂਚੇ ਨੇ ਚੰਗੀਆਂ ਮਨੁੱਖੀ ਕਦਰਾਂ-ਕੀਮਤਾਂ ਵਾਲ਼ੇ ਇਨਸਾਨ ਤਿਆਰ ਕੀਤੇ ਤੇ ਨਾਲ਼ ਹੀ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਕਾਰਨਾਮੇ ਕਰਨ ਵਾਲ਼ੇ ਵਿਗਿਆਨੀ, ਇੰਜੀਨੀਅਰ, ਡਾਕਟਰ, ਕਲਾਕਾਰ ਤੇ ਸਾਹਿਤਕਾਰ ਆਦਿ ਵੀ ਪੈਦਾ ਕੀਤੇ ਹਨ ਮੌਜੂਦਾ ਵਿੱਦਿਅਕ ਢਾਂਚੇ ਦੀਆਂ ਕਮੀਆਂ ਬਾਰੇ ਗੱਲ ਕਰਦਿਆਂ ਸਾਨੂੰ ਅਜਿਹੇ ਬਦਲਵੇਂ ਵਿੱਦਿਅਕ ਢਾਂਚੇ ਦੀ ਸਥਾਪਨਾ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY — RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com